# ਕੈਨੇਡਾ ਦਰਪਣ

ਅਕਤੂਬਰ 24, 1986

**October 24, 1986**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਸਪਤਾਹਿਕ

Second Class Mail Reg. No. 5991

# ਕੈਨੇਡਾ ਦਰਪਣ

The Canada Darpan — Punjabi Weekly Newspaper

Weekending October 24, 1986 Vol. 5 No. 41 — Price 35¢ Out of Greater Vancouver 50¢ Ph. (604)581-4473

**Christopher Trower & Company**
Barristers & Solicitors
■ Personal Injury ■ Corporate
■ Commercial ■ Real Estate
● ਪਰਸਨਲ ਇਨਜਰੀ ● ਕਾਰਪੋਰੇਟ ● ਕਮਰਸ਼ਲ
● ਰੀਅਲ ਇਸਟੇਟ ਲਈ ਯਾਦ ਰੱਖੋ
**Christopher M. Trower**
Barrister & Solicitor
Ph. (604) 683-5781
801 - 409 Granville St. United Kingdom Building, Vancouver, B.C. V6C 1T2

## ਸ਼ਹੀਦ ਦਰਸ਼ਨ ਸਿੰਘ ਕੈਨੇਡੀਅਨ ਨੂੰ ਸ਼ਰਧਾਂਜਲੀ ਦੇਣ ਲਈ ਵੈਨਕੂਵਰ ਦੇ

# ਯੂਨੀਅਨ ਹਾਲ ਵਿਚ ਵਿਸ਼ਾਲ ਸਮਾਗਮ

ਵੈਨਕੂਵਰ — ਐਤਵਾਰ 12 ਅਕਤੂਬਰ ਨੂੰ ਡੇਢ ਵਜੇ ਬਾਅਦ ਦੁਪਹਿਰ ਪ੍ਰਸਿੱਧ ਦੇਸ਼ ਭਗਤ ਦਰਸ਼ਨ ਸਿੰਘ ਕੈਨੇਡੀਅਨ ਲਈ ਬੀ. ਸੀ. ਦੀਆਂ ਸੰਸਥਾਵਾਂ ਅਤੇ ਯੂਨੀਅਨਾਂ ਵਲੋਂ ਇਕ ਸ਼ੋਕ ਸਮਾਗਮ ਕੀਤਾ ਗਿਆ ਜਿਸ ਵਿਚ 300 ਵਿਅਕਤੀ ਸ਼ਾਮਲ ਹੋਏ। ਦਰਸ਼ਨ ਸਿੰਘ ਕੈਨੇਡੀਅਨ 25 ਸਤੰਬਰ ਨੂੰ ਆਪਣੇ ਪਿੰਡ ਲੰਗੇਰੀ ਦੇ ਨੇੜੇ ਦਹਿਸ਼ਤਪਸੰਦਾਂ ਵਲੋਂ ਸ਼ਹੀਦ ਕਰ ਦਿਤੇ ਗਏ ਸਨ।

### 'ਮਜ਼ਦੂਰਾਂ ਦਾ ਨੁਮਾਇੰਦਾ' — ਕਲੇਅ ਪੈਰੀ

ਆਈ. ਡਬਲਯੂ. ਏ. ਦੇ ਰੀਜਨਲ ਡਾਇਰੈਕਟਰ ਕਲੇਅ ਪੈਰੀ ਨੇ ਕਿਹਾ ਕਿ ਕੈਨੇਡਾ ਦੇ ਯੂਨੀਅਨਾਂ ਦੇ ਇਤਿਹਾਸ ਵਿਚ ਦਰਸ਼ਨ ਸਿੰਘ ਕੈਨੇਡੀਅਨ ਦਾ ਰੋਲ ਹਮੇਸ਼ਾਂ ਸੁਨਹਿਰੀ ਅੱਖਰਾਂ ਵਿਚ ਲਿਖਿਆ ਮਿਲੇਗਾ ਕਿਉਂਕਿ ਗਿਆਰਾਂ ਸਾਲ (1937 ਤੋਂ 1948) ਤੱਕ ਉਨ੍ਹਾਂ ਲੱਕੜੀ ਮਿੱਲਾਂ ਵਿਚ ਕੰਮ ਕਰਨ ਵਾਲਿਆਂ ਨੂੰ ਸੰਗਠਤ ਕੀਤਾ। ਮਿ: ਪੈਰੀ ਨੇ ਕਿਹਾ ਕਿ ਦਰਸ਼ਨ ਸਿੰਘ ਕੈਨੇਡੀਅਨ ਮਜ਼ਦੂਰ ਜਮਾਤ ਦਾ ਨੁਮਾਇੰਦਾ ਸੀ ਅਤੇ ਉਸ ਦਾ ਸਾਰਾ ਜੀਵਨ ਮਜ਼ਦੂਰਾਂ ਲਈ ਘੋਲ ਕਰਦਿਆਂ ਬੀਤਿਆ।

### 'ਫਿਰਕੂ ਜਨੂੰਨ ਦਾ ਵਿਰੋਧੀ' — ਹੈਰੀ ਰੈਂਕਿਨ

ਵੈਨਕੂਵਰ ਦੇ ਐਲਡਰਮੈਨ ਅਤੇ ਮੇਅਰ ਦੀ ਚੋਣ ਲਈ ਉਮੀਦਵਾਰ ਹੈਰੀ ਰੈਂਕਿਨ ਨੇ ਕਿਹਾ ਕਿ ਦਰਸ਼ਨ ਸਿੰਘ ਕੈਨੇਡੀਅਨ ਫਿਰਕੂ ਜਨੂੰਨ ਦਾ ਵਿਰੋਧ ਕਰਦਿਆਂ ਸ਼ਹੀਦ ਹੋਇਆ ਅਤੇ ਉਸਦੀ ਯਾਦ ਨੂੰ ਕਾਇਮ ਰੱਖਣ ਲਈ ਜਨੂੰਨੀਆਂ ਵਿਰੁਧ ਲੜਨਾ ਹੀ ਉਸ ਨੂੰ ਅਸਲੀ ਸ਼ਰਧਾਂਜਲੀ ਹੈ। ਉਨ੍ਹਾਂ ਕਿਹਾ ਜਿਹੜੇ ਅਸੂਲਾਂ ਲਈ ਕੈਨੇਡੀਅਨ ਨੇ ਸ਼ਹੀਦੀ ਪ੍ਰਾਪਤ ਕੀਤੀ ਉਨ੍ਹਾਂ ਅਸੂਲਾਂ ਲਈ ਲੜਨਾ ਜ਼ਰੂਰੀ ਹੈ। ਮਿ: ਰੈਂਕਿਨ ਨੇ ਕਿਹਾ ਜਿਸ ਸਮਾਜ ਵਿਚ ਬੋਲਣ ਅਤੇ ਲਿਖਣ ਦੀ ਆਜ਼ਾਦੀ ਕੁਚਲੀ ਜਾਂਦੀ ਹੋਵੇ ਉਸ ਸਮਾਜ ਦੀਆਂ ਕੀਮਤਾਂ ਨੂੰ ਬਦਲਣਾ ਜ਼ਰੂਰੀ ਹੈ।

### ਸੀ. ਆਈ. ਏ. ਜ਼ਿਮੇਂਵਾਰ

ਕਮਿਊਨਿਸਟ ਪਾਰਟੀ ਆਫ਼ ਕੈਨੇਡਾ ਦੇ ਪ੍ਰਧਾਨ ਮੌਰਸ ਰਸ਼ ਨੇ ਕਿਹਾ ਕਿ ਸੀ. ਆਈ. ਏ. ਵਰਗੀਆਂ ਖੁਫ਼ੀਆ ਏਜੰਸੀਆਂ ਪਾਕਿਸਤਾਨ ਰਾਹੀਂ ਹਥਿਆਰ ਮੁਹੱਈਆ ਕਰਕੇ ਜਨੂੰਨੀਆਂ ਰਾਹੀਂ ਦੂਜੇ ਦੇਸ਼ਾਂ ਦੇ ਟੋਟੇ ਕਰਨਾ ਚਾਹੁੰਦੀਆਂ ਹਨ — ਇਸ ਲਈ ਅਮਰੀਕੀ ਗੋਲੀਆਂ 'ਕੈਨੇਡੀਅਨ' ਵਰਗੇ ਦੇਸ਼-ਭਗਤਾਂ ਨੂੰ ਖਾਣੀਆਂ ਪੈ ਰਹੀਆਂ ਹਨ। ਉਨ੍ਹਾਂ ਕਿਹਾ ਕੈਨੇਡਾ ਦੀ ਧਰਤੀ ਉਤੇ ਵੀ ਦਹਿਸ਼ਤਗਰਦ ਪਲ ਰਹੇ ਹਨ ਅਤੇ ਕੈਨੇਡਾ ਸਰਕਾਰ ਹੁਣ ਤੱਕ ਸੁਤੀ ਰਹੀ ਹੈ। ਉਨ੍ਹਾਂ ਕਿਹਾ ਕਿ ਉਹ 'ਕੈਨੇਡੀਅਨ' ਦਾ ਬੇਹੱਦ ਸਤਿਕਾਰ ਕਰਦੇ ਸਨ।

ਬਾਕੀ ਪੰਨਾ 2 'ਤੇ

**ਸ਼ਹੀਦ ਕੈਨੇਡੀਅਨ ਦਾ ਸ਼ਰਧਾਂਜਲੀ ਸਮਾਗਮ**



## ਕਾ: ਸਤਪਾਲ ਡਾਂਗ ਨੂੰ ਕਤਲ ਕਰਨ ਦੀ ਸਾਜ਼ਿਸ਼

ਅੰਮ੍ਰਿਤਸਰ — 11 ਅਕਤੂਬਰ ਨੂੰ ਪੁਲੀਸ ਨੇ ਕਾਮਰੇਡ ਸਤਪਾਲ ਡਾਂਗ ਨੂੰ ਕਤਲ ਕਰਨ ਦੀ ਸਾਜ਼ਿਸ਼ ਦੀ ਸੂਚਨਾ ਪੁਲਸ ਨੂੰ ਮਿਲਣ ਉਤੇ ਤਿੰਨ ਦਹਿਸ਼ਤਪਸੰਦ ਪਹਿਲਾਂ ਹੀ ਗ੍ਰਿਫਤਾਰ ਕਰ ਲਏ ਗਏ।

ਕਾ: ਸਤਪਾਲ ਡਾਂਗ ਸਾਬਕਾ ਵਿਧਾਇਕ ਅਤੇ ਯੂਨਾਈਟਿਡ ਫਰੰਟ ਵਜ਼ਾਰਤ ਸਮੇਂ ਖੁਰਾਕ ਤੇ ਸਪਲਾਈ ਮੰਤਰੀ ਸਨ। ਉਹ ਛੇਹਰਟੇ ਦੇ ਹਲਕੇ ਵਿਚ ਹਰਮਨ ਪਿਆਰੇ ਆਗੂ ਮੰਨੇ ਜਾਦੇ ਹਨ। ਦਹਿਸ਼ਤਪਸੰਦਾਂ ਦਾ ਨਜ਼ਲਾ ਅੱਜ ਕੱਲ੍ਹ ਕਮਿਊਨਿਸਟ ਆਗੂਆਂ ਉਤੇ ਝੜ ਰਿਹਾ ਹੈ ਜਦ ਕਿ ਇਹ ਅਖੌਤੀ ਲੜਾਈ ਕੇਂਦਰ ਸਰਕਾਰ ਵਿਰੁਧ ਲੜੀ ਜਾ ਰਹੀ ਕਹੀ ਜਾਂਦੀ ਹੈ।

### ਦੁਸਹਿਰਾ ਸੁਖ ਸਾਂਦ ਨਾਲ ਲੰਘਿਆ

ਚੰਡੀਗੜ੍ਹ — ਪੰਜਾਬ ਦੇ ਵੱਖ ਵੱਖ ਸ਼ਹਿਰਾਂ ਵਿਚ ਦੁਸਹਿਰੇ ਦਾ ਤਿਉਹਾਰ ਮਨਾਏ ਜਾਣ ਦੀਆਂ ਖਬਰਾਂ ਮਿਲੀਆਂ ਹਨ। 12 ਅਕਤੂਬਰ ਨੂੰ ਦੁਸਹਿਰਾ ਮਨਾਏ ਜਾਣ ਸਮੇਂ ਪੰਜਾਬ ਵਿਚ ਕਿਤੇ ਵੀ ਮਾੜੀ ਘਟਨਾ ਹੋਣ ਦੀ ਖਬਰ ਨਹੀਂ ਮਿਲੀ।

ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੇ ਟੀ. ਵੀ. ਉਤੇ ਸੰਦੇਸ਼ ਵਿਚ ਕਿਹਾ ਕਿ ਦੁਸਹਿਰਾ ਬੁਰਾਈ ਉਤੇ ਚੰਗਿਆਈ ਦਾ ਜਿੱਤ ਦਾ ਸੂਚਕ ਹੈ।

ਡੈਲਟਾ-ਸਰੀ ਨਿਵਾਸੀਆਂ ਨੂੰ ਹੁਣ ਹੋਰ ਥਾਂ ਜਾਣ ਦੀ ਲੋੜ ਨਹੀਂ — ਸਿੱਧੇ ਸਕਾਟ ਰੋਡ ਉਤੇ ਚਲੇ ਆਓ

ਆਪਣੀ ਮਰਜ਼ੀ ਦੇ ਗਹਿਣੇ ਬਣਵਾਓ — 40 ਸਾਲ ਦਾ ਤਜਰਬਾ

ਸਾਡੇ ਕੋਲ ਚਾਂਦੀ ਦੇ ਗਹਿਣੇ ਸਪੈਸ਼ਲ ਤੇ ਵੱਖਰੇ ਵੱਖਰੇ ਡੀਜ਼ਾਈਨਾਂ ਵਿਚ ਹਨ - ਆਓ ਤੇ ਆ ਕੇ ਦੇਖੋ

ਫਗਵਾੜੇ ਵਾਲਿਆਂ ਦੀ ਦੁਕਾਨ

PH. 588-5808

ਏ. ਸੀ. ਜਿਊਲਰਜ਼.



9373 - 120 St. Delta, B.C.

ਪੰਨਾ 1 ਦੀ ਬਾਕੀ

## 'ਕਮਿਊਨਿਟੀ ਕਾਮਿਆਂ ਦਾ ਮੋਢੀ'

ਇਪਾਨਾ ਦੇ ਪ੍ਰਧਾਨ ਚਿੰਨ ਬੈਨਰਜੀ ਨੇ ਕਿਹਾ, "ਕੈਨੇਡਾ ਵਿਚ ਜਿਥੇ ਸ਼ਰੇਆਮ ਨਸਲੀ ਵਿਤਕਰਾ ਹੁੰਦਾ ਸੀ, ਸਾਡੀ ਕਮਿਊਨਿਟੀ ਨੂੰ ਮੁਢਲੇ ਜਮਹੂਰੀ ਹੱਕ ਵੀ ਪ੍ਰਾਪਤ ਨਹੀਂ ਸਨ, ਦਰਸ਼ਨ ਸਿੰਘ ਕੈਨੇਡੀਅਨ ਨੇ ਬੀ. ਸੀ. ਦੀਆਂ ਲੱਕੜੀ ਮਿਲਾਂ ਦੇ ਕਾਮਿਆਂ ਦੇ ਹੱਕਾਂ ਲਈ ਔਈ. ਡਬਲਯੂ. ਏ. ਅਤੇ ਕੈਨੇਡਾ ਦੀ ਕਮਿਊਨਿਸਟ ਪਾਰਟੀ ਵਿਚ ਕੰਮ ਕੀਤਾ। ਸਾਡੀ ਕਮਿਊਨਿਟੀ ਕਾਮਿਆਂ ਦੇ ਇਸ ਮੋਢੀ ਨੂੰ ਸਿਰ ਝੁਕਾਉਂਦੀ ਹੈ।" ਚਿੰਨ ਬੈਨਰਜੀ ਨੇ ਕਿਹਾ ਕਿ 'ਕੈਨੇਡੀਅਨ' ਨੇ 'ਸਾਲਾਂ ਬੱਧੀ ਲੋਕ ਸੇਵਾ ਕੀਤੀ।' ਉਸਨੇ ਹਮੇਸ਼ਾਂ ਹਾਕਮ ਜਮਾਤਾਂ ਵਲੋਂ ਲੋਕ ਘੋਲਾਂ ਨੂੰ ਹਰਾਉਣ ਲਈ ਵਰਤੇ ਜਾਂਦੀ ਫਿਰਕਾਪ੍ਰਸਤੀ ਅਤੇਂ ਵੱਖਵਾਦ ਦੇ ਕੋਝੇ ਹਥਿਆਰਾਂ ਦੀ ਡਟ ਕੇ ਵਿਰੋਧਤਾ ਕੀਤੀ।

ਚਿੰਨ ਬੈਨਰਜੀ ਨੇ ਕਿਹਾ ਕਿ 'ਸਾਨੂੰ ਸੁਖਰਾਜ ਖੱਦਰ, ਰਤਨ ਸਿੰਘ ਪਟਵਾਰੀ, ਸੁਮੀਤ, ਅਰਜਨ ਸਿੰਘ ਮਸਤਾਨਾ, ਸਰਬਜੀਤ, ਅਜੀਤ ਰਾਮ ਅਤੇ ਸਵਰਨ ਸਿੰਘ ਨਾਗੋਕੇ ਨੂੰ ਵੀ ਯਾਦ ਰਖਣਾ ਚਾਹੀਦਾ ਹੈ ਜਿਨ੍ਹਾਂ ਬਹਾਦਰੀ ਨਾਲ ਫਿਰਕੂ ਜਨੂੰਨੀਆਂ ਦਾ ਡਟ ਕੇ ਵਿਰੋਧ ਕੀਤਾ।

## ਲੋਕ-ਪੱਖੀ ਨਾਇਕ

ਇੰਡੋ-ਕੈਨੇਡੀਅਨ ਫਰੈਂਡਸ਼ਿਪ ਸੁਸਾਇਟੀ ਦੇ ਬੁਲਾਰੇ ਸੋਹਣ ਸੁਰਿੰਦਰ ਸੰਘਾ ਨੇ 'ਕੈਨੇਡੀਅਨ' ਦੀ ਆਮ ਲੋਕਾਂ ਬਾਰੇ ਕੀਤੇ ਕੰਮਾਂ ਦੀ ਸਰਾਹਣਾ ਕਰਦਿਆਂ ਕਿਹਾ ਕਿ ਕੈਨੇਡੀਅਨ ਲੋਕ-ਪੱਖੀ ਨੇਤਾ ਸਨ। ਸਾਰੀ ਉਮਰ ਸਾਈਕਲ ਚਲਾਉਂਦਿਆਂ ਉਹ ਆਮ ਲੋਕਾਂ ਦੇ ਕੰਮ ਆਉਂਦੇ ਰਹੇ।

## ਈਸਟ ਇੰਡੀਅਨ ਵਰਕਰਜ਼ ਐਸੋ: ਦਾ ਬੁਲਾਰਾ

ਈਸਟ ਇੰਡੀਅਨ ਵਰਕਰਜ਼ ਐਸੋ: ਵਲੋਂ ਬੋਲਦਿਆਂ ਗੁਰਨਾਮ ਸਿੰਘ ਸੰਘੇੜਾ ਨੇ ਕਿਹਾ ਦਰਸ਼ਨ ਸਿੰਘ ਕੈਨੇਡੀਅਨ ਨੇ ਫਿਰਕੂ ਇਕਸੁਰਤਾ ਲਿਆਉਣ ਲਈ ਅਹਿਮ ਰੋਲ ਕੀਤਾ।

## ਸ਼੍ਰੋਮਣੀ ਸਿੱਖ ਸੇਵਕ ਦਲ ਦਾ ਬੁਲਾਰਾ

ਸ਼੍ਰੋਮਣੀ ਸਿੱਖ ਸੇਵਕ ਦਲ ਦੇ ਬੁਲਾਰੇ ਸ: ਜਰਨੈਲ ਸਿੰਘ ਭੰਡਾਲ ਨੇ ਕਿਹਾ ਕਿ ਕੈਨੇਡੀਅਨ ਅਜਿਹੇ ਨੇਤਾ ਸਨ ਜਿਨ੍ਹਾਂ ਕੈਨੇਡਾ ਵਿਚ ਰਹਿੰਦਿਆਂ ਕੈਨੇਡੀਅਨ ਮਸਲਿਆਂ ਨਾਲ ਨਜਿਠਿਆ ਅਤੇ ਭਾਰਤ ਜਾ ਕੇ ਭਾਰਤ ਦੇ ਲੋਕਾਂ ਅਤੇ ਮਜ਼ਦੂਰਾਂ ਦੀ ਬਿਹਤਰੀ ਲਈ ਘੋਲ ਕੀਤਾ। ਉਨ੍ਹਾਂ ਕਿਹਾ ਕਿ ਭਾਰਤ ਦੇ ਮਸਲੇ ਕੈਨੇਡਾ ਵਿਚ ਲਿਆਕੇ ਨਹੀਂ ਨਜਿਠੇ ਜਾ ਸਕਦੇ।

## 'ਕੈਨੇਡੀਅਨ' ਹਰਮਨ ਪਿਆਰੇ ਸਨ — ਦੁਸਾਂਝ

ਕੈਨੇਡੀਅਨ ਫਾਰ ਫਰੀ ਸਪੀਚ ਦੇ ਬੁਲਾਰੇ ਸ੍ਰੀ ਉਜੱਲ ਦੁਸਾਂਝ ਨੇ ਕਿਹਾ ਕਿ ਕੈਨੇਡੀਅਨ ਨੂੰ ਉਹ ਉਸ ਸਮੇਂ ਤੋਂ ਜਾਣਦੇ ਹਨ ਜਦ ਕੈਨੇਡੀਅਨ ਜਲੰਧਰ ਜ਼ਿਲੇ ਵਿਚ ਸਕੱਤਰ ਹੁੰਦੇ ਸਨ। ਉਨ੍ਹਾਂ ਕਿਹਾ ਕਿ ਇਹ ਬਦਕਿਸਮਤੀ ਵਾਲੀ ਗੱਲ ਹੈ ਕਿ ਅਜਿਹੇ ਈਮਾਨਦਾਰ ਅਤੇ ਲੋਕਾਂ ਲਈ ਲੜਨ ਵਾਲੇ ਯੋਧੇ ਦਾ ਫਿਰਕੂ ਜਨੂੰਨੀਆਂ ਵਲੋਂ ਕਤਲ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪੰਜਾਬ ਇਸ ਸਮੇਂ ਸੀ. ਆਈ. ਏ. ਦੇ ਜਬਾੜ੍ਹਿਆਂ ਵਿਚ ਆ ਚੁਕਿਆ ਹੈ।

## ਬੀਬੀ ਵੀਰਾਂ ਦੀ ਲਲਕਾਰ

ਸੀ. ਪੀ. ਆਈ. ਦੀ ਪੁਰਾਣੀ ਵਰਕਰ ਅਤੇ ਜਨੂੰਨੀਆਂ ਹੱਥੋਂ ਕਤਲ ਹੋਏ ਸਾਬਕਾ ਵਿਧਾਇਕ ਤੇ ਨਿਧੜਕ ਆਗੂ ਅਰਜਨ ਸਿੰਘ ਮਸਤਾਨਾ ਦੀ ਭੈਣ ਬੀਬੀ ਵੀਰਾਂ ਨੇ ਆਪਣੇ ਧੜੱਲੇਦਾਰ ਭਾਸ਼ਨ ਵਿਚ ਕਿਹਾ ਕਿ ਪੰਜਾਬ ਵਿਚ ਅਕਾਲੀ ਅਤੇ ਕਾਂਗਰਸੀ ਕੁਰਸੀਆਂ ਦੇ ਯੁੱਧ ਵਿਚ ਲੱਗੇ ਹੋਏ ਹਨ ਪਰ ਇਹ ਸੀ. ਪੀ. ਆਈ. ਵਰਗੀਆਂ ਪਾਰਟੀਆਂ ਹੀ ਹਨ ਜੋ ਜਨੂੰਨੀਆਂ ਵਿਰੁੱਧ ਅਹਿਮ ਲੜਾਈ ਲੋਕਾਂ ਵਿਚ ਰਹਿਕੇ ਲੜਦੀਆਂ ਹਨ। ਉਨ੍ਹਾਂ ਦਰਸ਼ਨ ਸਿੰਘ ਕੈਨੇਡੀਅਨ ਨਾਲ ਤੀਹ ਵਰ੍ਹੇ ਕੰਮ ਕੀਤਾ। ਉਨ੍ਹਾਂ ਕਿਹਾ ਕਿ ਦਰਸ਼ਨ ਸਿੰਘ ਕੈਨੇਡੀਅਨ, ਅਰਜਨ ਸਿੰਘ ਮਸਤਾਨਾ, ਸੁਮੀਤ ਅਤੇ ਬਲਦੇਵ ਸਿੰਘ ਮਾਨ ਵਰਗੇ ਬਹਾਦਰ ਲੋਕਾਂ ਦੀਆਂ ਕੁਰਬਾਨੀਆਂ ਅੰਞਾਈ ਨਹੀਂ ਜਾਣਗੀਆਂ।

ਮੀਟਿੰਗ ਦੀ ਪ੍ਰਧਾਨਗੀ ਦਰਸ਼ਨ ਸਿੰਘ ਕੈਨੇਡੀਅਨ ਦੇ ਪੁਰਾਣੇ ਸਾਥੀ ਅਮੀਲ ਬੈਗਰਜ਼ਾਨ ਨੇ ਕੀਤੀ ਜੋ 1937 ਵਿਚ ਯੂ. ਬੀ. ਸੀ. ਵਿਚ ਉਨ੍ਹਾਂ ਦੇ ਜਮਾਤੀ ਰਹੇ ਸਨ।



ਮਿ: ਹੈਰੀ ਰੈਂਕਿਨ



ਮਿ: ਮੌਰਸ ਰਸ਼



ਮਿ: ਕਲੇਅ ਪੈਰੀ



ਬੀਬੀ ਵੀਰਾਂ

ਮੀਟਿੰਗ ਦਾ ਆਰੰਭ ਟੌਮ ਹਾਕਿਨ ਵਲੋਂ ਪੇਸ਼ ਕੀਤੇ ਮਜ਼ਦੂਰਾਂ ਦੇ ਗੀਤ ਨਾਲ ਕੀਤਾ ਗਿਆ ਅਤੇ ਅੰਤ ਵਿਚ ਇਹ ਮਤਾ ਸਰਬਸੰਮਤੀ ਨਾਲ ਪਾਸ ਕੀਤਾ ਗਿਆ।

### ਮਤਾ

"ਜਦਕਿ ਦਰਸ਼ਨ ਸਿੰਘ ਕੈਨੇਡੀਅਨ ਅੰਤਰਰਾਸ਼ਟਰੀ ਮਜ਼ਦੂਰ ਜਮਾਤ ਦਾ ਨੁਮਾਇੰਦਾ ਸੀ, ਜਿਸਨੇ ਕਨੇਡਾ, ਅਤੇ ਪੰਜਾਬ (ਇੰਡੀਆ) ਵਿਚ ਕਾਮਿਆਂ

ਬਾਕੀ ਪੰਨਾ 3 ਉਤੇ

AUTOMOTIVE 8670 - 120th St. (Scott Road) Surrey

OLYMPIA
AUTO-BODY
590-2363
Complete Body Work & Painting for All Makes
Windshield - Replacement Window - Regulator - Door Lock & Rust Repairs
I.C.B.C. Claims handled
30% to 50% OFF Deductible
FREE ESTIMATES
FREE ESTIMATES
FREE COURTESY CARS
OVER 10 YEARS EXPERIENCE

RADIATORS
■ NEW ■ USED
■ RECORE ■ REPAIRS
REVERSE FLUSH SPECIAL $4.95
(Most Cars) with this Ad.
"We Buy & Sell Used Radiators"
ਅਸੀਂ ਪੁਰਾਣੇ ਅਤੇ ਨਵੇਂ ਰੈਡੀਏਟਰਜ਼ ਖ਼੍ਰੀਦਦੇ ਅਤੇ ਵੇਚਦੇ ਹਾਂ
594-2231
R.J. RADIATIORS Ltd.
8670 - 120th St.(Scott Rd.) Surrey, B.C.

G & A'S
CAR CLINIC
Domestic & Import Auto Repairs
FREE
Brake & Safety Check
Oil • Filter • Lube
$14.95
TUNE-UP
$35.00 Plus Parts
Complete Auto Repairs
Ask for Gian 590-5554

(ਪੰਨਾ 2 ਦੀ ਬਾਕੀ)

ਅਤੇ ਅਗਾਂਹਵਧੂ ਲਹਿਰਾਂ ਵਿਚ ਵਧ ਚੜ੍ਹਕੇ ਹਿਸਾ ਪਾਇਆ ਅਤੇ

ਜਦਕਿ ਕਨੇਡੀਅਨ ਦਾ ਕਤਲ ਪੰਜਾਬ ਵਿਚ ਪਿਛਾਂਹਖਿਚੂ ਅਤਿਵਾਦੀਆਂ ਨੇ ਕੀਤਾ, ਕਿਉਂਕਿ ਉਸਨੇ ਫਿਰਕਾਪ੍ਰਸਤੀ ਅਤੇ ਵੱਖਵਾਦ ਦਾ ਪੰਜਾਬ ਵਿਚ ਵਿਰੋਧ ਕੀਤਾ,

ਜਦ ਕਿ ਕੈਨੇਡੀਅਨ ਉਹਨਾਂ ਬਹੁਤ ਸਾਰੇ ਅਗਾਂਹਵਧੂ ਦੇਸ਼ ਭਗਤਾਂ ਵਿਚੋਂ ਇਕ ਹੈ, ਜਿਹੜੇ ਕਿ ਅਤਿਵਾਦ ਦਾ ਸ਼ਿਕਾਰ ਹੋਏ,

ਇਸ ਲਈ ਅਜ ਦੀ ਇਸ ਮੀਟਿੰਗ ਵਿਚ ਇਹ ਮਤਾ ਪਾਸ ਕਰਕੇ ਦਰਸ਼ਨ ਸਿੰਘ ਕਨੇਡੀਅਨ ਅਤੇ ਅਨੇਕਾਂ ਹੋਰ ਸਾਥੀਆਂ ਦੇ ਕਤਲ ਅਤੇ ਸਿਆਸੀ ਅਤਿਵਾਦ ਦੀ ਨਿਖੇਧੀ ਕੀਤੀ ਜਾਵੇ, ਅਤੇ ਇਹ ਵੀ ਮਤਾ ਪਾਸ ਕੀਤਾ ਜਾਵੇ ਕਿ ਅਸੀਂ ਭਾਰਤੀ ਅਤੇ ਕਨੇਡੀਅਨ ਸਰਕਾਰਾਂ ਤੋਂ ਮੰਗ ਕਰਦੇ ਹਾਂ ਕਿ ਸਖਤ ਕਦਮ ਚੁਕਕੇ ਇਸ ਜ਼ੁਲਮ ਦੇ ਜ਼ਿੰਮੇਂਵਾਰ ਵਿਅਕਤੀਆਂ ਨੂੰ ਸਖਤੀ ਨਾਲ ਰੋਕਿਆ ਜਾਵੇ, ਅਤੇ ਕੈਨੇਡਾ ਦੀ ਧਰਤੀ ਨੂੰ ਅਤਿਵਾਦੀ ਦਾ ਅੱਡਾ ਬਨਣ ਤੋਂ ਰੋਕਿਆ ਜਾਵੇ, ਅਤੇ

ਅਖੀਰ ਵਿਚ ਇਹ ਮਤਾ ਪਾਸ ਕਰਕੇ ਅਸੀਂ ਦਰਸ਼ਨ ਸਿੰਘ ਕਨੇਡੀਅਨ ਅਤੇ ਉਸਦੇ ਅੰਤਰਰਾਸ਼ਟਰੀ ਮਜ਼ਦੂਰ ਲਹਿਰ ਦੇ ਨਿਸ਼ਾਨਿਆਂ ਨੂੰ ਸ਼ਰਧਾਂਜਲੀ ਭੇਟ ਕਰੀਏ। ਇਸ ਬਹਾਦਰ ਕਨੇਡੀਅਨ ਤੇ ਭਾਰਤੀ ਮਜ਼ਦੂਰ ਨੇਤਾ ਨੂੰ ਜਿਸਨੇ ਕਨੇਡਾ ਅਤੇ ਭਾਰਤੀ ਕਾਮਿਆਂ ਦੀ ਏਕਤਾ ਅਤੇ ਮਿਤਰਤਾ ਨੂੰ ਮਜ਼ਬੂਤ ਕੀਤਾ

# ਸਾਥੀ ਕੈਨੇਡੀਅਨ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ

ਰਿਚਮੰਡ — ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ ਨੂੰ ਸ਼ਰਧਾਂਜਲੀ ਦੇਣ ਲਈ ਇਥੇ ਇਕ ਸਮਾਗਮ ਕੀਤਾ ਗਿਆ ਜਿਸ ਵਿਚ ਕਮਿਊਨਿਸਟ ਪਾਰਟੀ ਆਫ ਕੈਨੇਡਾ ਦੇ ਪ੍ਰਧਾਨ ਮੌਰਸ ਰਸ਼, ਮੇਅਰ ਲਈ ਉਮੀਦਵਾਰ ਹੈਰੀ ਰੈਂਕਿਨ ਅਤੇ ਉਨ੍ਹਾਂ ਦੀ ਪਤਨੀ ਸ਼ਾਮਲ ਹੋਏ। ਮੌਰਸ ਰਸ਼ ਅਤੇ ਹੈਰੀ ਰੈਂਕਿਨ ਨੇ ਸਾਥੀ ਕੈਨੇਡੀਅਨ ਨਾਲ ਆਪਣੇ ਬਿਤਾਏ ਸਮਿਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਅਜਿਹੇ ਨੇਕ-ਦਿਲ ਇਨਸਾਨ ਦਾ ਕਤਲ ਕਰਨਾ, ਇਨਸਾਨੀਅਤ ਦਾ ਕਤਲ ਕਰਨ ਬਰਾਬਰ ਹੈ। ਮਿਸਿਜ਼ ਰੈਂਕਿਨ ਨੇ ਪਿਛਲੇ ਵਰ੍ਹੇ ਸਾਥੀ ਕੈਨੇਡੀਅਨ ਨਾਲ ਬਿਤਾਏ ਸਮੇਂ ਦਾ ਜ਼ਿਕਰ ਕੀਤਾ ਤੇ ਕਿਹਾ ਕਿ ਦਰਸ਼ਨ ਸਿੰਘ ਕੈਨੇਡੀਅਨ ਅਭੁੱਲ ਇਨਸਾਨ ਹਨ।

ਸ਼ਰਧਾਂਜਲੀ ਸਮਾਗਮ ਸਮੇਂ ਡਾ: ਗੁਰਦੇਵ ਸਿੰਘ ਗਿੱਲ, ਸੋਹਣ ਸੁਰਿੰਦਰ ਸਿੰਘ ਸੰਘਾ ਅਤੇ ਦਿਲਬਾਗ ਸਿੰਘ ਜੌਹਲ ਨੇ ਵੀ ਦਰਸ਼ਨ ਸਿੰਘ ਕੈਨੇਡੀਅਨ ਨੂੰ ਸ਼ਰਧਾਂਜਲੀ ਅਰਪਣ ਕੀਤੀ।

# ਹਿੰਦੂ-ਸਿਖ ਏਕਤਾ ਕਾਇਮ ਰੱਖਣਾ ਸਰਕਾਰ ਦਾ ਮੁੱਖ ਕਰਤੱਵ — ਬਰਨਾਲਾ

ਚੰਡੀਗੜ੍ਹ — ਪੰਜਾਬ ਦੇ ਮੁਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਇਥੇ ਕਿਹਾ ਕਿ ਸੂਬੇ ਵਿਚ ਹਿੰਦੂ-ਸਿਖ ਏਕਤਾ ਕਾਇਮ ਰੱਖਣਾ ਸਰਕਾਰ ਦਾ ਮੁਖ ਕਰਤੱਵ ਹੈ। ਮੁਖ ਮੰਤਰੀ ਨੇ ਕਿਹਾ ਕਿ ਸਰਕਾਰ ਇਸ ਕੋਸ਼ਿਸ਼ ਵਿਚ ਹੈ ਕਿ ਸੂਬੇ ਵਿਚ ਆਮ ਵਰਗਾ ਜੀਵਨ ਬਰਕਰਾਰ ਰੱਖਿਆ ਜਾਵੇ।

## ਮੁਖ ਮੰਤਰੀ ਦੀ ਚਿਤਾਵਨੀ

ਮੁੱਖ ਮੰਤਰੀ ਨੇ ਦਹਿਸ਼ਤਗਰਦਾਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਇਹ ਕਾਰਵਾਈਆਂ ਸਖਤੀ ਨਾਲ ਦਬਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਕਿਸੇ ਨੂੰ ਇਹ ਹੱਕ ਪ੍ਰਾਪਤ ਨਹੀਂ ਕਿ ਉਹ ਸੂਬੇ ਦਾ ਅਮਨ ਤੇ ਸ਼ਾਂਤੀ ਭੰਗ ਕਰੇ। ਉਨ੍ਹਾਂ ਕਿਹਾ ਸੂਬਾ ਸਰਕਾਰ ਇਸ ਲਈ ਦ੍ਰਿੜ ਹੈ ਕਿ ਫਿਰਕੂ ਏਕਤਾ ਹਰ ਕੀਮਤ ਉਤੇ ਕਾਇਮ ਰੱਖੀ ਜਾਵੇਗੀ।

## ਪੰਜਾਬ ਦੋਖੀਆਂ ਨੂੰ ਮੂੰਹ ਨਾ ਲਾਓ

ਮੁੱਖ ਮੰਤਰੀ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਜੋ ਅਨਸਰ ਪੰਜਾਬ-ਵਿਰੋਧੀ ਅਤੇ ਦੇਸ਼-ਵਿਰੋਧੀ ਕਾਰਵਾਈਆਂ ਵਿਚ ਲੱਗਾ ਹੋਇਆ ਹੈ ਉਸ ਨੂੰ ਮੂੰਹ ਨਾ ਲਾਇਆ ਜਾਵੇ।

---

# ਮਦਰ ਟੈਰੇਸਾ ਵਾਲ ਵਾਲ ਬਚੇ

ਤਨਜਾਨੀਆ — 11 ਅਕਤੂਬਰ ਨੂੰ ਹੋਏ ਇਕ ਹਵਾਈ ਹਾਦਸੇ ਵਿਚ ਮਦਰ ਟੈਰੇਸਾ ਵਾਲ ਵਾਲ ਬਚ ਗਏ। ਇਹ ਹਵਾਈ ਹਾਦਸਾ ਉਸ ਸਮੇਂ ਵਾਪਰਿਆ ਜਦ ਇਕ ਛੋਟੇ ਜਹਾਜ਼ ਵਿਚ ਮਦਰ ਟੈਰੇਸਾ ਅਤੇ ਉਨ੍ਹਾਂ ਦੇ ਦੋ ਸਾਥੀ ਜਾ ਰਹੇ ਸਨ ਤਨਜ਼ਾਨੀਆ ਵਿਚ ਇਕ ਪਿੰਡ ਦੀ ਸਥਾਨਕ ਪੱਟੜੀ ਉਤੇ ਇਹ ਹਾਦਸਾ ਵਾਪਰਿਆ। ਨੋਬਲ ਇਨਾਮ ਜੇਤੂ ਟੈਰੇਸਾ ਭੁੱਖੇ ਬੱਚਿਆਂ ਲਈ ਖਾਣੇ ਦਾ ਪ੍ਰਬੰਧ ਅਤੇ ਹੋਰ ਸਹੂਲਤਾਂ ਮੁਹੱਈਆ ਕਰਨ ਲਈ ਅੱਜ ਕੱਲ੍ਹ ਤਨਜਾਨੀਆ ਵਿਚ ਹਨ।

---

# ਬੱਸ ਹਾਦਸੇ ਵਿਚ 70 ਮਰੇ

ਕਾਨ੍ਹਪੁਰ — ਉਤਰ ਪ੍ਰਦੇਸ਼ ਦੀ ਸੂਬਾ ਟਰਾਂਸਪੋਰਟ ਦੀ ਇਕ ਬੱਸ ਗੰਗਾ ਵਿਚ ਡਿੱਗਣ ਨਾਲ 70 ਮੌਤਾਂ ਹੋ ਗਈਆਂ ਹਨ। ਮਰਨ ਵਾਲਿਆਂ ਵਿਚ ਛੇ ਔਰਤਾਂ ਅਤੇ ਦੋ ਬੱਚੇ ਸਨ। ਬੱਸ ਕਾਨ੍ਹਪੁਰ ਤੋਂ ਬਰੇਲੀ ਜਾ ਰਹੀ ਸੀ ਜਿਸ ਸਮੇਂ ਬੱਸ ਦੀ ਟੱਕਰ ਵਿਚ ਟਰੱਕ ਨਾਲ ਹੋ ਗਈ।

# ਰਾਜੀਵ ਗਾਂਧੀ ਨੂੰ ਕਤਲ ਕਰਨ ਦੀ ਸਾਜ਼ਿਸ਼

## ਗ੍ਰਿਫਤਾਰੀਆਂ ਦੀ ਗਿਣਤੀ 11 ਹੋ ਗਈ

ਚੰਡੀਗੜ੍ਹ — 2 ਅਕਤੂਬਰ ਨੂੰ ਰਾਜ ਘਾਟ ਦੇ ਸਥਾਨ ਉਤੇ ਜਿਸ ਵਿਅਕਤੀ ਕਰਮਜੀਤ ਸਿੰਘ ਨੇ ਰਾਜੀਵ ਗਾਂਧੀ ਉਤੇ ਗੋਲੀਆਂ ਚਲਾਈਆਂ ਸਨ — ਉਸ ਸਾਜ਼ਿਸ਼ ਵਿਚ ਫੜੇ ਜਾਣ ਵਾਲਿਆਂ ਦੀ ਗਿਣਤੀ ਗਿਆਰਾਂ ਹੋ ਗਈ ਹੈ। ਪੰਜਾਬ ਪੁਲਸ ਨੇ ਚਾਰ ਵਿਅਕਤੀ ਹੋਰ ਗ੍ਰਿਫਤਾਰ ਕੀਤੇ ਹਨ।

# ਬੰਗਲਾ ਦੇਸ਼ ਵਿਚ ਚੋਣਾਂ ਹੋ ਗਈਆਂ

## ਗਲੀਆਂ ਸੁੰਨੀਆਂ ਪਈਆਂ ਰਹੀਆਂ

ਢਾਕਾ — ਬੰਗਲਾ ਦੇਸ਼ ਦੀ ਫੌਜੀ ਸਰਕਾਰ ਨੇ ਆਪਣੇ ਵਲੋਂ ਚੋਣਾਂ ਕਰਵਾ ਦਿਤੀਆਂ ਹਨ ਪਰ ਖਬਰਾਂ ਅਨੁਸਾਰ ਸਾਰੇ ਦੇਸ਼ ਵਿਚ ਤੀਹ ਪ੍ਰਤੀਸ਼ਤ ਤੋਂ ਵੱਧ ਵੋਟਾਂ ਨਹੀਂ ਪਈਆਂ। ਸਾਰੀਆਂ ਵਿਰੋਧੀ ਪਾਰਟੀਆਂ ਨੇ ਚੋਣਾਂ ਦਾ ਬਾਈਕਾਟ ਕੀਤਾ ਹੈ। ਬੁੱਧਵਾਰ ਨੂੰ ਹੋਈਆਂ ਇਨ੍ਹਾਂ ਚੋਣਾਂ ਵਿਚ ਵਿਰੋਧੀ ਪਾਰਟੀਆਂ ਦੇ ਦੋਵਾਂ ਫਰੰਟਾਂ ਨੇ ਵੋਟਾਂ ਵਿਚ ਹਿਸਾ ਨਹੀਂ ਲਿਆ। ਵੋਟਾਂ ਤੋਂ ਇਕ ਰਾਤ ਪਹਿਲਾਂ ਸਾਰੇ ਵਿਰੋਧੀ ਨੇਤਾ ਗ੍ਰਿਫਤਾਰ ਕਰ ਲਏ ਗਏ ਦੱਸੇ ਗਏ ਹਨ।

# ਪੰਜਾਬ ਵਿਚ 2 ਮਰੇ, ਸੱਤ ਗ੍ਰਿਫਤਾਰ

ਚੰਡੀਗੜ੍ਹ — ਇਥੋਂ ਮਿਲੀਆਂ ਖਬਰਾਂ ਅਨੁਸਾਰ ਪਿਛਲੇ ਦਿਨ ਇਕ ਦਹਿਸ਼ਤਪਸੰਦ ਮਾਰਿਆ ਗਿਆ ਅਤੇ ਸੱਤ ਦਹਿਸ਼ਤਪਸੰਦ ਗ੍ਰਿਫਤਾਰ ਕੀਤੇ ਗਏ ਦਹਿਸ਼ਤਪਸੰਦਾਂ ਵਲੋਂ ਇਕ ਕਤਲ ਕੀਤੇ ਜਾਣ ਦੀ ਖਬਰ ਹੈ।


ਸਰੀ-ਨਿਊਟਨ ਨੂੰ ਬਿਲ ਵੈਂਡਰਜ਼ਾਮ ਦੀ ਜੇਤੂ ਟੀਮ ਨਾਲ ਰੱਖਣ ਲਈ

ਰੀਟਾ ਜੌਹਨਸਟਨ ਨੂੰ ਦੁਬਾਰਾ ਚੁਣੋ



ਮਜ਼ਬੂਤ,

ਤਜਰਬੇਕਾਰ

ਵਰਕਰ

RITA JOHNSTON

ਰੀਟਾ ਜੌਹਨਸਟਨ ਅਤੇ ਬਿਲ ਵੈਂਡਰਜ਼ਾਮ ਸਰੀ-ਨਿਊਟਨ ਦੀ ਤਰੱਕੀ ਬਾਰੇ ਗੱਲਬਾਤ ਕਰਦੇ ਹੋਏ

"ਰੀਟਾ ਜੌਹਨਸਟਨ ਮੇਰੀ ਲੀਡਰਸ਼ਿਪ ਲਈ ਸ਼ਕਤੀਸ਼ਾਲੀ ਮੱਦਦਗਾਰ ਹੈ ...

ਅਤੇ ਤੁਹਾਡੇ ਇਲਾਕੇ ਲਈ ਤਕੜੀ ਅਤੇ ਅਸਰਦਾਰ ਆਵਾਜ਼ ਹੈ। ਉਸਦੀ ਸੀਨੀਅਰ ਕੈਬਨਿਟ ਪੁਜ਼ੀਸ਼ਨ ਦਾ ਮਜ਼ਬੂਤ ਰੀਕਾਰਡ ਉਸ ਵੱਲੋਂ ਸਰੀਰਕ ਦੇਖਭਾਲ, ਆਵਾਜਾਈ ਅਤੇ ਹੋਰ ਜ਼ਰੂਰੀ ਸੇਵਾਵਾਂ ਲਈ ਕੀਤਾ ਕੰਮ ਹੈ। ਮੈਂ ਵਿਕਟੋਰੀਆ ਵਿਚ ਉਸ ਨਾਲ ਨਵੀਂ ਟੀਮ ਵਿਚ ਕੰਮ ਕਰਨ ਦਾ ਇੱਛਕ ਹਾਂ। 22 ਅਕਤੂਬਰ ਨੂੰ ਤੁਹਾਡੀ ਮੱਦਦ ਨਾਲ ਮੈਨੂੰ ਯਕੀਨ ਹੈ ਕਿ ਉਹ ਸਰੀ-ਨਿਊਟਨ ਲਈ ਹੋਰ ਵੀ ਵਧੀਆ ਕੰਮ ਕਰੇਗੀ।"

SOCIAL CREDIT 86

Rita Johnston and Bill Vander Zalm — a fresh start for B.C.

THE CANADA DARPAN
(Punjabi Weekly Newspaper)
P.O.BOX 265
Surrey, B.C. V3T 4W8
Chief Editor: (Hon.) DARSHAN GILL
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਂਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
Ph. 581-4473

# ਅਮਨ, ਜੋ ਹਾਲੇ ਵੀ ਦੂਰ ਹੈ

ਸਾਰੇ ਸੰਸਾਰ ਦੀਆਂ ਅੱਖਾਂ ਆਈਸਲੈਂਡ ਦੀ ਰਾਜਧਾਨੀ ਰਾਈਕੋਵਿਕ ਵੱਲ ਲੱਗੀਆਂ ਹੋਈਆਂ ਸਨ, ਜਿਥੇ 11-12 ਅਕਤੂਬਰ ਨੂੰ ਸੋਵੀਅਤ ਯੂਨੀਅਨ ਦੇ ਆਗੂ ਮਖਾਈਲ ਗੋਰਵਾਚੋਫ ਅਤੇ ਅਮਰੀਕਾ ਦੇ ਪ੍ਰਧਾਨ ਰੋਨਲਡ ਰੇਗਨ ਵਿਚਕਾਰ ਐਟਮੀ ਹਥਿਆਰਾਂ ਨੂੰ ਪੜਾ ਦਰ ਪੜਾ ਖਤਮ ਕਰਨ ਸਬੰਧੀ ਮੀਟਿੰਗ ਹੋ ਰਹੀ ਸੀ।

ਮੀਟਿੰਗ ਦੇ ਅੰਤ ਉਪਰ ਜੋ ਨਤੀਜੇ ਲੋਕਾਂ ਅਗੇ ਆਏ ਉਸ ਉਪਰ ਹਰ ਕੋਈ ਨਰਾਸਤਾ ਹੀ ਪ੍ਰਗਟ ਕਰ ਰਿਹਾ ਹੈ। ਕਿਉਂਕਿ ਸੋਵੀਅਤ ਆਗੂ ਬੜੀ ਖੁਲ੍ਹ ਦਿਲੀ ਅਤੇ ਆਸ਼ਾ ਨਾਲ ਇਸ ਮੀਟਿੰਗ ਉਪਰ ਆਏ ਸਨ। ਪਹਿਲੀਆਂ ਦੋ ਗੱਲਾਂਬਾਤਾਂ ਵਿਚ ਕੁਝ ਦਰਮਿਆਨੀ ਦੂਰੀ ਤੇ ਮਾਰ ਕਰਨ ਵਾਲੇ ਅਤੇ ਲੰਬੀ ਮਾਰ ਕਰਨ ਵਾਲੇ ਐਟਮੀ ਹਥਿਆਰਾਂ ਨੂੰ ਯੂਰਪ ਵਿਚ ਲਗਪਗ 50 ਫੀਸਦੀ ਘਟਾਉਣ ਸਬੰਧੀ ਸਹਿਮਤੀ ਹੋ ਵੀ ਗਈ ਸੀ ਪ੍ਰੰਤੂ "ਸਟਾਰਵਾਰ" ਉਪਰ ਆ ਕੇ ਗੱਲ ਅੜ ਗਈ।

ਪ੍ਰਧਾਨ ਰੇਗਨ ਸਟਾਰ ਵਾਰ ਨੂੰ ਕਿਸੇ ਕੀਮਤ ਉਪਰ ਵੀ ਛੱਡਣ ਲਈ ਤਿਆਰ ਨਹੀਂ ਹੋਇਆ ਜਦੋਂ ਕਿ ਸੋਵੀਅਤ ਆਗੂ ਗੋਰਵਾਚੋਫ ਨੇ ਦਸ ਸਾਲ ਇਸ ਉਪਰ ਖੋਜ ਕਰਨ ਅਤੇ ਤਜਰਬੇ ਬੰਦ ਕਰਨ ਦੀ ਮੰਗ ਕੀਤੀ। ਪ੍ਰੰਤੂ ਰੇਗਨ ਨੇ ਪੱਤਰਕਾਰਾਂ ਨੂੰ ਅਤੇ ਵਾਪਸ ਅਮਰੀਕਾ ਆ ਕੇ ਟੀ. ਵੀ. ਉਪਰ ਕੌਮ ਦੇ ਨਾਂ ਆਪਣੇ ਭਾਸ਼ਨ ਵਿਚ ਕਿਹਾ ਕਿ 'ਸਟਾਰਵਾਰ' ਤਾਂ ਸਾਡੇ ਲਈ 'ਇਨਸ਼ੂਅਰੈਂਸ ਪਾਲਸੀ' ਹੈ ਇਸ ਨੂੰ ਅਸੀਂ ਬਿਲਕੁਲ ਤਿਆਗ ਨਹੀਂ ਸਕਦੇ। ਇਹ ਅਮਰੀਕਾ ਅਤੇ 'ਆਜ਼ਾਦ ਸੰਸਾਰ' ਲਈ ਡੀਫੈਂਸ ਹੈ।

ਉਧਰ ਸੋਵੀਅਤ ਆਗੂ ਨੇ ਕਿਹਾ ਕਿ ਪ੍ਰਧਾਨ ਰੇਗਨ 'ਸਟਾਰ ਵਾਰ' ਨੂੰ ਇਸ ਲਈ ਨਾ ਤਿਆਗਣ ਲਈ ਮਜ਼ਬੂਰ ਸੀ ਕਿ ਅਮਰੀਕਾ ਦੀਆਂ ਹਥਿਆਰ ਬਨਾਉਣ ਵਾਲੀਆਂ ਕਾਰਪੋਰੇਸ਼ਨਾਂ ਇਸ ਮਨਾਫੇ-ਬਖਸ਼ ਪ੍ਰੋਗਰਾਮ ਨੂੰ ਤਿਆਗਣ ਲਈ ਤਿਆਰ ਨਹੀਂ ਹਨ। ਉਨ੍ਹਾਂ ਕਿਹਾ ਅਜਿਹੇ ਸਮਝੌਤੇ ਕਰਨ ਲਈ ਤਕੜੇ ਦਿਲ ਦੀ ਲੋੜ ਹੈ ਅਤੇ ਰਾਜਨੀਤਕ ਤੌਰ ਉਪਰ ਨਿਰੋਈ ਪਹਿਲ ਕਦਮੀ ਦੀ ਭਾਵਨਾ ਹੋਣੀ ਚਾਹੀਦੀ ਹੈ ਜਿਸ ਦੀ ਕਿ ਮਿਸਟਰ ਰੇਗਨ ਵਿਚ ਘਾਟ ਹੈ। ਜਾਂ ਇਉਂ ਕਹੋ ਕਿ ਰੇਗਨ 'ਮਿਲਟਰੀ-ਇੰਡਸਟਰੀਅਲ-ਕੰਪਲੈਕਸ' ਦਾ ਗੁਲਾਮ ਹੈ।

'ਵੈਨਕੂਵਰ ਸਨ' ਦੇ 13 ਅਕਤੂਬਰ ਦੇ ਐਡੀਟੋਰੀਅਲ ਵਿਚ ਕਿਹਾ ਹੈ ਕਿ ਰਾਈਕੋਵਿਕ ਵਿਚ ਐਟਮੀ ਹਥਿਆਰਾਂ ਦੇ ਖਾਤਮੇਂ ਦਾ ਸਮਝੌਤਾ ਨਾ ਕਰਕੇ ਇਕ ਇਤਿਹਾਸਕ ਮੋੜ ਨੂੰ ਹੱਥੋਂ ਗੁਆਇਆ ਹੈ। ਐਡੀਟੋਰੀਅਲ ਨੇ ਕਿੰਨਾ ਵਜ਼ਨਦਾਰ ਸੁਆਲ ਉਠਾਇਆ ਹੈ ਕਿ ਜਦੋਂ ਐਟਮੀ ਹਥਿਆਰਾਂ ਨੂੰ ਹੀ ਖਤਮ ਕਰਨਾ ਹੈ ਤਾਂ ਉਨ੍ਹਾਂ ਤੋਂ ਬਚਾਓ ਦੇ ਪ੍ਰਬੰਧ ਨੂੰ ਉਸਾਰਨ ਲਈ ਖਰਬਾਂ ਡਾਲਰਾਂ ਨੂੰ ਕਿਸ ਲਈ ਖੂਹ ਵਿਚ ਸੁੱਟਣਾ ਹੈ।

ਸੋਵੀਅਤ ਆਗੂ ਗੋਰਬਾਚੋਫ ਨੇ ਇਕ ਘੰਟਾ ਸੋਵੀਅਤ ਲੋਕਾਂ ਅਗੇ ਸਾਰੀ ਗਲਬਾਤ ਖੋਲ੍ਹ ਕੇ ਦਸਦਿਆਂ ਵੀ 'ਵੈਨਕੂਵਰ ਸਨ' ਵਾਲਾ ਸੁਆਲ ਉਠਾਇਆ ਕਿ ਜਦੋਂ ਐਟਮੀ ਹਥਿਆਰ ਖਤਮ ਹੀ ਕਰਨੇ ਹਨ ਤਾਂ 'ਬਚਾਓ ਪ੍ਰਬੰਧ' ਦੀ ਕੀ ਲੋੜ ਹੈ। ਉਨ੍ਹਾਂ ਨੇ ਅਮਰੀਕਨ ਲੋਕਾਂ ਅਤੇ ਦੁਨੀਆਂ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਐਟਮੀ ਹਥਿਆਰਾਂ ਨੂੰ ਖਾਤਮੇਂ ਲਈ ਤਕੜੀ ਆਵਾਜ਼ ਉਠਾਉਣ।

ਬਰੱਸਲ ਵਿਚ ਹੋਈ ਨਾਟੋ ਸੰਧੀ ਦੇ ਵਿਦੇਸ਼ ਮੰਤਰੀ ਰੇਗਨ ਦੇ 'ਸਟਾਰ ਵਾਰ' ਕਾਇਮ ਰੱਖਣ ਲਈ ਡਾਢੇ ਪਰੇਸ਼ਾਨ ਹੋਏ ਹਨ, ਅਮਰੀਕਨਾਂ ਵਿਚ ਵੀ ਸਟਾਰ ਵਾਰ ਵਿਰੁਧ ਤਕੜੀ ਗੁੱਸੇ ਦੀ ਲਹਿਰ ਦੌੜ ਗਈ ਹੈ।

ਸੋਵੀਅਤ ਸਾਇੰਸਦਾਨਾਂ ਅਤੇ ਕਈ ਅਮਰੀਕਨ ਸਾਇੰਸਦਾਨਾਂ ਨੇ ਇਹ ਸਪਸ਼ਟ ਕੀਤਾ ਹੈ ਕਿ ਸਟਾਰ ਵਾਰ ਕੇਵਲ 'ਡੀਫੈਂਸ' ਲਈ ਹੀ ਨਹੀਂ ਸਗੋਂ ਹਮਲੇ ਲਈ ਵੀ ਵਰਤਿਆ ਜਾ ਸਕਦਾ ਹੈ।

ਇਸ ਤੋਂ ਜ਼ਾਹਰ ਹੈ ਕਿ ਅਮਰੀਕੀ ਪ੍ਰਧਾਨ ਦੀ ਦਿਆਨਤਦਾਰੀ ਉਪਰ ਸ਼ੱਕ ਕੀਤੇ ਬਿਨਾਂ ਨਹੀਂ ਰਿਹਾ ਜਾ ਸਕਦਾ, ਕਿਉਂਕਿ ਜੋ ਵਿਅਕਤੀ ਸੋਵੀਅਤ ਯੂਨੀਅਨ ਨੂੰ 'ਪਾਪ ਦਾ ਰਾਜ' ਕਹਿ ਰਿਹਾ ਹੋਵੇ ਉਹ ਉਸ ਉਪਰ ਅਚਾਨਕ

ਬਾਕੀ ਪੰਨਾ 6 ਉਤੇ

# ਏਕਤਾ ਬਿਨਾਂ ਲਹੂ ਭਿੱਜੀ ਹੋਣੀ ਦਾ ਅੰਤ ਸੰਭਵ ਨਹੀਂ

—ਜਸਵੰਤ ਸਿੰਘ ਕੰਵਲ—



ਸੁਰਜੀਤ ਸਿੰਘ ਬਰਨਾਲਾ



ਬਾਬਾ ਜੋਗਿੰਦਰ ਸਿੰਘ



ਪ੍ਰਕਾਸ਼ ਸਿੰਘ ਬਾਦਲ

ਜਦ ਇਹ ਸਾਬਤ ਹੋ ਚੁਕਾ ਹੈ ਸੈਂਟਰ ਦੀ ਨੀਅਤ ਪੰਜਾਬ ਪ੍ਰਤੀ ਸਾਫ ਨਹੀਂ, ਸੈਂਟਰਲ ਫੋਰਸਜ਼ ਨੂੰ ਹਰ ਤਰ੍ਹਾਂ ਦੀ ਖੁਲ੍ਹੀ ਛੁਟੀ ਹੈ, ਬਰਨਾਲਾ ਸਰਕਾਰ ਵਿਚ ਤਿੰਨ ਕਾਣੇ ਨਹੀਂ ਅਤੇ ਅਕਾਲੀ ਲੀਡਰਸ਼ਿਪ ਦੇ ਇਕ ਹੋਣ ਦੇ ਅਸਾਰ ਨਜ਼ਰ ਨਹੀਂ ਆਉਂਦੇ, ਤਦ ਵੱਡੀ ਗੱਲ ਨਹੀਂ, ਪੰਜਾਬ ਦਾ ਕ੍ਰਿਆਟਾ ਕਰਨ ਵਾਲਾ ਵੱਡਾ ਦੁਖਾਂਤ ਨੇੜ ਭਵਿੱਖ ਵਿਚ ਹੋਰ ਵਾਪਰ ਜਾਂਵੇ। ਸਿਆਸਤਦਾਨ ਆਪਣੇ ਇਰਾਦਿਆਂ ਦੀ ਪੂਰਤੀ ਲਈ ਕਿਸੇ ਵੀ ਤਰ੍ਹਾਂ ਦੇ ਬੇਰਹਿਮ ਜ਼ਾਲਮ ਬਣ ਸਕਦੇ ਹਨ।

ਪੰਜਾਬ ਦੀ ਲਹੂ ਭਿੱਜੀ ਹੋਣੀ ਰੁਕਣ ਵਿਚ ਨਹੀਂ ਆ ਰਹੀ। ਕਾਂਸੀ ਕਰਵਤ ਲਗਾਤਾਰ ਪੰਜਾਬ ਦੀ ਜਵਾਨੀ ਨੂੰ ਚੀਰੀ ਜਾ ਰਿਹਾ ਹੈ। ਸਵਾਮੀ, ਮੁਨੀ ਤੇ ਬਾਬੇ ਕੌਮੀ ਫੇਰੀਆਂ ਪਾ ਕੇ, ਪ੍ਰੈਸ ਪਬਲੀਸਿਟੀ ਲੈ ਅਤੇ ਟੀ. ਵੀ. ਤੇ ਤਸਵੀਰਾਂ ਖਿਚਵਾਕੇ ਮੁੜ ਜਾਦੇ ਹਨ। ਜਿਵੇਂ ਇਹਨਾਂ ਪੰਜਾਬ ਵਿਚ ਸ਼ਾਂਤੀ ਮਾਰਚ ਸ਼ੁਗਲ ਬਣਾ ਲਿਆ ਹੈ। ਪਰ ਲਹੂ ਚੋਂਦਾ ਪਰਨਾਲਾ, ਉਥੇ ਦਾ ਉਥੇ। ਇਹ ਖੜਪੇਂਚ, ਸਮੱਸਿਆ ਰਾਜਨੀਤਕ ਹੈ, ਕਹਿਕੇ ਘਰੋ ਘਰੀ ਚਲੇ ਜਾਂਦੇ ਹਨ। ਸਵਾਲਾਂ ਦਾ ਸਵਾਲ ਹੈ: ਪੰਜਾਬ ਦੇ ਰਾਜਨੀਤਕ, ਆਰਥਿਕ ਤੇ ਸਭਿਆਚਾਰਕ ਮਸਲਿਆਂ ਦਾ ਹੱਲ, ਜਿਸ ਨੂੰ ਸਮਝੌਤਿਆਂ ਅਤੇ ਕਮਿਸ਼ਨਾਂ ਨੇ ਹਰ ਬੈਠਕ ਵਿਚ ਹੋਰ ਉਲਝਾਇਆ ਹੈ, ਕੀਹਨੇ ਕਰਨਾ ਹੈ? ਰਾਣੀ ਨੂੰ ਅੱਗਾ ਢੱਕਣ ਲਈ ਕੋਈ ਨਹੀਂ ਆਖਦਾ। ਹਰ ਰਾਜਸੀ ਪਾਰਟੀ ਅਤੇ ਵਿਅਕਤੀਗਤ ਲੀਡਰ ਕਹਿ ਤਾਂ ਦੇਂਦੇ ਹਨ, ਜੇ ਸੈਂਟਰ ਚਾਹੇ ਚੌਵੀ ਘੰਟਿਆਂ ਵਿਚ ਅਮਨ ਸਥਾਪਤ ਹੋ ਸਕਦਾ ਹੈ। ਪਰ ਸੈਂਟਰ ਨੂੰ ਹਰਕਤ ਵਿਚ ਲਿਆਉਣ ਲਈ ਬਿਆਨਾਂ ਤੋਂ ਛੁੱਟ ਕਰਦੇ ਕੁਝ ਨਹੀਂ ਇਸ ਦਾ ਸਾਫ ਮਤਲਬ ਹੈ ਸੈਂਟਰ ਅਤੇ ਰਾਜਸੀ ਪਾਰਟੀਆਂ ਦੀ ਨੀਅਤ ਕਾਣੀ ਹੈ ਤੇ ਇਸ ਬਦਨੀਅਤੀ ਬਾਰੇ ਮੈਂ ਕਈ ਸਾਲ ਪਹਿਲੋਂ ਸਪਸ਼ਟ ਲਿਖ ਚੁਕਾ ਹਾਂ। ਜਾਪਦਾ ਇਸ ਤਰ੍ਹਾਂ ਹੈ, ਜਿਵੇਂ ਸੈਂਟਰ ਦੇ ਇਰਾਦਿਆਂ ਅਨੁਸਾਰ ਪੰਜਾਬ ਦੀ ਚੱਜ ਨਾਲ ਹਾਲੇ ਹੋਰ ਰੜਕ ਕੱਢਣੀ ਬਾਕੀ ਹੈ। ਚਮੜੇ ਦੇ ਵੱਟ ਕੱਢਣ ਲਈ ਸਾਡੇ ਪਿੰਡ ਮੁਰਲੀ ਪਾਣੀ ਪਾ ਪਾ ਖਬੀਲ ਫੇਰਦਾ ਹੁੰਦਾ ਸੀ। ਸਮਝੋ, ਇਸ ਤਰ੍ਹਾਂ ਕੇਂਦਰੀ ਸਰਕਾਰ ਵਲੋਂ ਪੰਜਾਬ ਵਿਚ ਅਮਨ ਕਾਇਮ ਕਰਨ ਦੇ ਯਤਨ ਜਾਰੀ ਹਨ। ਸ਼ਾਇਦ ਪੰਜਾਬ ਦਾ ਹਰ ਜ਼ੱਰਾ ਲਹੂ ਵਿਚ ਡੋਬੇ ਬਿਨਾਂ ਅਮਨ ਨਾ ਹੋਵੇ। ਹਾਲਾਤ ਦਾ ਊਠ ਬੇਮੁਹਾਰਾ ਹੈ, ਪਤਾ ਨਹੀਂ ਲਗਾਤਾਰ ਦਰੜਾਂਦੇ ਨੂੰ ਕਦੋਂ ਠੱਲ੍ਹ ਪਵੇ।

ਬਲਿਊ ਸਟਾਰ ਦੇ ਕੈਦੀਆਂ ਅਤੇ ਫੌਜੀ ਜਵਾਨਾਂ ਨੂੰ ਛੁਡਾਉਣ ਤੋਂ ਪਹਿਲਾਂ ਸਰਹੱਦ ਦੀ ਕਟਾਵੱਢੀ ਦੀ ਸਮੱਸਿਆ ਮੁਖ ਬਣ ਗਈ ਹੈ। ਅਜਿਹਾ ਕਿਉਂ ਹੋ ਰਿਹਾ ਹੈ? ਜਿੰਨਾ ਚਿਰ ਸਿੱਖ ਕੌਮ ਏਕਤਾ ਦੀ ਠੋਸ ਤਾਕਤ ਦਾ ਵਖਾਲਾ ਨਹੀਂ ਕਰਦੀ ਇਹ ਦੁਖਾਂਤ ਕਿਸੇ ਨਾ ਕਿਸੇ ਸ਼ਕਲ ਵਿਚ ਚਲਦੇ ਰਹਿਣਗੇ। ਝੂਠੇ ਮੁਕਾਬਲੇ ਬਣਾ ਬਣਾ ਉਹ ਮਾਰਦੇ ਹਨ, ਪਰ ਪਾਟੇ ਹੋਏ ਖੁਦਗਰਜ਼ ਅਕਾਲੀ ਲੀਡਰ ਨੌਜਵਾਨਾਂ ਨੂੰ ਮਰਵਾਉਣ ਵਿਚ ਅਸਿੱਧਾ ਹਿਸਾ ਪਾਉਂਦੇ ਹਨ। ਬਾਰਡਰ ਸਕਿਉਰਿਟੀ ਫੋਰਸ ਤੇ ਸੀ. ਆਰ. ਪੀ. ਦੇ ਹੌਂਸਲੇ ਵਧੇ ਹੋਏ ਹਨ ਕਿਉਂਕਿ ਉਹਨਾਂ ਨੂੰ ਪੁੱਛਣ ਵਾਲਾ ਕੋਈ ਨਹੀਂ, ਪੰਜ ਕਰਨ ਪੰਜਾਹ ਕਰਨ। ਖਖੜੀਆਂ ਕਰੇਲੇ ਹੋਏ ਅਕਾਲੀ ਲੀਡਰ ਅਤੇ ਵਿਧਾਇਕ ਭਲਾ ਇਸ ਲਹੂਭਿੱਜੀ ਹੋਣੀ ਨੂੰ ਸਮਝਦੇ ਨਹੀਂ ਕੀ ਉਹਨਾਂ ਨੂੰ ਨੌਜਵਾਨਾਂ ਦੇ ਹੁੰਦੇ ਕਤਲ ਦਿਸਦੇ ਨਹੀਂ? ਜੇ ਦਿਸਦੇ ਹਨ ਤੇ ਸਮਝਦੇ ਵੀ ਹਨ ਤਦ ਇਹ ਏਕਤਾ ਦੀ ਸ਼ਕਤੀ ਕਿਉਂ ਨਹੀਂ ਬਣਦੇ? ਸਾਬਤ ਇਹ ਹੁੰਦਾ ਹੈ, ਇਹਨਾਂ ਨੂੰ ਅਹੁਦੇ ਤੇ ਵਜ਼ੀਰੀਆਂ ਪਿਆਰੀਆਂ ਹਨ ਅਤੇ ਨੌਜਵਾਨਾਂ ਦੀ ਲਹੂ ਸਸਤਾ। ਤਿਆਗ ਅਤੇ ਕੁਰਬਾਨੀ ਦੀ ਭਾਵਨਾ ਵਰਕਰਾਂ ਵਿਚ ਤਾਂ ਜਿਉਂ ਦੀ ਤਿਉਂ ਹੈ, ਪਰ ਲੀਡਰਾਂ ਵਿਚੋਂ ਅਸਲੋਂ ਮਰ ਗਈ ਹੈ। ਇਸ ਵਗਦੇ ਲਹੂ ਨੂੰ ਬਰਨਾਲਾ ਸਰਕਾਰ ਬੰਦ ਨਹੀਂ ਕਰਵਾ ਸਕਦੀ। ਸਗੋਂ ਉਸ ਨੂੰ ਪੇਸ਼ ਹੁੰਦੇ ਮੁੰਡਿਆਂ ਦੇ ਕਤਲਾਂ ਉਤੇ ਮੁਕਾਬਲੇ ਦੀ ਸਹੀ ਪਾਉਣੀ ਪੈ ਜਾਂਦੀ ਹੈ ਕਿਉਂਕਿ ਲਾਅ ਐਂਡ ਆਰਡਰ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੈ। ਬੀ. ਐਸ. ਐਫ. ਅਤੇ ਸੀ. ਆਰ. ਪੀ. ਸੈਂਟਰ ਅਧੀਨ ਹਨ ਤੇ ਪੰਜਾਬ ਸਰਕਾਰ ਉਹਨਾਂ ਤੋਂ ਕਿਸੇ ਤਰ੍ਹਾਂ ਦੀ ਪੁੱਛ-ਪੜਤਾਲ ਨਹੀਂ ਕਰ ਸਕਦੀ। ਵੱਧ ਤੋਂ ਵੱਧ ਸੈਂਟਰ ਦੇ ਹੋਮ ਵਿਭਾਗ ਨੂੰ ਰੋਸ ਲਿਖਿਆ ਜਾ ਸਕਦਾ ਹੈ। ਪੰਜਾਬ ਦੇ ਲਿਖੇ ਦੀ ਕੇਂਦਰ ਵਿਚ ਕੀ ਪੁੱਛ ਪ੍ਰਤੀਤ ਹੈ, ਕਿਸੇ ਤੋਂ ਕੁਝ ਗੁੱਝਾ ਛਿਪਿਆ ਨਹੀਂ। ਇਸ ਲਈ ਬੀ. ਐਸ. ਐਫ. ਅਤੇ ਸੀ. ਆਰ. ਪੀ. ਕੁਝ ਵੀ ਕਰਨ ਲਈ ਆਜ਼ਾਦ ਹਨ ਅਤੇ ਪੰਜਾਬ ਦੀ ਜਵਾਨੀ ਭੁਗਤਣ ਲਈ ਮਜਬੂਰ। ਪੰਜਾਬ ਸਰਕਾਰ ਤਾਂ ਮਾਰੇ ਗਏ ਦਸ ਜਵਾਨਾਂ ਲਈ ਜੁਡੀਸ਼ਲ ਇਨਕੁਆਰੀ ਵੀ ਨਹੀਂ ਕਰਵਾ ਸਕੀ।

ਜਦ ਇਹ ਸਾਬਤ ਹੋ ਚੁਕਾ ਹੈ ਸੈਂਟਰ ਦੀ ਨੀਅਤ ਪੰਜਾਬ ਪ੍ਰਤੀ ਸਾਫ ਨਹੀਂ, ਸੈਂਟਰਲ ਫੋਰਸਜ਼ ਨੂੰ ਹਰ ਤਰ੍ਹਾਂ ਦੀ ਖੁੱਲੀ ਛੁੱਟੀ ਹੈ, ਬਰਨਾਲਾ ਸਰਕਾਰ ਵਿਚ ਤਿੰਨ ਕਾਣੇ ਨਹੀਂ ਅਤੇ ਅਕਾਲੀ ਲੀਡਰਸ਼ਿਪ ਦੇ ਇਕ ਹੋਣ ਦੇ ਅਸਾਰ ਨਜ਼ਰ ਨਹੀਂ ਆਉਂਦੇ ਤਦ ਵੱਡੀ ਗੱਲ ਨਹੀਂ ਪੰਜਾਬ ਦਾ ਕ੍ਰਿਆਟਾ ਕਰਨ ਵਾਲਾ ਵੱਡਾ ਦੁਖਾਂਤ ਨੇੜ ਭਵਿਖ ਵਿਚ ਹੋਰ ਵਾਪਰ ਜਾਵੇ। ਸਿਆਸਤਦਾਨ ਆਪਣੇ ਇਰਾਦਿਆਂ ਦੀ ਪੂਰਤੀ ਲਈ ਕਿਸੇ ਵੀ ਤਰ੍ਹਾਂ ਦੇ ਬੇਰਹਿਮ ਜ਼ਾਲਮ ਬਣ ਸਕਦੇ ਹਨ। ਮਨੁੱਖੀ ਦਰਦ ਵਾਲੀ ਕਣੀ ਉਹਨਾਂ ਵਿਚ ਨਾਮਾਤਰ ਨੂੰ ਵੀ ਨਹੀਂ ਹੁੰਦੀ। ਹਿਟਲਰ ਵਰਗੇ ਲੀਡਰਾਂ ਦੀਆਂ ਇਤਿਹਾਸਕ ਮਿਸਾਲਾਂ ਸਾਡੇ ਸਾਹਮਣੇ ਹਨ। ਪੰਜਾਬ ਨੂੰ ਚੰਗੀ ਤਰ੍ਹਾਂ ਤਹਿ ਕਰਨ ਲਈ, ਇਸ ਨੂੰ ਕਦੇ ਵੀ ਜੰਗ ਦੇ ਬੂਥੇ ਦਿੱਤਾ ਜਾ ਸਕਦਾ ਹੈ। ਦੁਸ਼ਮਣ ਤੋਂ ਹਮਦਰਦੀ ਅਤੇ ਸਹੂਲਤ ਦੀ ਆਸ ਬੇਵਕੂਫ ਤੇ ਅਨਾੜੀ ਹੀ ਕਰ ਸਕਦੇ ਹਨ। ਪਰ ਜਿਹਨਾਂ ਨੂੰ ਆਪਣੇ ਰਾਹਨੁਮਾ ਸਮਝਕੇ ਪਾਲਦੇ ਆਏ ਸੀ, ਉਹਨਾਂ ਦਾ ਰੋਲ ਵੀ ਪਿੱਠ ਵਿਚ ਛੁਰਾ ਮਾਰਨ ਵਾਲਾ ਸਾਬਤ ਹੋਇਆ ਹੈ। ਅਜਿਹੇ ਸੰਕਟ ਦੀ ਘੜੀ ਵਿਚ ਮੈਂ ਉਹਨਾਂ ਈਮਾਨਦਾਰ ਵਰਕਰਾਂ ਨੂੰ ਹਲੂਣਾ ਦੇਣਾ ਚਾਹੁੰਦਾ ਆਂ, ਜਿਹਨਾਂ ਦੇ ਮੋਢਿਆਂ ਉਤੇ ਪੈਰ ਰੱਖਕੇ ਉਹ ਉਚੇ ਲੀਡਰ ਬਣੇ ਹਨ। ਉਹ ਮੋਢਿਆਂ ਨੂੰ ਥੋੜ੍ਹਾ ਛੰਡਣ ਤਾਂ ਏਕਤਾ ਦੇ ਅਸਾਰ ਪੈਦਾ ਹੋ ਸਕਦੇ ਹਨ। ਇਹ ਸਮੱਸਿਆਵਾਂ ਲੀਡਰਾਂ ਖੜ੍ਹੀਆਂ ਕੀਤੀਆਂ ਹਨ ਤੇ ਹੁਣ ਆਪਣੀ ਪਾਟੋਧਾੜ ਨੀਤੀ ਨਾਲ ਇਹਨਾਂ ਤੋਂ ਭੱਜਿਆ ਚਾਹੁੰਦੇ ਹਨ। ਇਹ ਭੱਜਣ ਤੇ ਛੁੱਟਣ ਦੇ ਕਿੰਨੇ ਯਤਨ ਕਰ ਲੈਣ, ਇਤਿਹਾਸ ਦਾ ਕੰਬਲ ਹੁਣ ਇਹਨਾਂ ਨੂੰ ਛੱਡੇਗਾ ਨਹੀਂ।

ਪਾਣੀ ਪੰਜਾਬ ਦੀ ਜਿੰਦ-ਜਾਨ ਹੈ। ਪੰਜਾਬ ਦੀ ਆਰਥਿਕਤਾ ਪਾਣੀ ਨਾਲ ਬੱਝੀ ਹੋਈ ਹੈ। ਆਰਥਿਕਤਾ ਕਿਸੇ ਵੀ ਕੌਮ ਦੀ ਰੀੜ੍ਹ ਹੁੰਦੀ ਹੈ। ਰੀੜ੍ਹ ਕੁੜਕ ਜਾਵੇ, ਕੌਮੀ ਢਾਂਚਾ ਖੜ੍ਹਾ ਨਹੀਂ ਰਹਿ ਸਕਦਾ।

ਪਾਣੀ ਰਾਜਾਂ ਦੇ ਅਧਿਕਾਰ ਖੇਤਰ ਵਿਚ ਆਉਂਦਾ ਸੀ। ਕੇਂਦਰ ਨੇ ਮੱਲੋਮੱਲੀ ਦਾ ਧਨਸੁ ਬਣਕੇ ਪੰਜਾਬ ਦਾ ਪਾਣੀ ਵੰਡ ਦਿੱਤਾ। ਹੁਣ ਤੱਕ ਪਾਣੀ ਦੀ ਕੀਤੀ ਵੰਡ ਉਤੇ ਕਿਸੇ ਪੰਜਾਬੀ ਦੇ ਦਸਖਤ ਨਹੀਂ। ਹੁਣ ਤੱਕ ਦੀ ਵੰਡ ਬੇਕਾਨੂੰਨੀ ਹੈ। ਪੰਜਾਬ ਨੂੰ ਆਪਣੇ ਹੱਕ ਸੱਚ ਉਤੇ ਅੜੋ ਤੇ ਮਰੋ ਦੇ ਇਰਾਦੇ ਨਾਲ ਡਟ ਜਾਣਾ ਚਾਹੀਦਾ ਹੈ, ਹੁਣ ਤੱਕ ਦੀ ਪਾਣੀ ਵੰਡ ਨੂੰ ਰੱਦ ਕਰ ਦੇਣਾ ਚਾਹੀਦਾ

ਬਾਕੀ ਪੰਨਾ 6 ਉਤੇ।

Immigration and Citizenship Matters
JAMES SUE & COMPANY

Immigration Advocates

- Filing a successful application for immigrant visas
- Family Re-Unification
- Indian Adoptions
- Making a Refugee Claim
- Inquiries & Deportation
- Immigration Appeal Board matters

For help contact :
BABU JIM NARAIN of James, Sue & Company who was 18 years of experience on Immigration and Citizenship matters with top Immigration Lawyers.

ਸਪੈਸ਼ਲ ਅਨਾਊਂਸਮੈਂਟ

ਨਵੀਂ ਇਮੀਗਰੇਸ਼ਨ ਪਾਲਿਸੀ ਅਨੁਸਾਰ ਤੁਸੀਂ ਭਾਰਤ ਜਾਂ ਕਿਸੇ ਹੋਰ ਦੇਸ਼ ਤੋਂ ਘਰੇਲੂ ਕੰਮ ਕਰਨ ਲਈ ਕਾਮੇ (domestic workers) ਮੰਗਵਾ ਸਕਦੇ ਹੋ ਜਿਨ੍ਹਾਂ ਲਈ ਸਪੈਸ਼ਲ ਵੀਜ਼ਾ ਮਿਲਦਾ ਹੈ ਤੇ ਉਹ ਪੱਕੇ ਇਮੀਗਰੇਂਟ ਬਣ ਸਕਦੇ ਹਨ। ਜੇ ਤੁਸੀਂ ਕਿਸੇ ਨੂੰ ਇਸ ਨਵੀਂ ਪਾਲਿਸੀ ਅਧੀਨ ਮੰਗਵਾਉਣਾ ਚਾਹੁੰਦੇ ਹੋ ਤਾਂ ਹੁਣ ਮੌਕਾ ਹੈ। ਹੋਰ ਜਾਣਕਾਰੀ ਲਈ ਬਾਬੂ ਜਿਮ ਨਰਾਇਣ ਨੂੰ ਮਿਲੋ!

Evening Office :
433-

#210 - 535 W. 10th Ave. Vancouver, B.C. Tel: Off. 873-9441

# ਅਤਿਵਾਦੀਆਂ ਵਲੋਂ 11 ਬਿਹਾਰੀ ਕਤਲ

ਪਟਨਾ — ਇਥੇ ਪੁੱਜੀਆਂ ਖਬਰਾਂ ਅਨੁਸਾਰ ਪੁਲਸ ਨੇ 28 ਅਤਿਵਾਦੀ ਗ੍ਰਿਫਤਾਰ ਕੀਤੇ ਹਨ ਜਿਨ੍ਹਾਂ ਉਤੇ ਸ਼ੱਕ ਹੈ ਕਿ 11 ਬਿਹਾਰੀ ਇਨ੍ਹਾਂ ਵਲੋਂ ਕਤਲ ਕੀਤੇ ਗਏ ਹਨ। ਇਹ ਕਤਲ ਦਾਰਮੀਆ ਪਿੰਡ ਵਿਚ ਅਤਿਵਾਦੀਆਂ ਨੇ ਕੀਤੇ ਦਾਰਮੀਆ ਔਰੰਗਾਬਾਦ ਜ਼ਿਲੇ ਦਾ ਇਕ ਪਿੰਡ ਹੈ।

# ਏਅਰ ਇੰਡੀਆ ਦਾ ਜਹਾਜ਼ ਬੰਬ ਨਾਲ ਉਡਾਇਆ ਗਿਆ — ਜਸਟਿਸ ਕਿਰਪਾਲ

ਨਵੀਂ ਦਿੱਲੀ — ਏਅਰ ਇੰਡੀਆ ਜਹਾਜ਼ 'ਕਨਿਸ਼ਕ' ਦੇ ਮਾਮਲੇ ਦੀ ਪੜਤਾਲ ਕਰ ਰਹੇ ਜੱਜ ਬੀ. ਐਨ. ਕਿਰਪਾਲ ਨੇ ਆਪਣੀ ਅੰਤਮ ਰੀਪੋਰਟ ਵਿਚ ਕਿਹਾ ਹੈ ਕਿ ਏਅਰ ਇੰਡੀਆ ਜਹਾਜ਼ ਦਾ ਦੁਖਾਂਤ ਇਕ ਸ਼ਕਤੀਸ਼ਾਲੀ ਟਾਈਮ-ਬੰਬ ਕਾਰਨ ਵਾਪਰਿਆ। ਜਸਟਿਸ ਕਿਰਪਾਲ ਨੇ ਕਿਹਾ ਕਿ ਬੰਬ ਕੈਨੇਡਾ ਵਿਚ ਸਥਿਤ ਦਹਿਸ਼ਤਪਸੰਦਾਂ ਨੇ ਸਾਮਾਨ ਵਿਚ ਭੇਜਿਆ।

ਯਾਦ ਰਹੇ ਕਿ ਇਸ ਦੁਖਾਂਤ ਵਿਚ ਮਰਨ ਵਾਲਿਆਂ ਵਿਚ 80 ਕੈਨੇਡੀਅਨ ਬੱਚੇ ਸਨ।

# ਭਾਰਤੀ ਹਾਈ ਕਮਿਸ਼ਨਰ ਸ੍ਰੀ ਛਤਵਾਲ ਪਿੰਨਟਿਕਟਿਨ ਵਿਚ



ਆਪਣੇ ਪਿਨਟਿਕਟਿਨ ਦੇ ਦੌਰੇ ਸਮੇਂ ਹਾਈ ਕਮਿਸ਼ਨਰ ਛਤਵਾਲ ਫਾਰਮਰ ਜਰਨੈਲ ਸਿੰਘ ਸਿਧੂ ਨਾਲ

# ਆਸਟ੍ਰੇਲੀਆ ਨੇ ਭਾਰਤੀ ਹਾਕੀ ਟੀਮ ਨੂੰ 6—0 ਤੇ ਹਰਾਇਆ

ਲੰਡਨ — ਇਥੇ ਹੋ ਰਹੇ ਛੇ ਦੇਸ਼ਾਂ ਦੇ ਟੂਰਨਾਮੈਂਟ ਵਿਚ 12 ਅਕਤੂਬਰ ਨੂੰ ਆਸਟ੍ਰੇਲੀਆ ਦੀ ਹਾਕੀ ਟੀਮ ਨੇ ਭਾਰਤ ਦੀ ਹਾਕੀ ਟੀਮ ਦੇ ਛੱਕੇ ਛੁਡਾ ਦਿਤੇ ਜਦ ਟੂਰਨਾਮੈਂਟ ਦੇ ਪਹਿਲੇ ਮੈਚ ਵਿਚ ਹੀ ਆਸਟ੍ਰੇਲੀਆ ਨੇ ਭਾਰਤ ਦੀ ਹਾਕੀ ਟੀਮ ਸਿਰ ਛੇ ਗੋਲ ਕੀਤੇ। ਭਾਰਤ ਦੀ ਹਾਕੀ ਟੀਮ ਕੋਈ ਗੋਲ ਨਾ ਕਰ ਸਕੀ। ਏਸ਼ੀਆ ਗੇਮਾਂ ਵਿਚ ਭਾਰਤੀ ਹਾਕੀ ਟੀਮ ਕਾਂਸੇ ਦਾ ਤਗਮਾ ਪ੍ਰਾਪਤ ਕਰ ਸਕੀ ਜਦ ਪਾਕਿਸਤਾਨ ਵੀ ਏਸ਼ੀਆ ਦੀ ਹਾਕੀ ਦੀ ਸਰਦਾਰੀ ਦੱਖਣੀ ਕੋਰੀਆ ਨੂੰ ਦੇ ਬੈਠਾ।

# ਭਾਰਤ ਅਤੇ ਅਮਰੀਕਾ ਵਿਚਕਾਰ ਹਥਿਆਰਾਂ ਬਾਰੇ ਗਲਬਾਤ ਜਾਰੀ

ਨਵੀਂ ਦਿੱਲੀ — ਅਮਰੀਕਾ ਦਾ ਇਕ ਵਫਦ ਡੀਫੈਂਸ ਸਕੱਤਰ ਮਿ: ਵਾਈਨਵਰਗਰ ਦੀ ਅਗਵਾਈ ਹੇਠ ਇਸ ਸਮੇਂ ਭਾਰਤ ਦੇ ਡੀਫੈਂਸ ਅਧਿਕਾਰੀਆਂ ਨਾਲ ਹਥਿਆਰਾਂ ਬਾਰੇ ਗੱਲਬਾਤ ਕਰ ਰਿਹਾ ਹੈ। ਅਮਰੀਕਾ ਦੇ ਵਫਦ ਦੀ ਅਗਵਾਈ ਵਾਈਨਬਰਗਰ ਅਤੇ ਭਾਰਤ ਦੇ ਵਫਦ ਦੀ ਅਗਵਾਈ ਅਰੁਨ ਸਿੰਘ ਕਰ ਰਹੇ ਹਨ। ਸੋਮਵਾਰ ਨੂੰ ਮਿ: ਵਾਈਨਬਰਗਰ ਨੇ ਬੰਗਲੌਰ ਵਿਚ ਹਿੰਦੁਸਤਾਨ ਐਰੋਨਾਟਿਕਸ ਲਿਮਟਿਡ ਦਾ ਕਾਰਖਾਨਾ ਦੇਖਿਆ।

11 ਅਕਤੂਬਰ ਨੂੰ ਵਾਈਨਬਰਗਰ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਡੇਢ ਘੰਟੇ ਲਈ ਮਿਲੇ ਜਿਥੇ ਕੌਮਾਂਤਰੀ ਮਸਲਿਆਂ ਉਤੇ ਗਲਬਾਤ ਹੋਈ। ਅਮਰੀਕਾ ਭਾਰਤ ਨੂੰ ਸੁਪਰ ਕੰਪਿਊਟਰ ਵੇਚਣ ਲਈ ਤਿਆਰ ਹੋ ਗਿਆ ਹੈ।

ਵਾਈਨਬਰਗਰ ਨੇ ਇਥੇ ਕਿਹਾ ਕਿ ਉਹ ਭਾਰਤ ਅਤੇ ਪਾਕਿਸਤਾਨ ਦੋਵਾਂ ਨਾਲ ਦੋਸਤੀ ਵਾਲੇ ਸਬੰਧ ਰੱਖਣਾ ਚਾਹੁੰਦਾ ਹੈ।

12 ਅਕਤੂਬਰ ਨੂੰ ਵਿੱਤ ਮੰਤਰੀ ਨੇ ਡੀਫੈਂਸ ਸਕੱਤਰ ਲਈ ਖਾਣੇ ਦੀ ਦਾਅਵਤ ਦਿਤੀ।

# ਐਲ ਸੈਲਵੇਡੋਰ ਵਿਚ ਭੁਚਾਲ ਨਾਲ ਇਕ ਹਜ਼ਾਰ ਮੌਤਾਂ

ਸੈਨ ਸੈਲਵੇਡੋਰ — ਇਥੇ ਭੁਚਾਲ ਆਉਣ ਨਾਲ 1000 ਵਿਅਕਤੀ ਮਾਰੇ ਗਏ ਹਨ ਅਤੇ ਡੇਢ ਲੱਖ ਤੋਂ ਉਪਰ ਬੇਘਰ ਹੋ ਗਏ ਹਨ। ਪਿਛਲੇ ਤਿੰਨ ਦਿਨ ਤੋਂ ਭੁਚਾਲ ਦੇ ਝਟਕੇ ਲਗਾਤਾਰ ਆ ਰਹੇ ਹਨ।




ਸਰੀ - ਗਿੱਲਫਰਡ - ਵਾਲ੍ਹੀ ਚੋਣ ਹਲਕੇ ਵਿਚ

ਵੋਟ

## ਡੌਨ ਰੌਸ

ਨੂੰ ਪਾਓ

ਉਹ ਵਿਕਟੋਰੀਆ ਵਿਚ ਤੁਹਾਡੀ ਚੰਗੀ ਸੇਵਾ ਕਰ ਸਕਦੇ ਹਨ

## 22 ਅਕਤੂਬਰ ਦਿਨ ਬੁੱਧਵਾਰ

ਪ੍ਰੋਵੈਂਨਸ਼ਲ ਵੋਟਾਂ ਦਾ ਦਿਨ ਹੈ

LIBERAL

Ross Don ☒

(ਪੰਨਾ 4 ਦੀ ਬਾਕੀ)

ਹੈ। ਮੂੰਹ ਵਿਚ ਘੁੰਗਣੀਆਂ ਪਾ ਕੇ ਸਤਿਬਚਨੀਏ ਹੋਣ ਨਾਲ ਦਰਿਆਵਾਂ ਦੀ ਮਾਲਕੀ ਤੋਂ ਪੰਜਾਂਬ ਇਕ ਤਰ੍ਹਾਂ ਵਾਂਝਾ ਹੋ ਜਾਵੇਗਾ। ਇਸ ਤਰ੍ਹਾਂ ਦੀਆਂ ਧੱਕੇਸ਼ਾਹੀਆਂ ਜਰਦਾ ਪੰਜਾਬ ਗੁਲਾਮੀ ਤੋਂ ਛੁਟਕਾਰਾ ਪਾਉਣ ਜੋਗਾ ਵੀ ਨਹੀਂ ਰਹੇਗਾ।

ਪਾਣੀ ਦੀ ਵੰਡ ਬਾਰੇ ਇਰਾਦੀ ਕਮਿਸ਼ਨ ਅਥਵਾ ਕਿਸੇ ਹੋਰ ਕਮੇਟੀ ਅੱਗੇ ਦਸਖਤ ਕਰਕੇ ਫੈਸਲਾ ਮੰਨ ਲੈਣਾ, ਪੰਜਾਬ ਨਾਲ ਗਦਾਰੀ ਸਾਬਤ ਹੋਵੇਗਾ। ਜਿਥੇ ਕੌਮ ਉਸਦੇ ਸਿੱਟੇ ਭੁਗਤੇਗੀ, ਉਥੇ ਦਸਖਤ ਕਰਕੇ ਸਮਝੌਤਾ ਮੰਨ ਲੈਣ ਵਾਲੇ ਕਿਵੇਂ ਸੁਰਖਰੂ ਹੋਣਗੇ ? ਦਰਿਆਵਾਂ ਦਾ ਮਾਲਕ ਪੰਜਾਬ ਹੈ ਤੇ ਪੰਜਾਬ ਦੀ ਦੌਲਤ ਕਿਵੇਂ ਵੀ ਮੁਫਤ ਨਹੀਂ ਲੁਟਾਈ ਜਾ ਸਕਦੀ। ਪੰਜਾਬ ਸਰਕਾਰ ਜੇ ਪਾਣੀ ਦੀ ਮਾਲਕੀ ਉਤੇ ਨਹੀਂ ਅੜਦੀ, ਉਹ ਪੰਜਾਬ ਦੀ ਤਰਜਮਾਨ ਕਿਵੇਂ ਹੋ ਸਕਦੀ ਹੈ ? ਪੈਦਾਵਾਰੀ ਸਾਧਨਾਂ ਨੂੰ ਲੁਟਾਣ ਦਾ ਹੱਕ ਲੋਕਾਂ ਕਦੇ ਸਰਕਾਰ ਨੂੰ ਨਹੀਂ ਦਿਤਾ ਸਰਕਾਰ ਰਾਖੀ ਵਾਸਤੇ ਹੁੰਦੀ ਐ, ਲੁਟੇਰਿਆਂ ਦੇ ਭਾਈਵਾਲ ਬਣਨ ਲਈ ਨਹੀਂ। ਜੇ ਸੈਂਟਰ ਵਿਧਾਨਕ ਮੱਦਾਂ ਅਨੁਸਾਰ ਸਮਝੌਤਾ ਲਾਗੂ ਨਹੀਂ ਕਰਦਾ, ਤਦ ਨਹਿਰ ਦੀ ਉਸਾਰੀ ਕਿਉਂ ? ਸਿਆਪਾ ਇਸ ਨਹਿਰ ਤੋਂ ਛਿੜਿਆ ਸੀ। ਸੈਂਟਰ ਹੁਸ਼ਿਆਰੀ ਨਾਲ ਨਹਿਰ ਮੁਕੰਮਲ ਕਰਵਾਈ ਜਾ ਰਿਹਾ ਹੈ। ਕੈਦੀਆਂ ਦੀ ਰਿਹਾਈ, ਚੰਡੀਗੜ੍ਹ ਤੇ ਆਨੰਦਪੁਰ ਦੇ ਮਤੇ ਨੂੰ ਖੁੱਡੇ ਲਾਈਨ ਵੀ ਲਾਈ ਜਾ ਰਿਹਾ ਹੈ। ਪੰਜਾਬ ਸਰਕਾਰ ਆਪਣੀ ਸ਼ਾਹ ਰਗ ਦੁਸ਼ਮਣ ਦੇ ਹੱਥ ਦੇ ਕੇ ਵੱਟੇ ਵਿਚ ਨਿਰਾ ਪਛਤਾਵਾ ਪੱਲੇ ਪੁਆਵੇਗੀ। ਯਾਦ ਰੱਖੋ, ਪਾਣੀ ਹਾਰਨਾ ਪੰਜਾਬ ਦੀ ਮੌਤ ਦੇ ਵਾਰੰਟਾਂ ਉਤੇ ਦਸਖਤ ਕਰਨਾ ਸਿਧ ਹੋਵੇਗਾ।

ਚੰਡੀਗੜ੍ਹ ਅੱਗੋਂ ਪਿਛੋਂ ਪੰਜਾਬ ਦਾ ਹੈ। ਇਹਦੇ ਲਈ ਛੇ ਹਜ਼ਾਰ ਏਕੜ ਭੋਂ ਤੋਂ ਇਕ ਇੰਚ ਵੀ ਵੱਧ ਦੇਣਾ ਪੰਜਾਬ ਨਾਲ ਇਕ ਹੋਰ ਧੱਕਾ ਸਮਝਿਆ ਜਾਵੇਗਾ। ਧੱਕਿਆਂ ਦੇ ਨਤੀਜੇ ਤਾਰੀਖੀ ਪੱਖੋਂ ਕਦੇ ਚੰਗੇ ਨਹੀਂ ਨਿਕਲੇ। ਜੇ ਬੋਲੀ ਹੀ ਚਾੜ੍ਹ ਦਿਤੀ ਹੈ ਤਦ ਪੰਜਾਬੀ ਬੋਲਦਾ ਇਲਾਕਾ ਅਤੇ ਮੁਆਵਜ਼ਾ ਲੈ ਕੇ ਪੰਜਾਬ ਦੇ ਵਿਚਕਾਰ ਰਾਜਧਾਨੀ ਕਿਉਂ ਨਾ ਵਿਉਂਤੀ ਜਾਵੇ ?

ਸਿਖ ਕੈਦੀਆਂ ਨੂੰ ਛੁਡਾਉਣ ਲਈ ਰਾਜੀਵ-ਲੌਂਗੋਵਾਲ ਸਮਝੌਤੇ ਵਿਚ ਸਪਸ਼ਟ ਮੱਦ ਹੈ। ਪਰ ਜੇ ਸਰਕਾਰ ਦਸਖਤ ਕਰਕੇ ਮੁੱਕਰ ਜਾਵੇ, ਫਿਰ ਕੀ ਉਹਦੇ ਮੂੰਹ ਵੱਲ ਹੀ ਵੇਖੀ ਜਾਣਾ ਚਾਹੀਦਾ ਹੈ ? ਕੈਦੀਆਂ ਨੂੰ ਛੁਡਾਉਣ ਲਈ ਨਵੀਂ ਮੁਹਿੰਮ ਦਾ ਵਿੱਢ ਲਾਉਣਾ ਪਵੇਗਾ। ਤੇ ਨਵੀਂ ਮੁਹਿੰਮ ਹੁਣ ਠੋਸ ਏਕਤਾ ਬਿਨਾਂ ਨਹੀਂ ਚਲਾਈ ਜਾਣੀ। ਸਾਰੀਆਂ ਬਿਪਤਾਵਾਂ ਤੇ ਸੰਕਟਾਂ ਤੋਂ ਮੁਕਤੀ ਪਾਉਣ ਲਈ ਏਕਤਾ ਹਰ ਹਾਲਤ ਵਿਚ ਪਹਿਲਾਂ ਤੇ ਲਾਜ਼ਮੀ ਕਦਮ ਹੈ। ਏਕਤਾ ਬਿਨਾਂ ਸਾਰੇ ਖੁਆਰ ਹੋਣਗੇ। ਦੁਸ਼ਮਣ ਆਪਣੀ ਤਾਕਤ ਦੇ ਕਿਲੇ ਵਿਚ ਸੁਰੱਖਿਅਤ ਬੈਠਾ ਹੈ। ਏਕਤਾ ਦੇ ਘੇਰੇ ਬਿਨਾਂ ਉਸ ਨੂੰ ਕਿਵੇਂ ਵੀ ਬਾਹਰ ਨਹੀਂ ਕੱਢਿਆ ਜਾ ਸਕਦਾ। ਸੌ ਚਾਚਾ ਲੱਖ ਫਾਟਾਂ ਭੰਨਾਵੇ, ਆਪਣੇ ਪਿਉ ਬਿਨਾਂ ਕਦੇ ਨਹੀਂ ਸਰਿਆ। ਅਕਾਲ ਤਖਤ ਦੀ ਏਕਤਾ ਨੂੰ ਭੁੱਲਿਆਂ ਵਿਆਪਤ ਸੱਭੇ ਰੋਗ। ਆਪੂੰ ਜਿੰਨੇ ਮਰਜ਼ੀ ਖੁਆਰ ਹੋ ਲਵੋ, ਕੌਮ ਨੂੰ ਬਲਦੀ ਦੇ ਬੂਥੇ ਦੇ ਲਵੋ, ਅੰਤ-ਅਖੀਰ ਏਕਤਾ ਹੀ ਮਸਲੇ ਹੱਲ ਕਰੇਗੀ। ਦੁਸ਼ਮਣ ਵਾਰੀ ਵਾਰੀ ਸਭ ਦੀ ਭੁਗਤ ਸਵਾਰੇਗਾ ਤੇ ਸਵਾਰੀ ਚਾ ਰਿਹਾ ਹੈ। ਜਿਹੜੇ ਦੁਸ਼ਮਣ ਨੂੰ ਯਾਰ ਸਮਝਕੇ ਜੱਫੀਆਂ ਪਾਉਂਦੇ ਐ, ਸਭ ਤੋਂ ਭੈੜੀ ਉਹਨਾਂ ਨਾਲ ਹੋਵੇਗੀ। ਨਾ ਮੇਰਾ ਧਰਮ ਰਿਹਾ, ਨਾ ਘੁਗ ਕੇ ਵਸੀ ਘਰ ਤੇਰੇ। ਸ਼ਹੀਦਾਂ ਦੇ ਘਰਾਂ ਦਾ, ਕੈਦੀਆਂ ਦੇ ਕਸ਼ਟਾਂ ਦਾ ਅਤੇ ਟਾਰਚਰ ਦੀ ਸਟਰੈਚਰ ਉਤੇ ਪਿਆਂ ਦੇ ਦੁੱਖ-ਦਰਦ ਦਾ ਇਹਨਾਂ ਲੀਡਰਾਂ ਨੂੰ ਭੋਰਾ ਜਿੰਨਾ ਵੀ ਅਹਿਸਾਸ ਹੁੰਦਾ, ਇਹ ਜੁੜਦੇ ਬਿਦ ਨਾ ਲਾਉਂਦੇ। ਨੌਜਵਾਨਾ ਪੀੜ੍ਹੀ, ਬੁੱਢਿਓ, ਤੁਹਾਨੂੰ ਕਦੇ ਮਾਫ ਨਹੀਂ ਕਰੇਗੀ। ਤਸੀਹੇ ਝੱਲ ਰਹੇ ਕੈਦੀ ਅਤੇ ਪੁਲਸ ਦੀ ਟਾਰਚਰ ਹੇਠ ਆਏ ਨੌਜਵਾਨ, ਸਾਡੀ ਤਾਰੀਖ ਦੇ ਸੂਰਮੇ ਹਨ — ਸਾਡਾ ਜਿਉਂਦਾ ਜਾਗਦਾ ਭਵਿਖ ਹਨ। ਇਹਨਾਂ ਨੂੰ ਗਵਾ ਕੇ ਸਾਡੇ ਕੋਲ ਕੀ ਰਹਿ ਜਾਵੇਗਾ ? ਲਾਹਨਤ, ਗੁਲਾਮੀ ਤੇ ਅੰਤਾਂ ਦੀ ਬੇਸ਼ਰਮੀ।

ਵਿਧਾਨ ਦੀ ਧਾਰਾ 249 ਅਨੁਸਾਰ ਪੰਜ ਕਿਲੋਮੀਟਰ ਦੀ ਪੱਟੀ ਵਾਲੇ ਕਾਨੂੰਨ ਨੂੰ ਨੀਮ-ਰਜ਼ਾਮੰਦੀ ਦੇਣਾ ਵੀ ਪੰਜਾਬ ਦੀ ਮੌਤ ਸਿਧ ਹੋਵੇਗਾ। ਅਸੀਂ ਆਜ਼ਾਦੀ ਦਾ ਸੁਖ ਮਾਨਣ ਲਈ ਅੰਦਰੂਨੀ ਖੁਦਮੁਖਤਾਰੀ ਮੰਗਦੇ ਆਂ। ਤੇ ਸੈਂਟਰ ਆਖਦਾ ਏ, ਤੁਸੀਂ ਲਿਸ਼ਕਾਰੇ ਮਾਰਨ ਵਾਲੇ ਕੋਕਾ ਘੜਾਓਗੇ, ਖਰਚ ਕਰੋਗੇ, ਲਿਆਓ ਤੁਹਾਡਾ ਨੱਕ ਹੀ ਵੱਢ ਸੁਟਦੇ ਆਂ। ਸਾਡਾ ਭਾਵੇਂ ਸਾਰਾ ਸਿਰ ਨੰਗਾ ਹੋ ਜਾਵੇ, ਪਰ ਸੈਂਟਰ ਪੱਗ ਦੀ ਧੁਰ ਧਰਾਊ ਪੱਟੀ ਪਾੜਨ ਲਈ ਕਾਹਲਾ ਹੈ। ਪੰਜ ਕਿਲੋਮੀਟਰ ਪੱਟੀ ਦੇ ਲੋਕ ਕਿਥੇ ਜਾਣਗੇ ? ਆਪੇ ਯੂ. ਪੀ. ਤੇ ਮੱਧ ਪ੍ਰਦੇਸ਼ ਵਿਚ ਧੱਕੇ ਖਾਂਦੇ ਫਿਰਨਗੇ। ਪੰਜਾਬ ਦੀ ਸਿੱਖੇਬੰਦ ਆਬਾਦੀ ਘਟਾਉਣਾ ਦੁਸ਼ਮਣਾਂ ਦੀ ਚਰੋਕਣੀ ਸੋਚੀ ਸਮਝੀ ਚਾਲ ਹੈ। ਜਿਸ ਦੇ ਸੰਕੇਤ ਮੈਂ ਕਈ ਵਾਰ ਦੇ ਚੁਕਾ ਹਾਂ। ਪੂਰਬੀ ਸੀਮਾ ਤੇ ਪਿਛਲੇ ਪੱਚੀ ਸਾਲ ਤੋਂ ਠੂਹ-ਠਾਹ ਤੇ ਖੂਨ-ਖਰਾਬਾ ਹੋ ਰਿਹਾ ਹੈ, ਉਥੇ ਇਸ ਦੀ ਲੋੜ ਕਿਉਂ ਨਹੀਂ ਸਮਝੀ ਗਈ।

(ਸੰਪਾਦਕੀ ਦੀ ਬਾਕੀ)

ਹਮਲਾ ਵੀ ਕਰ ਸਕਦਾ ਹੈ, ਸੋ ਅਜਿਹੀ ਸਥਿਤੀ ਵਿਚ ਸੋਵੀਅਤ ਯੂਨੀਅਨ ਕਿਵੇਂ ਵੀ ਅਮਰੀਕਾ ਉਪਰ ਯਕੀਨ ਨਹੀਂ ਕਰ ਸਕਦਾ।

ਜਿਵੇਂ ਕਿ ਅਸੀਂ ਪਿਛਲੇ ਹਫਤੇ ਦੇ ਸੰਪਾਦਕੀ ਵਿਚ ਆਸ ਪ੍ਰਗਟ ਕੀਤੀ ਸੀ ਕਿ ਇਹ ਮੀਟਿੰਗ ਸਫਲ ਰਹੇਗੀ, ਉਹ ਅਮਰੀਕੀ ਸਾਮਰਾਜ ਦੇ ਗੈਰ ਮਨੁੱਖੀ ਉਦੇਸ਼ਾਂ ਅਤੇ ਜੰਗਬਾਜ਼ ਨੀਤੀਆਂ ਦੇ ਕਾਰਨ ਅਸਫਲ ਹੋ ਗਈ ਹੈ।

ਅਸੀਂ ਇਥੇ ਸੋਵੀਅਤ ਯੂਨੀਅਨ ਵਲੋਂ ਹਾਲੇ ਵੀ ਐਟਮੀ ਹਥਿਆਰਾਂ ਦੇ ਖਾਤਮੇਂ ਦਾ ਕੋਈ ਹੱਲ ਲੱਭਣ ਲਈ ਇਛਾ ਦਾ ਸੁਆਗਤ ਕਰਦੇ ਹਾਂ ਅਤੇ ਭਵਿਖ ਵਿਚ ਅਮਨ ਲਹਿਰ ਵਿਚ ਹਰ ਇਕ ਵਿਅਕਤੀ ਦੇ ਹਿਸਾ ਪਾਉਣ ਨੂੰ ਜ਼ਰੂਰੀ ਸਮਝਦੇ ਹਾਂ, ਤਾਂ ਜੋ ਅਮਰੀਕਾ ਨੂੰ 'ਸਟਾਰ ਵਾਰ' ਨੂੰ ਤਿਆਗਣ ਲਈ ਮਜ਼ਬੂਰ ਕੀਤਾ ਜਾ ਸਕੇ ਅਤੇ ਸਾਡਾ ਇਹ ਸੰਸਾਰ ਕਿਸੇ ਅਚਾਲਕ ਸਰਬਨਾਸ਼ ਤੋਂ ਬਚ ਸਕੇ

# ਬਾਦਲ ਘਟੀਆ ਖੇਡ ਨਾ ਖੇਡੇ - ਬਰਨਾਲਾ

ਚੰਡੀਗੜ੍ਹ — ਪੰਜਾਬ ਦੇ ਮੁਖ ਮੰਤਰੀ ਸ: ਬਰਨਾਲਾ ਨੇ ਕਿਹਾ ਹੈ ਕਿ ਬਾਗੀ ਅਕਾਲੀ ਧੜੇ ਦੇ ਨੇਤਾ ਸ: ਪ੍ਰਕਾਸ਼ ਸਿੰਘ ਬਾਦਲ ਸਪਸ਼ਟ ਕਰਨ ਕਿ ਅਤਿਵਾਦੀਆਂ ਬਾਰੇ ਉਨ੍ਹਾਂ ਦਾ ਕੀ ਸਟੈਂਡ ਹੈ ? ਉਨ੍ਹਾਂ ਦੋਸ਼ ਲਾਇਆ ਕਿ ਸ: ਬਾਦਲ ਆਪਣੇ ਬਿਆਨ ਬਦਲ ਬਦਲ ਕੇ ਦੇਸ਼ ਦੇ ਲੋਕਾਂ ਨੂੰ ਮੂਰਖ ਬਣਾ ਰਹੇ ਹਨ ਉਨ੍ਹਾਂ ਕਿਹਾ ਕਿ ਸ: ਬਾਦਲ ਨੂੰ "ਘਟੀਆ ਮੌਕਾਪ੍ਰਸਤੀ ਦੀ ਰਾਜਨੀਤੀ" ਵਿਚ ਨਹੀਂ ਪੈਣਾ ਚਾਹੀਦਾ। ਸ: ਬਰਨਾਲਾ ਨੇ ਸ: ਬਾਦਲ ਦੀ ਸਖਤ ਸ਼ਬਦਾਂ ਵਿਚ ਆਲੋਚਨਾ ਕਰਦੇ ਹੋਏ ਕਿਹਾ ਕਿ ਦਿੱਲੀ ਵਿਚ ਜਾ ਕੇ ਉਹ ਅਤਿਵਾਦੀਆਂ ਵਿਰੁਧ ਬੋਲਦੇ ਹਨ ਅਤੇ ਅੰਮ੍ਰਿਤਸਰ, ਜਾ ਕੇ ਅਤਿਵਾਦੀਆਂ ਨਾਲ ਹਮਦਰਦੀ ਪ੍ਰਗਟ ਕਰਦੇ ਹਨ। ਇਕੋ ਵੇਲੇ ਉਹ ਅਕਾਲੀ ਦਲ ਵਿਚ ਏਕਤਾ ਦੀ ਗੱਲ ਕਰਦੇ ਹਨ ਅਤੇ ਨਾਲ ਹੀ ਇਸ ਵੰਡ ਨੂੰ 'ਸਿਧਾਂਤ' ਦੀਆਂ ਗੱਲਾਂ ਕਰਕੇ ਪੱਕੀ ਕਰਦੇ ਹਨ। ਉਹ ਅਤਿਵਾਦੀਆਂ ਦੀ ਭਾਸ਼ਾ ਬੋਲ ਕੇ ਉਨ੍ਹਾਂ ਦਾ ਆਪਣੇ ਆਪ ਆਗੂ ਬਣਨ ਦਾ ਯਤਨ ਕਰਦੇ ਹਨ।

ਉਨ੍ਹਾਂ ਨੇ ਕਿਹਾ ਸ: ਬਾਦਲ ਰਾਜਸੀ ਨਿਰਾਸ਼ਤਾ ਵਿਚੋਂ "ਦਿਮਾਗੀ ਤਵਾਜ਼ਨ" ਖੋਹ ਬੈਠੇ ਹਨ। ਉਨ੍ਹਾਂ ਨੇ ਲੈ. ਜਨਰਲ ਅਰੋੜਾ ਦੀ ਆਲੋਚਨਾ ਬਾਰੇ ਟਿੱਪਣੀ ਕਰਦੇ ਹੋਏ ਕਿਹਾ ਕਿ ਸ: ਬਾਦਲ ਇਹ ਦੱਸਣ ਕਿ ਉਨ੍ਹਾਂ ਦੇ ਵਿਧਾਇਕ ਗਰੁਪ ਦੇ ਨੇਤਾ ਕੈਪਟਨ ਅਮਰਿੰਦਰ ਸਿੰਘ ਕਦੋਂ ਜੇਲ੍ਹ ਗਏ ਹਨ। ਕੀ ਉਸ ਦਾ ਕਾਂਗਰਸ ਵਾਲਾ ਪਿਛੋਕੜ ਨਹੀਂ ਹੈ। ਉਨ੍ਹਾਂ ਕਿਹਾ ਕਿ ਹੁਣ ਸ: ਬਾਦਲ ਸ: ਕਪੂਰ ਸਿੰਘ ਪ੍ਰਤੀ ਸਤਿਕਾਰ ਵਿਖਾ ਰਹੇ ਹਨ ਪ੍ਰੰਤੂ 1969 ਵਿਚ ਜਦੋਂ ਉਹ ਵਿਧਾਇਕ ਸਨ ਤਾਂ ਸ. ਬਾਦਲ ਨੇ ਉਨਾਂ ਨੂੰ ਆਪਣੇ ਮੰਤਰੀ ਮੰਡਲ ਵਿਚ ਵੀ ਨਹੀਂ ਲਿਆ। ਹੁਣ ਸ: ਕਪੂਰ ਸਿੰਘ ਉਤੇ ਮਗਰ ਮੱਛ ਦੇ ਹੰਝੂ ਵਹਾਉਣ ਦਾ ਕੀ ਲਾਭ ਹੈ।

ਕਿੰਨਾ ਚਿਰ ਛੱਤਾਂ ਤੇ ਚੜ੍ਹਕੇ, ਸੁਪਨ-ਪਤੰਗ ਉਡਾਓਗੇ,
ਕਦ ਤੀਕਰ ਅਕਾਸ਼ਾਂ ਉੱਤੇ. ਕਾਲਖ-ਟਾਕੀ ਲਾਓਗੇ।

ਭਰਮ ਭੁਲੇਖੇ, ਵੰਗਾਂ ਵਾਂਗੂੰ. ਹੌਲੀ ਹੌਲੀ ਟੁੱਟਣਗੇ,
ਕਰ ਕਰ ਕੱਠੇ ਕੱਚ ਦੇ ਟੋਟੇ. ਕਿਸ ਕਿਸ ਨੂੰ ਵਿਖਲਾਓਗੇ।

ਖੁਸ਼ਬੂਆਂ ਦੀ ਰੁੱਤ ਹੁੰਦੀ ਏ. ਆਉਂਦੀ ਏ ਤੁਰ ਜਾਂਦੀ ਏ,
ਉਮਰ ਦੀਆਂ ਦਹਿਲੀਜ਼ਾਂ ਉੱਤੇ, ਬੈਠ ਔਂਸੀਆਂ ਪਾਓਗੇ।

ਰੁੱਤਾਂ ਦੇ ਵੀ ਰੰਗ ਹੁੰਦੇ ਨੇ. ਤੇ ਰੰਗਾਂ ਦੇ ਦਿਨ ਹੁੰਦੇ,
ਕਿਰ ਜਾਵਣ ਜੇ ਹੱਥਾਂ ਵਿਚੋਂ, ਕਿਥੋਂ ਲੱਭ ਲਿਆਓਗੇ।

ਪੰਜਾਬ ਨੂੰ ਕਿੰਨੇ ਪਾਸਿਆਂ ਤੋਂ ਘੇਰਾ ਪਾਇਆ ਹੋਇਆ ਹੈ। ਬਚਾਅ ਵਾਲੀ ਆਸ ਕਿਰਨ ਹਾਲੇ ਤੱਕ ਕਿਸੇ ਪਾਸਿਓਂ ਲਿਸ਼ਕਦੀ ਪ੍ਰਤੀਤ ਨਹੀਂ ਹੁੰਦੀ। ਕੌਮ ਦੀ ਏਕਤਾ ਬਿਨਾਂ ਸੰਕਟਾਂ ਦੀਆਂ ਹੋਰ ਹਨੇਰੀਆਂ ਮਾਰੋ ਮਾਰ ਕਰਦੀਆਂ ਚੜ੍ਹੀਆਂ ਆ ਰਹੀਆਂ ਹਨ। ਇਹਨਾਂ ਲੀਡਰਾਂ ਨਾ ਮਰਨਾ ਏ ਤੇ ਨਾ ਮੰਜਾ ਦੇਣਾ ਹੈ। ਪੰਜਾਬ ਦੇ ਹੱਕ ਸੱਚ ਤੇ ਦਰਦ ਨੂੰ ਮਹਿਸੂਸ ਕਰਨ ਵਾਲੇ ਬੁੱਧੀਜੀਵੀਆਂ ਨੂੰ ਹਰ ਜ਼ਿਲੇ ਵਿਚ ਸੰਮੇਲਨ ਜੋੜਕੇ ਰਾਜਸੀ ਵਰਕਰਾਂ ਅਤੇ ਨੌਜਵਾਨਾਂ ਨੂੰ ਹਲੂਣਾ ਦੇਣਾ ਚਾਹੀਦਾ ਹੈ। ਜੇ ਅਸੀਂ ਇਸ ਨਾਜ਼ਕ ਮੌਕੇ ਸਿੱਖ ਕੌਮ ਦੀ ਏਕਤਾ ਨਾ ਕਰਵਾ ਸਕੇ, 'ਤੁਮਾਰੀ ਦਾਸਤਾਂ ਤੱਕ ਨਾ ਹੋਗੀ ਦਾਸਤਾਨੋਂ ਮੇਂ' ਵਾਲਾ ਸ਼ਿਅਰ ਸਾਡੀ ਕਿਸਮਤ ਦਾ ਸਹੀ ਤਰਜਮਾਨ ਹੋਵੇਗਾ।

# ਸਰਹੱਦ ਉਤੇ 11 ਦਹਿਸ਼ਤਪਸੰਦ ਗੋਲੀਆਂ ਨਾਲ ਹਲਾਕ

ਚੰਡੀਗੜ੍ਹ — ਇਥੇ ਪੁੱਜੀਆਂ ਖਬਰਾਂ ਅਨੁਸਾਰ ਕੱਲ੍ਹ ਪੰਜਾਬ ਸਰਹੱਦ ਉਤੇ ਪਾਕਿਸਤਾਨ ਤੋਂ ਸਰਹੱਦ ਪਾਰ ਕਰਦੇ ਇਕ ਥਾਂ ਉਤੇ ਛੇ ਦਹਿਸ਼ਤਪਸੰਦ ਮਾਰੇ ਗਏ। ਇਕ ਹੋਰ ਸਰਹੱਦੀ ਘਟਨਾ ਵਿਚ ਪੰਜ ਦਹਿਸ਼ਤਪਸੰਦ ਹਲਾਕ ਹੋਣ ਦੀ ਖਬਰ ਹੈ।

# ਮਲੋਟ ਵਿਚ ਸ਼ੰਭੂ ਦੱਤ ਹਲਾਕ

ਮਲੋਟ ਵਿਚ ਸ਼ਿਵ ਸੈਨਾ ਦਾ ਇਕ ਆਗੂ ਸ਼ੰਭੂ ਦੱਤ ਅਤਿਵਾਦੀਆਂ ਹੱਥੋਂ ਹਲਾਕ ਹੋ ਗਿਆ ਹੈ। ਖਬਰਾਂ ਵਿਚ ਦੱਸਿਆ ਗਿਆ ਹੈ ਕਿ ਮਲੋਟ ਸ਼ਹਿਰ ਵਿਚ ਹੜਤਾਲ ਹੋ ਗਈ ਅਤੇ ਉਸਦੇ ਸਸਕਾਰ ਸਮੇਂ ਹਜ਼ਾਰਾਂ ਲੋਕ ਜਲੂਸ ਵਿਚ ਸ਼ਾਮਲ ਹੋਏ।

ਇਕ ਰਾਹ ਬੰਦ ਸੁਰੰਗ ਨੂੰ ਜਾਂਦਾ, ਦੂਜਾ ਸੱਤਾਂ ਰੰਗਾਂ ਨੂੰ.
ਕਿਹੜੇ ਰਾਹ ਨੂੰ ਰੱਦ ਕਰੋਗੇ. ਕਿਹੜੇ ਨੂੰ ਅਪਣਾਓਗੇ।

ਨਜ਼ਰ ਦੀਆਂ ਦੀਵਾਰਾਂ ਉਹਲੇ, ਇਕ ਜਜ਼ੀਰਾ ਚਾਨਣ ਦਾ.
ਕਿਸੇ ਦਿਨ ਦੀਵਾਰਾਂ ਨੂੰ ਢਾਹ ਕੇ, ਚਾਨਣੀਆਂ ਗਲ ਲਾਓਗੇ।

ਅਸੀਂ ਕਦੋਂ ਸੀ ਗ਼ਜ਼ਲਾਂ ਕਹਿੰਦੇ, ਤੁਸਾਂ ਕਿਹਾ, ਕਹਿ ਬੈਠੇ ਹਾਂ.
ਕਿਹੜੇ ਦਿਨ ਫਰਮਾਇਸ਼ ਕਰੋਗੇ, ਕਿਸ ਦਿਨ ਕੋਲ ਬਹਾਓਗੇ।




**COPE**

*working for*

**Vancouver**

ELECTION CENTRE
108 EAST BROADWAY
VANCOUVER V5T 1V9
875-1261

**City Council**

Libby Davies
Bruce Eriksen
Frank Kennedy
Jean Swanson
Carole Walker
Dr. Pauline Weinstein
Bruce Yorke

**School Board**

Carmela Allevato
Chris Allnutt
John Church
Sue Dahlin
Bill Darnell
Sadie Kuehn
Gary Onstad
Phillip Rankin
Dr. Charles Ungerleider

**Park Board**

Joe Arnaud
Michael Chrunik
Connie Fogal
Sue Harris
Tim Louis
Michael O'Neill
Patricia Wilson



**ਕੀ ਤੁਹਾਨੂੰ ਕੋਈ ਬੀਮਾਰੀ ਹੈ, ਜਿਸਦਾ ਇਲਾਜ਼ ਨਹੀਂ ਹੋ ਸਕਿਆ?**

**ਇੱਕ ਰਸਤਾ ਹੋਰ ਹੈ :**

**ਹਿਪਨੋਥੈਰੇਪੀ**

ਦਮਾਂ, ਦਰਦ, ਨਸ਼ਾ, ਵਜ਼ਨ, ਦਿਮਾਗੀ ਚਿੰਤਾ, ਕਰੋਧ, ਬਲੱਡ ਪਰੈਸ਼ਰ, ਗੁਪਤ ਬੀਮਾਰੀਆਂ ਜਾਂ ਕੋਈ ਵੀ ਗੰਭੀਰ ਰੋਗ ਹੋਵੇ, ਸਭ ਦਾ ਸ਼ਰਤੀਆਂ ਇਲਾਜ਼ !! (ਬਿਨਾਂ ਦਵਾਈਆਂ ਦਾ ਪ੍ਰਯੋਗ ਕੀਤਿਆਂ)

ਇਸ ਤੋਂ ਇਲਾਵਾ

ਯਾਦਦਾਸ਼ਤ ਵਧਾਉਣੀ, ਦਿਲ ਦੇ ਦੌਰੇ ਦਾ ਇਲਾਜ਼, ਡਰ ਭੈ ਤੋਂ ਛੁਟਕਾਰਾ ਜਾਂ ਬੱਚਿਆਂ ਦੀ ਰੁਚੀ ਗਲਤ ਪਾਸੇ ਤੋਂ ਹਟਾ ਕੇ ਪੜ੍ਹਨ ਵੱਲ ਲਗਾਉਣੀ ਆਦਿ : ਅਤੇ ਜ਼ਿੰਦਗੀ 'ਚ ਨਵੇਂ ਉਤਸ਼ਾਹ ਪੈਦਾ ਕਰਨ ਵਾਸਤੇ

**ਪ੍ਰਕਾਸ਼ ਬਸਰਾਂ** ਨੂੰ ਫ਼ੋਨ ਕਰੋ

(403) 791-5105/2571

ਐਡਮਿੰਟਨ ਵੀ ਮਿਲਿਆ ਜਾ ਸਕਦਾ ਹੈ, ਸੰਪਰਕ ਪੈਦਾ ਕਰਕੇ (ਸਿਰਫ਼ ਵੀਕਐਂਡ ਤੇ ਹੀ)

# ਰਾਜੀਵ ਗਾਂਧੀ ਬਦੇਸ਼ੀ ਦੌਰੇ ਉਤੇ



ਨਵੀਂ ਦਿੱਲੀ — ਇਥੋਂ ਪ੍ਰਾਪਤ ਸੂਚਨਾਵਾਂ ਅਨੁਸਾਰ ਭਾਰਤ ਦੇ ਪ੍ਰਧਾਨ ਮੰਤਰੀ 20 ਅਕਤੂਬਰ ਤੱਕ ਬਦੇਸ਼ਾਂ ਦੇ ਦੌਰੇ ਉਤੇ ਹਨ। ਉਨ੍ਹਾਂ ਦਾ ਪਹਿਲਾ ਪੜਾਅ ਇੰਡੋਨੇਸ਼ੀਆ ਸੀ ਜਿਥੇ ਪ੍ਰਧਾਨ ਮੰਤਰੀ ਨੇ ਇੰਡੋਨੇਸ਼ੀਆ ਦੇ ਪ੍ਰਧਾਨ ਸੁਹਾਰਟੋ ਨਾਲ ਗੱਲਬਾਤ ਕੀਤੀ। ਦੌਰੇ ਉਤੇ ਉਨ੍ਹਾਂ ਨਾਲ ਭਾਰਤ ਦੇ ਬਦੇਸ਼ ਮੰਤਰੀ ਸ਼ਿਵ ਸ਼ੰਕਰ ਵੀ ਹਨ।

ਇੰਡੋਨੇਸ਼ੀਆ ਦੌਰੇ ਸਮੇਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਹਿੰਦ ਮਹਾਂ ਸਾਗਰ ਅਮਨ ਦਾ ਖਿਤਾ ਕਰਾਰ ਦੇਣ ਦੇ ਬਾਵਜੂਦ ਸਾਮਰਾਜੀ ਤਾਕਤਾਂ ਇਸਦਾ ਗਲਤ ਪ੍ਰਯੋਗ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਸ ਖਿਤੇ ਨੂੰ ਲੜਾਈ ਦਾ ਖਿਤਾ ਬਣਾਇਆ ਜਾ ਰਿਹਾ ਹੈ ਅਤੇ ਫੌਜੀ ਸਾਜੋਸਮਾਨ ਫੈਲਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਹਿੰਦ ਮਹਾਂ ਸਾਗਰ ਬਾਰੇ ਇਕ ਕੌਮਾਂਤਰੀ ਕਾਨਫਰੰਸ ਬੁਲਾਈ ਜਾਣੀ ਚਾਹੀਦੀ ਹੈ।

## ਗੁੱਟ ਨਿਰਲੇਪ ਦੇਸ਼

ਭਾਰਤ ਦੇ ਪ੍ਰਧਾਨ ਮੰਤਰੀ ਨੇ ਕਿਹਾ ਕਿ 101 ਦੇਸ਼ਾਂ ਦਾ ਗੁਟ-ਨਿਰਲੇਪ ਧੜਾ ਦੋਵੇਂ ਵੱਡੀਆਂ ਤਾਕਤਾਂ ਦੀਆਂ ਵਧੀਕੀਆਂ ਵਿਰੁਧ ਸੰਘਰਸ਼ਸ਼ੀਲ ਹੈ। ਉਨ੍ਹਾਂ ਕਿਹਾ ਕਿ ਜ਼ਿੰਮਾਬਵੇ ਤੋਂ ਪਿਛੋਂ ਲਾਤੀਨੀ ਅਮਰੀਕੀ ਦਾ ਦੇਸ਼ ਨਿਕਾਰਗਵਾ ਚੇਅਰਮੈਨ ਬਣਨ ਲਈ ਉਤਸੁਕ ਹੈ। ਉਨ੍ਹਾਂ ਕਿਹਾ ਕਿ ਭਾਰਤ ਚੇਅਰਮੈਨਸ਼ਿਪ ਲਈ ਲਾਤੀਨੀ ਅਮਰੀਕਾ ਦੇ ਦੇਸ਼ਾਂ ਦੀ ਮੱਦਦ ਕਰੇਗਾ।

## ਦੱਖਣੀ ਅਫਰੀਕਾ ਦਾ ਨਸਲਵਾਦ

ਉਨ੍ਹਾਂ ਕਿਹਾ ਕਿ ਗੁਟ ਨਿਰਲੇਪ ਦੇਸ਼ ਦੱਖਣੀ ਅਫਰੀਕਾ ਦੇ ਨਸਲਵਾਦ ਦੇ ਵਿਰੁੱਧ ਹਨ। ਉਨ੍ਹਾਂ ਕਿਹਾ ਕਿ ਦੱਖਣੀ ਅਫਰੀਕਾ ਦੀ ਗੋਰੀ ਸਰਕਾਰ ਕਾਲਿਆਂ ਨੂੰ ਬਰਾਬਰ ਦੇ ਹੱਕ ਦੇਣ ਤੋਂ ਵਾਂਝਿਆਂ ਰੱਖ ਰਹੀ ਹੈ ਅਤੇ ਸਾਰੇ ਦੇਸ਼ ਉਸਦੀ ਇਸ ਨੀਤੀ ਦੇ ਵਿਰੁੱਧ ਹਨ।

# ਲੰਕਾ ਦਾ ਮਸਲਾ ਰਾਜਨੀਤਕ ਹੱਲ ਨਾਲ ਸੁਲਝੇਗਾ — ਜੇ. ਐਨ. ਦਿਕਸ਼ਿਤ

ਕੋਲੰਬੋ — ਭਾਰਤ ਦੇ ਹਾਈ ਕਮਿਸ਼ਨਰ ਜੇ. ਐਨ. ਦਿਕਸ਼ਿਤ ਨੇ ਸ੍ਰੀ ਲੰਕਾ ਦੇ ਪ੍ਰਧਾਨ ਜੈਵਰਧਨੇ ਨਾਲ ਗਲਬਾਤ ਕਰਦਿਆਂ ਕਿਹਾ ਕਿ ਸ੍ਰੀ ਲੰਕਾ ਦਾ ਮਸਲਾ ਰਾਜਨੀਤਕ ਹੱਲ ਨਾਲ ਹੀ ਸੁਲਝ ਸਕਦਾ ਹੈ। ਸ੍ਰੀ ਦਿਕਸ਼ਿਤ ਨੇ ਕਿਹਾ ਕਿ ਉਨ੍ਹਾਂ ਤਾਮਿਲਾਂ ਦੇ ਵੱਖ ਵੱਖ ਧੜਿਆਂ ਨਾਲ ਗਲਬਾਤ ਕੀਤੀ ਹੈ ਅਤੇ ਉਨ੍ਹਾਂ ਦਾ ਵਿਚਾਰ ਹੈ ਕਿ ਮਸਲਾ ਰਾਜਨੀਤਕ ਹੈ ਅਤੇ ਇਸੇ ਢੰਗ ਨਾਲ ਸੁਲਝੇਗਾ।

ਜੈਵਰਧਨੇ ਨੇ ਕਿਹਾ ਕਿ ਤਾਮਿਲਾਂ ਨਾਲ ਗੱਲਬਾਤ ਛੇਤੀ ਹੀ ਸ਼ੁਰੂ ਹੋਵੇਗੀ

## 35 ਮੌਤਾਂ ਹੋਈਆਂ

ਇਸੇ ਦੌਰਾਨ ਜਫਨਾ ਦੇ ਇਲਾਕੇ ਵਿਚ ਇਸ ਸਮੇਂ ਕਰਫੀਊ ਲੱਗਾ ਹੋਇਆ ਹੈ। ਉਥੇ ਕਲ 5 ਫੌਜੀ ਮਰੇ ਅਤੇ ਸੁਰੱਖਿਆ ਸੈਨਾਵਾਂ ਨੇ 30 ਤਾਮਿਲ ਗੋਲੀਆਂ ਨਾਲ ਭੁੰਨ ਦਿਤੇ।

# ਕਸ਼ਮੀਰ ਮਸਲਾ ਫਿਰ ਯੂ. ਐਨ. ਓ. ਵਿਚ ਉਠਿਆ

ਨੀਊਯਾਰਕ — ਯੂ. ਐਨ. ਓ. ਦੀ ਜਨਰਲ ਅਸੈਂਬਲੀ ਵਿਚ ਬੋਲਦਿਆਂ ਭਾਰਤੀ ਡੈਲੀਗੇਟ ਭਾਸਵਤੀ ਮੁਖਰਜੀ ਨੇ ਕਿਹਾ ਕਿ ਕਸ਼ਮੀਰ ਭਾਰਤ ਦਾ ਅਟੁੱਟ ਅੰਗ ਹੈ ਇਸ ਲਈ ਉਥੇ ਆਤਮ-ਦ੍ਰਿੜਤਾ ਦੇ ਹੱਕ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਹ ਸਵਾਲ ਉਸ ਸਮੇਂ ਉਠਿਆ ਜਦ ਯੂ. ਐਨ. ਓ. ਦੀ ਜਨਰਲ ਅਸੈਂਬਲੀ ਦੀ ਇਕ ਕਮੇਟੀ ਆਤਮ-ਦ੍ਰਿੜ੍ਹਤਾ ਦੇ ਸਰਬ-ਪੱਖੀ ਹੋਣ ਬਾਰੇ ਵਿਚਾਰ-ਵਟਾਂਦਰਾ ਕਰ ਰਹੀ ਸੀ। ਪਾਕਿਸਤਾਨੀ ਨੁਮਾਇੰਦੇ ਨੇ ਕਸ਼ਮੀਰ ਦੀ ਗੱਲ ਕੀਤੀ ਤਾਂ ਭਾਰਤੀ ਡੈਲੀਗੇਟ ਨੇ ਉਸ ਨੂੰ ਟੋਕਦਿਆਂ ਕਿਹਾ ਕਿ ਕਸ਼ਮੀਰ ਭਾਰਤ ਦਾ ਅਟੁੱਟ ਅੰਗ ਹੈ। ਇਸ ਲਈ ਇਸ ਨੂੰ ਬਹਿਸ ਵਿਚ ਨਹੀਂ ਘਸੀਟਿਆ ਜਾਣਾ ਚਾਹੀਦਾ।

**ਜ਼ਖਮ ਤਾਂ ਹਾਲੇ ਭਰੇ ਨਹੀਂ ਸਨ ਪੁਰਾਣੇ ਹੀ**
**ਕਾਤਲ ਫਿਰ ਆਪਣੀ ਅਦਾ ਦੁਹਰਾ ਕੇ ਚਲੇ ਗਏ।**

# ਗੁਰਮੁਖਿ ਸਦੇ ਜਾਨਿ ਆਵਨਿ ਘੱਲਿਆ



ਮਾਸਟਰ ਜਸਵੰਤ ਸਿੰਘ ਜੀ ਸਹੌਲੀ 8 ਅਕਤੂਬਰ ਦਿਨ ਬੁੱਧਵਾਰ ਨੂੰ ਕੈਲਗਰੀ ਵਿਚ ਚਲਾਣਾ ਕਰ ਗਏ ਹਨ। ਉਨ੍ਹਾਂ ਦਾ ਪਿੰਡ ਸਹੌਲੀ ਜ਼ਿਲਾ ਲੁਧਿਆਣਾ ਸੀ। ਇਸ ਸਮੇਂ ਉਨ੍ਹਾਂ ਦੀ ਉਮਰ 81 ਸਾਲ ਸੀ। ਆਪ ਜੀ ਨੇ ਤਕਰੀਬਨ 45 ਵਰ੍ਹੇ ਬਤੌਰ ਅਧਿਆਪਕ ਖਾਲਸਾ ਸਕੂਲ, ਗੁਰੂਸਰ ਸਧਾਰ (ਜ਼ਿਲਾ ਲੁਧਿਆਣਾ) ਵਿਚ ਸੇਵਾ ਕੀਤੀ। ਆਪ ਜੀ ਹਿਸਾਬ ਦੇ ਟੀਚਰ ਸਨ। ਪਹਿਲਾਂ ਉਰਦੂ ਵੀ ਪੜ੍ਹਾਉਂਦੇ ਰਹੇ। ਆਪਜੀ ਦੇ ਚਾਰ ਲੜਕੇ — ਸ. ਹਰਚਰਨ ਸਿੰਘ ਸੰਘੇੜਾ, ਸੁਰਿੰਦਰ ਸਿੰਘ ਸੰਘੇੜਾ, ਹਰਿੰਦਰ ਸਿੰਘ ਸੰਘੇੜਾ ਅਤੇ ਪਰਮਿੰਦਰ ਸਿੰਘ ਸੰਘੇੜਾ ਹਨ। ਆਪਜੀ ਦੀਆਂ ਦੋ ਲੜਕੀਆਂ ਭਾਰਤ ਵਿਚ ਹਨ।

ਮਾਸਟਰ ਜਸਵੰਤ ਸਿੰਘ ਜੀ ਹੋਰਾਂ ਨੂੰ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਸੰਗਤ ਦਾ ਸੁਭਾਗ ਵੀ ਪ੍ਰਾਪਤ ਹੋਇਆ। ਆਪ ਜੀ ਤੋਂ ਪੜ੍ਹੇ ਸੈਂਕੜੇ ਵਿਦਿਆਰਥੀ ਇਸ ਸਮੇਂ ਕੈਨੇਡਾ ਵਿਚ ਹਨ।

## ਸੂਚਨਾ

ਸਹਿਜ ਪਾਠ ਦਾ ਭੋਗ 18 ਅਕਤੂਬਰ ਦਿਨ ਸ਼ਨਿਚਰਵਾਰ ਗੁਰਦੁਆਰਾ ਸਾਹਿਬ ਸਿੱਖ ਸੁਸਾਇਟੀ ਕੈਲਗਰੀ ਵਿਖੇ ਪਵੇਗਾ। ਦਸ ਵਜੇ ਕੀਰਤਨ ਆਰੰਭ ਹੋਵੇਗਾ।

ਹੋਰ ਜਾਣਕਾਰੀ ਲਈ ਫੋਨ ਕਰੋ :
(403)246-1776


**New Democrats**

ਵੈਨਕੂਵਰ ਸੈਂਟਰ ਤੋਂ

**ਐਮਰੀ ਬਾਰਨਜ਼ ਅਤੇ ਮਾਈਕ ਹਾਰਕੋਰਟ**

**ਲੋਕਾਂ ਦੀ ਆਵਾਜ਼ ਬੁਲੰਦ ਕਰਨਗੇ**



ਬਾਰਨਜ਼ ਤੇ ਹਾਰਕੋਰਟ ਹੇਠਾਂ ਲਿਖੇ ਉਦੇਸ਼ਾਂ ਲਈ ਘੋਲ ਕਰਨਗੇ :

- ਚੰਗੀ ਵਿਦਿਆ
- ਕੰਮਾਂ ਵਿਚ ਵਾਧਾ
- ਘੱਟੋ ਘੱਟ ਤਨਖਾਹ ਵਿਚ ਵਾਧਾ
- ਸਸਤੀ ਹਾਊਸਿੰਗ
- ਵੱਖ ਵੱਖ ਸਭਿਆਚਾਰਾਂ ਦੀ ਚੰਗੀ ਸੰਭਾਲ
- ਕਮਿਊਨਿਟੀ ਗਰੁਪਾਂ ਦੀ ਮਦਦ

**22 ਅਕਤੂਬਰ, 1986 ਨੂੰ ਤੁਹਾਡੀ ਨੁਮਾਇੰਦਗੀ ਲਈ ਵੋਟ ਪਾਓ**

| | | |
|---|---|---|
| ਬਾਰਨਜ਼ ਐਮਰੀ ਓ | Barnes Emery O. | X |
| ਹਾਰ ਕੋਰਟ | Harcourt Michael | X |

ਹੋਰ ਜਾਣਕਾਰੀ ਲਈ ਕ੍ਰਿਪਾ ਕਰਕੇ ਇਲੈਕਸ਼ਨ ਵਾਲੇ ਦਿਨ ਫੋਨ ਕਰੋ : ਰਾਜ ਚੌਹਾਨ ਨੂੰ - 254-2710 (ਸਿਰਫ ਇਲੈਕਸ਼ਨ ਵਾਲੇ ਦਿਨ)

ਵੈਨਕੂਵਰ ਸੈਂਟਰ ਤੋਂ ਨੀਊ ਡੈਮੋਕਰੈਟਿਸ ਦੁਆਰਾ ਪ੍ਰਵਾਨਤ

# ਸੋਵੀਅਤ ਅਤੇ ਅਮਰੀਕਾ ਵਿਚਕਾਰ ਗਲਬਾਤ ਫੇਅਲ

## ਰੇਗਨ ਦੀ ਜ਼ਿਦ ਕਾਰਨ ਗਲਬਾਤ ਸਿਰੇ ਨਾ ਚੜ੍ਹੀ

ਰਾਕਜੇਵਿਕ(ਆਈਸਲੈਂਡ) — ਅਮਰੀਕਾ ਦੇ ਪ੍ਰਧਾਨ ਰੇਗਨ ਅਤੇ ਸੋਵੀਅਤ ਯੂਨੀਅਨ ਦੇ ਆਗੂ ਗਾਰਬਾਚੋਫ਼ ਵਿਚਕਾਰ 11 ਤੇ 12 ਅਕਤੂਬਰ ਨੂੰ ਹੋਇਆ ਸਿਖਰ ਸੰਮੇਲਨ ਰੇਗਨ ਦੀ ਜ਼ਿਦ ਕਾਰਨ ਸਿਰੇ ਨਾ ਚੜ੍ਹ ਸਕਿਆ। ਅਮਰੀਕਾ ਦੇ ਪ੍ਰਧਾਨ ਨੇ ਪ੍ਰਮਾਣੂ ਹਥਿਆਰਾਂ ਨੂੰ ਘਟਾਉਣ ਬਾਰੇ ਸੋਵੀਅਤ ਤਜਵੀਜ਼ਾਂ ਮੰਨਣ ਤੋਂ ਇਨਕਾਰ ਕਰ ਦਿਤਾ। ਸੋਵੀਅਤ ਆਗੂ ਨੇ ਜ਼ੋਰ ਦਿਤਾ ਕਿ 'ਤਾਰਾ ਜੰਗ ਪ੍ਰੋਗਰਾਮ' ਮਨਸੂਖ ਕੀਤਾ ਜਾਣਾ ਚਾਹੀਦਾ ਹੈ।

ਦੋਵਾਂ ਲੀਡਰਾਂ ਵਿਚਕਾਰ ਗਿਆਰਾਂ ਘੰਟੇ ਗੱਲਬਾਤ ਹੋਈ। ਪਰ ਇਹ ਇਤਿਹਾਸਕ ਸਮਝੌਤਾ ਸਿਰੇ ਨਾ ਚੜ੍ਹ ਸਕਿਆ।

ਵਾਰਤਾ ਖਤਮ ਹੋਣ ਪਿਛੋਂ ਗਾਰਬਾਚੋਫ ਨੇ ਕਿਹਾ ਕਿ ਮੀਟਿੰਗ ਫੇਅਲ ਹੋਣ ਦਾ ਕਾਰਨ ਰੇਗਨ ਦਾ ਇਕੋ ਸਟੈਂਡ ਉਤੇ ਅੜੇ ਰਹਿਣਾ ਸੀ। ਗਾਰਬਾਚੋਫ ਨੇ ਕਿਹਾ ਜਨੇਵਾ ਵਿਚ ਚਲ ਰਹੀ ਗਲਬਾਤ ਵੀ ਸਿਰੇ ਨਹੀਂ ਸੀ ਚੜ੍ਹ ਰਹੀ ਇਸੇ ਲਈ ਰੇਗਨ ਨਾਲ ਸਿੱਧੀ ਗਲਬਾਤ ਦਾ ਰਾਹ ਅਪਣਾਇਆ ਗਿਆ। ਉਨ੍ਹਾਂ ਕਿਹਾ ਕਿ ਪ੍ਰਧਾਨ ਰੇਗਨ ਖਾਲੀ ਹੱਥ ਹੀ ਆਇਆ ਸੀ ਅਤੇ ਖਾਲੀ ਹੱਥ ਹੀ ਚਲਾ ਗਿਆ ਹੈ।

### ਰੇਗਨ ਆਸਵੰਦ

ਗੱਲਬਾਤ ਹੋਣ ਪਿਛੋਂ ਰੇਗਨ ਨੇ ਕਿਹਾ ਕਿ ਉਹ ਆਸਵੰਦ ਹੈ ਕਿ ਅਗਲੀ ਵਾਰਤਾ ਵਿਚ ਪ੍ਰਮਾਣੂ ਹਥਿਆਰਾਂ ਬਾਰੇ ਕੋਈ ਨਾ ਕੋਈ ਸੰਧੀ ਜ਼ਰੂਰ ਹੋ ਜਾਵੇਗੀ। ਰੇਗਨ ਨੇ ਕਿਹਾ ਕਿ ਉਸਨੇ ਗਾਰਬਾਚੋਫ਼ ਨੂੰ ਇਤਿਹਾਸਕ ਪੇਸ਼ਕਸ਼ ਕੀਤੀ ਸੀ ਪਰ ਗਾਰਬਾਚੋਫ਼ ਨੇ ਇਹ ਪੇਸ਼ਕਸ਼ ਕਬੂਲ ਨਹੀਂ ਕੀਤੀ।

# ਅਮਰੀਕਾ ਪ੍ਰਮਾਣੂ ਹਥਿਆਰਾਂ ਬਾਰੇ ਪ੍ਰੋਗਰਾਮ ਮਨਸੂਖ ਕਰੇ — ਰਾਜੀਵ ਗਾਂਧੀ

ਸਿਡਨੀ(ਆਸਟਰੇਲੀਆ) — ਭਾਰਤ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਇਥੇ ਕਿਹਾ ਕਿ ਅਮਰੀਕਾ ਪ੍ਰਮਾਣੂ ਹਥਿਆਰਾਂ ਨੂੰ ਵਧਾਉਣ ਦੀ ਦੌੜ ਵਿਚ ਲੱਗਣ ਦੀ ਥਾਂ ਸੋਵੀਅਤ ਯੂਨੀਅਨ ਵਾਂਗ ਪ੍ਰਮਾਣੂ ਹਥਿਆਰਾਂ ਨੂੰ ਘਟਾਉਣ ਵੱਲ ਕਦਮ ਚੁਕੇ। ਸ੍ਰੀ ਗਾਂਧੀ ਇਸ ਸਮੇਂ ਆਸਟਰੇਲੀਆ ਦੇ ਦੌਰੇ ਉਤੇ ਹਨ।

ਰੇਗਨ-ਗਾਰਬਾਚੋਫ਼ ਮੀਟਿੰਗ ਉਤੇ ਟਿੱਪਣੀ ਕਰਦਿਆਂ ਰਾਜੀਵ ਗਾਂਧੀ ਨੇ ਕਿਹਾ ਕਿ ਵਾਰਤਾ ਫੇਅਲ ਹੋਣ ਦੇ ਭਿਆਨਕ ਸਿੱਟੇ ਨਿਕਲ ਸਕਦੇ ਹਨ। ਉਨ੍ਹਾਂ ਕਿਹਾ ਕਿ ਰੇਗਨ ਨੂੰ ਈਮਾਨਦਾਰੀ ਨਾਲ ਵਾਰਤਾ ਵਿਚ ਹਿਸਾ ਲੈ ਕੇ ਸੋਵੀਅਤ ਯੂਨੀਅਨ ਨਾਲ ਸਮਝੌਤਾ ਸਿਰੇ ਚੜ੍ਹਾਉਣਾ ਚਾਹੀਦਾ ਸੀ।

ਰੇਗਨ-ਗਾਰਬਾਚੋਫ਼ ਵਾਰਤਾ ਉਤੇ ਟਿੱਪਣੀ ਕਰਦਿਆਂ ਜਾਪਾਨ ਦੇ ਪ੍ਰਧਾਨ ਮੰਤਰੀ ਨਾਕਾਸੋਨੀ ਅਤੇ ਪੂਰਬੀ ਜਰਮਨੀ ਦੇ ਹੈਨੋਕਰ ਨੇ ਕਿਹਾ ਵਾਰਤਾ ਫੇਅਲ ਹੋਣ ਨਾਲ ਦੋਵਾਂ ਦੇਸ਼ਾਂ ਨੂੰ ਮਾਯੂਸੀ ਹੋਈ ਹੈ। ਆਸਟ੍ਰੇਲੀਆ ਦੇ ਬਦੇਸ਼ ਮੰਤਰੀ ਮਿ: ਹੇਡਨ ਨੇ ਕਿਹਾ ਕਿ ਵਾਸ਼ਿੰਗਟਨ ਤੇ ਮਾਸਕੋ ਨੂੰ ਗੱਲਬਾਤ ਜਾਰੀ ਰਖਣੀ ਚਾਹੀਦੀ ਹੈ।

### ਨੈਟੋ ਦੇਸ਼ਾਂ ਵੱਲੋਂ ਸੱਦਾ

ਨੈਟੋ ਦੇ ਬਦੇਸ਼ ਮੰਤਰੀਆਂ ਨੇ ਸੱਦਾ ਦਿੱਤਾ ਹੈ ਕਿ ਦੋਵੇਂ ਸ਼ਕਤੀਆਂ ਨੂੰ ਗੱਲਬਾਤ ਨੂੰ ਅੱਗੇ ਤੋਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਮੁੱਦਿਆਂ ਉਤੇ ਸਮਝੌਤਾ ਹੋ ਗਿਆ ਹੈ, ਉਨ੍ਹਾਂ ਨੂੰ ਲਾਗੂ ਕੀਤਾ ਜਾਣਾ ਜ਼ਰੂਰੀ ਹੈ।

### ਪ੍ਰਧਾਨ ਰੇਗਨ ਦੀ ਜ਼ਿਦ

ਰਾਜਸੀ ਸੂਤਰਾਂ ਦਾ ਕਹਿਣਾ ਹੈ ਕਿ ਵਾਰਤਾ ਕਾਮਯਾਬੀ ਦੇ ਨੇੜੇ ਪੁੱਜ ਗਈ ਸੀ। ਪਰ ਰੇਗਨ ਦੇ ਜ਼ਿਦੀ ਸੁਭਾਅ ਕਾਰਨ ਗਲਬਾਤ ਫੇਅਲ ਹੋਈ। 'ਸਟਾਰ ਵਾਰਜ਼' ਪ੍ਰੋਗਰਾਮ ਨਾ ਮਨਸੂਖ ਕਰਨਾ ਰੇਗਨ ਦੀ ਜ਼ਾਤੀ ਜ਼ਿਦ ਹੀ ਕਿਹਾ ਜਾ ਰਿਹਾ ਹੈ।

ਰੇਗਨ ਨੇ ਅਮਰੀਕਾ ਦੇ ਲੋਕਾਂ ਨੂੰ ਸੰਬੋਧਨ ਕਰਦਿਆਂ ਟੀ. ਵੀ. ਉਤੇ ਕਿਹਾ ਕਿ ਆਈਸਲੈਂਡ ਵਿਚ ਹੋਈ ਵਾਰਤਾ ਸਮੇਂ ਵੱਖ ਵੱਖ ਪੱਖਾਂ ਉਤੇ ਪ੍ਰਾਪਤੀਆਂ ਹੋਈਆਂ ਹਨ। ਬੈਲਿਸਟਕ ਮਿਜ਼ਾਈਲਾਂ ਬਾਰੇ ਉਹ ਸਮਝੌਤੇ ਦੇ ਨੇੜੇ ਪੁਜ ਗਏ ਹਨ। ਪਰ ਰਾਜਸੀ ਸੂਤਰਾਂ ਅਨੁਸਾਰ ਇਹ ਪ੍ਰਾਪੇਗੰਡਾ ਨਵੰਬਰ ਵਿਚ ਕਾਂਗਰਸ ਦੀਆਂ ਹੋ ਰਹੀਆਂ ਚੋਣਾਂ ਨੂੰ ਮੁਖ ਰਖਕੇ ਕੀਤਾ ਜਾ ਰਿਹਾ ਹੈ ਕਿਉਂਕਿ ਅਮਰੀਕਾ ਦੇ ਲੋਕ ਰੇਗਨ ਦੀਆਂ ਪਾਲਸੀਆਂ ਨਾਲ ਖੁਸ਼ ਨਹੀਂ ਹਨ।

---

ਮੈਨੂੰ ਕਦੇ ਵੀ ਗੈਰ ਨੇ ਛਲਿਆ ਨਹੀਂ,
ਬੁੱਕਲ 'ਚ ਬੈਠਾ ਹੀ ਛਲੇ ਜਦ ਵੀ ਛਲੇ।
ਬੂੰਦ ਤੋਂ ਬਣਦੇ ਸਮੁੰਦਰ ਨੈਣ ਮੇਰੇ,
ਯਾਦ ਤੇਰੀ ਦਾ ਚੌਮੁਖੀਆ ਜਦ ਬਲੇ।
ਮੈਨੂੰ ਕਦੇ ਨਹੀਂ ਆਖਿਆ ਕੁਝ ਧੁੱਪ ਨੇ,
ਵਿਚ ਛਾਂਵਾਂ ਦੇ ਜਲੇ ਜਦ ਵੀ ਜਲੇ।
ਧੁੱਪ ਛਾਂ ਕਹਿੰਦੀ ਨਹੀਂ ਕੁਝ ਉਸ ਨੂੰ,
ਅੱਗ ਦੀ ਗੋਦੀ 'ਚ ਖੇਡੇ ਜੋ ਪਲੇ।

# ਡਿਊਟੀਆਂ 'ਤੇ ਤਾਇਨਾਤ ਜਵਾਨਾਂ ਵਿਚ ਨਿਰਾਸਤਾ

ਚੰਡੀਗੜ੍ਹ — ਪੰਜਾਬ ਦੇ ਮੰਤਰੀਆਂ ਅਤੇ ਹੋਰ ਮਹੱਤਵਪੂਰਨ ਵਿਅਕਤੀਆਂ ਦੀ ਸੁਰੱਖਿਆ ਲਈ ਡਿਊਟੀ ਨਿਭਾ ਰਹੇ ਜਵਾਨਾਂ ਵਿਚ ਸਰਕਾਰ ਵਲੋਂ ਸਹੂਲਤਾਂ ਨਾ ਦਿਤੇ ਜਾਣ ਕਾਰਨ ਨਿਰਾਸਤਾ ਪਾਈ ਜਾ ਰਹੀ ਹੈ। ਭਰੋਸੇਯੋਗ ਸੂਤਰਾਂ ਅਨੁਸਾਰ ਅਕਾਲੀ ਸਰਕਾਰ ਨੇ ਹੋਂਦ ਵਿਚ ਆਉਣ ਤੋਂ ਕੁਝ ਸਮਾਂ ਪਿਛੋਂ ਖਤਰੇ ਵਾਲੀਆਂ ਡਿਊਟੀਆਂ ਨਿਭਾ ਰਹੇ ਜਵਾਨਾਂ ਨੂੰ ਕੁਝ ਵਾਧੂ ਸਹੂਲਤਾਂ ਦੇਣ ਦਾ ਭਰੋਸਾ ਦਿੱਤਾ ਸੀ। ਸਰਕਾਰ ਨੇ ਗੰਨਮੈਨ ਅਤੇ ਸੁਰੱਖਿਆ ਗਾਰਡ ਨੂੰ 25 ਪ੍ਰਤੀਸ਼ਤ ਅਤੇ ਹੋਰ ਪਹਿਰਾ ਦੇਣ ਵਾਲਿਆਂ ਨੂੰ ਦਸ ਪ੍ਰਤੀਸ਼ਤ ਤਨਖਾਹ ਵਧਾਉਣ ਦਾ ਵਚਨ ਦਿਤਾ ਸੀ। ਇਸ ਤੋਂ ਇਲਾਵਾ ਹਰ ਜਵਾਨ ਨੂੰ 162 ਰੁਪਏ ਰਾਸ਼ਨ ਲਈ ਵੱਖਰੇ ਦਿਤੇ ਜਾਣੇ ਸਨ। ਮਕਾਨ ਭੱਤਾ ਇਸ ਤੋਂ ਅਲੱਗ ਮਿਲਣਾ ਸੀ। ਇਸ ਨਾਲ ਹਰ ਜਵਾਨ ਨੂੰ 300 ਰੁਪਏ ਮਹੀਨਾ ਲਾਭ ਹੋਣਾ ਸੀ। ਰਾਜ ਸਰਕਾਰ ਨੇ ਗੰਨਮੈਨ ਨੂੰ ਕੇਵਲ 100 ਰੁਪਿਆ ਵਧਾ ਦਿਤਾ ਹੈ ਪ੍ਰੰਤੂ ਬਾਕੀ ਰਕਮ ਨਹੀਂ ਦਿਤੀ ਗਈ। ਸੁਰੱਖਿਆ ਅਮਲਾ ਇਹ ਮਹਿਸੂਸ ਕਰਦਾ ਹੈ ਕਿ ਉਹ ਔਖੀਆਂ ਹਾਲਤਾਂ ਵਿਚ ਵੀ ਦ੍ਰਿੜ ਹਨ ਪ੍ਰੰਤੂ ਸਰਕਾਰ ਉਨ੍ਹਾਂ ਨੂੰ ਦਿਤੇ ਭਰੋਸੇ ਤੋਂ ਪਿਛੇ ਹਟ ਰਹੀ ਹੈ।

## ਬਾਗੀ ਅਕਾਲੀਆਂ ਉਤੇ ਦੋਸ਼

ਫਗਵਾੜਾ — ਬਜ਼ੁਰਗ ਅਕਾਲੀ ਨੇਤਾ ਜੀਵਨ ਸਿੰਘ ਉਮਰਾਨੰਗਲ ਨੇ ਦੋਸ਼ ਲਾਇਆ ਹੈ ਕਿ ਬਾਗੀ ਅਕਾਲੀ ਨੇਤਾ ਆਪਣੇ 'ਕੁਰਸੀ ਯੁੱਧ' ਲਈ ਸਿੱਖਾਂ ਦੇ ਧਾਰਮਿਕ ਜਜ਼ਬਿਆਂ ਨਾਲ ਖੇਡ ਰਹੇ ਹਨ ਤੇ ਭੋਲੇ ਭਾਲੇ ਨੌਜਵਾਨਾਂ ਨੂੰ ਗੁਮਰਾਹ ਕਰ ਰਹੇ ਹਨ। ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੇ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਮੁਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਦੇ ਹੱਥ ਮਜ਼ਬੂਤ ਕਰਨ ਤੇ ਸਮਾਜ ਵਿਰੋਧੀ ਅਨਸਰਾਂ ਦੀਆਂ ਚਾਲਾਂ ਨੂੰ ਨਾਕਾਮ ਬਨਾਉਣ ਲਈ ਉਨ੍ਹਾਂ ਦੇ ਹੱਥ ਮਜ਼ਬੂਤ ਕਰਨ।

ਉਨ੍ਹਾਂ ਨੇ ਚਿਤਾਵਨੀ ਦਿਤੀ ਕਿ ਜੇ ਬਾਗੀ ਅਕਾਲੀਆਂ ਨੇ ਇਸੇ ਤਰ੍ਹਾਂ ਸੰਤ ਹਰਚੰਦ ਸਿੰਘ ਦੇ ਕਾਤਲਾਂ ਦਾ ਸਨਮਾਨ ਕਰਨ ਦੀ ਪ੍ਰਥਾ ਜਾਰੀ ਰੱਖੀ ਤਾਂ ਇਸ ਗੱਲ ਦੀ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ ਕਿ ਇਸ ਨਾਲ ਰਾਸ਼ਟਰੀ ਏਕਤਾ ਤੇ ਫਿਰਕੂ ਸਦਭਾਵਨਾ ਦੇ ਯਤਨਾ ਨੂੰ ਢਾਹ ਲਗੇਗੀ। ਪੰਜ ਸਿੰਘ ਸਾਹਿਬਾਨ ਵਲੋਂ ਕੀਤੇ ਜਾ ਰਹੇ ਏਕਤਾ ਯਤਨਾਂ ਦਾ ਸਵਾਗਤ ਕਰਦਿਆਂ ਉਨ੍ਹਾਂ ਕਿਹਾ ਕਿ ਸਿਰਫ ਵਿਚਾਰਾਂ ਉਤੇ ਹੀ ਇਹ ਏਕਤਾ ਸੰਭਵ ਹੋ ਸਕਦੀ ਹੈ। ਉਨ੍ਹਾਂ ਨੇ ਅਕਾਲੀ ਮੁਖੌਟੇ ਵਾਲੇ ਕਾਂਗਰਸੀ ਏਜੰਟਾਂ ਤੋਂ ਖਬਰਦਾਰ ਰਹਿਣ ਲਈ ਵੀ ਸ੍ਰੀ ਬਰਨਾਲਾ ਨੂੰ ਚੌਕਸ ਕੀਤਾ।

---

ਜੋ ਨਾਪੁਦਾ ਹਨ ਉਹ ਕਿਨਾਰੇ ਤਾਂ ਨਾਉਂ'ਦੇ 'ਉਦਾਸ'
ਸਾਨੂੰ ਕਿਉਂ ਟਾਪੂ 'ਤੇ ਛਿਡਾ ਕੇ ਚਲੇ ਗਏ।


ਵਾਜਬ ਕਿਰਾਏ ਚੰਗੇਰੀਆਂ ਸਹੂਲਤਾਂ ਲਈ
ਹਮੇਸ਼ਾਂ ਯਾਦ ਰੱਖੋ
**ਬੈਂਸ ਟਰੈਵਲ ਸਰਵਿਸ**



ਭਾਰਤ, ਪਾਕਿਸਤਾਨ, ਫੀਜ਼ੀ, ਲੰਡਨ, ਸ੍ਰੀ ਲੰਕਾ, ਡਿਜ਼ਨੀਲੈਂਡ, ਹਵਾਈ ਜਾਂ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ
ਘੱਟ ਤੋਂ ਘੱਟ ਕਿਰਾਏ
ਜੇਕਰ ਤੁਸੀਂ ਲੰਡਨ ਰਾਹੀਂ ਜਾ ਰਹੇ ਹੋ ਤਾਂ ਤੁਸੀਂ 2 ਸੂਟਕੇਸ ਆਪਣੇ ਨਾਲ ਲਿਜਾ ਸਕਦੇ ਹੋ

**BAINS TRAVEL SERVICE**

6364 Fraser Street, Vancouver, B.C. Ph. 324-2277
935 Marine Drive, Capilano Mall, N. Vancouver
1710 Douglas St. Victoria, B.C. Ph. 386-6363



NORTH AMERICAN LIFE

**NORTH AMERICAN LIFE ASSURANCE COMPANY**

- Life Insurance
- Mortgage Insurance
- Children's educational Plans
- R R S P



Darshan Gill, M.A.

320, 815 West Hastings St.
Vancouver, B.C. V6C 2W1
Bus. 685-9335

# ਬੇਰੁਜ਼ਗਾਰੀ ਭੱਤੇ ਵਿਚ 38% ਕਟੌਤੀ ਹੋਣ ਦੀ ਸੰਭਾਵਨਾ

ਵੈਨਕੂਵਰ — ਬੇਰੁਜ਼ਗਾਰੀ ਬਾਰੇ ਬਣਾਏ ਗਏ ਕਮਿਸ਼ਨ ਦੀ ਰੀਪੋਰਟ (ਜੋ ਅਜੇ ਪ੍ਰਕਾਸ਼ਤ ਨਹੀਂ ਹੋਈ) ਲੀਕ ਹੋਣ ਉਤੇ ਪਤਾ ਲੱਗਾ ਹੈ ਕਿ ਕੈਨੇਡਾ ਦੀ ਟੋਰੀ ਸਰਕਾਰ ਬੇਰੁਜ਼ਗਾਰੀ ਭੱਤੇ ਵਿਚ ਕਟੌਤੀਆਂ ਕਰੇਗੀ ਅਤੇ ਇਹ ਕਟੌਤੀਆਂ 38% ਤੱਕ ਹੋਣ ਦੀ ਸੰਭਾਵਨਾ ਹੈ।

I.W.A. ਦੇ ਪ੍ਰਧਾਨ ਜੈਕ ਮੂਨਰੋ ਨੇ ਕਿਹਾ ਕਿ ਸਰਕਾਰ ਦਾ ਕੁਲ ਖਰਚਾ ਬੇਰੁਜ਼ਗਾਰੀ ਭੱਤਾ ਦੇਣ ਉਤੇ 12 ਬਿਲੀਅਨ ਡਾਲਰ ਆਉਂਦਾ ਹੈ। ਬੇਰੁਜ਼ਗਾਰੀ ਭੱਤਾ ਘਟਾਉਣ ਦੀ ਸਿਫਾਰਸ਼ ਕਮਿਸ਼ਨ ਨੇ ਕਰ ਦਿਤੀ ਹੈ ਜਿਸ ਅਨੁਸਾਰ ਤਿੰਨ ਬਿਲੀਅਨ ਡਾਲਰ ਸਰਕਾਰ ਨੂੰ ਬਚੇਗਾ।

# ਜੈਕ ਮੂਨਰੋ ਵਲੋਂ ਬਿਲ ਵੈਂਡਰਜ਼ਾਮ ਉਤੇ ਹੱਤਕ ਇਜ਼ਤ ਦਾ ਦਾਅਵਾ

ਵੈਨਕੂਵਰ — I.W.A. ਦੇ ਪ੍ਰਧਾਨ ਜੈਕ ਮੂਨਰੋ ਨੇ ਕਿਹਾ ਕਿ ਉਹ ਆਪਣੇ ਵਕੀਲਾਂ ਨਾਲ ਮਸ਼ਵਰਾ ਕਰ ਰਿਹਾ ਹੈ ਕਿ ਬੀ. ਸੀ. ਦੇ ਪ੍ਰੀਮੀਅਰ ਵੈਂਡਰਜ਼ਾਮ ਉਤੇ ਹੱਤਕ ਇਜ਼ਤ ਦਾ ਦਾਅਵਾ ਕੀਤਾ ਜਾ ਸਕੇ।

ਇਹ ਮਸਲਾ ਉਸ ਸਮੇਂ ਪੈਦਾ ਹੋਇਆ ਜਦ ਕੈਨੇਡੀਅਨ ਲੇਬਰ ਕਾਂਗਰਸ ਨੇ ਇਕ ਮਿਲੀਅਨ ਡਾਲਰ I.W.A. ਨੂੰ ਸਟਰਾਈਕ ਫੰਡ ਲਈ ਦਿਤਾ। ਵੈਂਡਰਜ਼ਾਮ ਨੇ ਅਜਿਹੀ ਟਿਪਣੀ ਕੀਤੀ ਜਿਸ ਤੋਂ ਮੂਨਰੋ ਕਾਫੀ ਗੁੱਸੇ ਵਿਚ ਦੱਸਿਆ ਜਾਂਦਾ ਹੈ।

---

ਤਾਲਾ : ਕਵਿਤਾ ਨੇ ਬੂਹੇ ਢੋ ਲਏ
ਕੋਈ ਪੀੜ, ਕੋਈ ਦਰਦ, ਦਰ ਠਕੋਰੇ,
ਕਵਿਤਾ ਨੇ ਕੰਨ ਨਹੀਂ ਧਰਨੇ
ਸਖ਼ਤ ਹੁਕਮ ਹੈ
ਕਵਿਤਾ-ਫੁੱਲਾਂ ਦੀ ਗੱਲ ਕਰੇਗੀ।

# ਵੈਨਕੂਵਰ ਈਸਟ ਦੇ ਉਮੀਦਵਾਰ



ਗੁਰਦੀਪ ਸਿੰਘ ਗਿੱਲ, ਸੁਰਜੀਤ ਸਿੰਘ ਗਿੱਲ, ਖੁਸ਼ਪਾਲ ਗਿੱਲ, ਐਨ. ਡੀ. ਪੀ. ਉਮੀਦਵਾਰਾਂ ਗਲਿਨ ਕਲਾਰਕ ਅਤੇ ਬੌਬ ਵਿਲੀਅਮਜ਼ ਨਾਲ।



ਭਾਲਿੰਦਰ ਮੁੰਡੀ ਕੰਪੇਨ ਲਈ ਗਲਿਨ ਕਲਾਰਕ ਅਤੇ ਬੌਬ ਵਿਲੀਅਮਜ਼ ਨੂੰ ਫੰਡ ਇਕੱਠਾ ਕੀਤੇ ਦਾ ਚੈਕ ਦੇ ਰਹੇ ਹਨ

# ਵੈਨਕੂਵਰ ਈਸਟ ਲਈ ਮਜ਼ਬੂਤ ਟੀਮ




**ਗਲਿਨ ਕਲਾਰਕ**
ਵੈਨਕੂਵਰ ਈਸਟ ਵਿਚ ਪਲਿਆ ਤੇ ਪੜ੍ਹਿਆ

**ਬੌਬ ਵਿਲੀਅਮਜ਼**
12 ਸਾਲ ਤੋਂ ਐਮ. ਐਲ. ਏ. ਤੌਰ ਉਤੇ ਸੇਵਾ ਕਰ ਰਿਹਾ ਹੈ

## ਮਜ਼ਬੂਤ ਨੁਮਾਇੰਦਗੀ ਦੀ ਰਵਾਇਤ ਨੂੰ ਜਾਰੀ ਰੱਖਣ ਲਈ

## 22 ਅਕਤੂਬਰ ਨੂੰ

## ਕਲਾਰਕ ਅਤੇ ਵਿਲੀਅਮਜ਼ ਨੂੰ ਵੋਟ ਪਾਓ

British Columbia NDP

ਮੱਦਦ ਲਈ ਫੋਨ ਕਰੋ : 253-5570 ਜਾਂ ਦਫ਼ਤਰ ਪਹੁੰਚੋ 2679 ਈਸਟ ਹੇਸਟਿੰਗਜ਼



ਸੋਮਵਾਰ ਨੂੰ ਚੰਡੀਗੜ੍ਹ ਵਿਚ ਸੀ. ਪੀ. ਆਈ. ਵਰਕਰਾਂ ਵਲੋਂ ਅਤਿਵਾਦ ਤੇ ਵੱਖਵਾਦ ਵਿਰੁਧ ਰੈਲੀ ਵਿਚ ਸ਼ਾਮਲ ਔਰਤਾਂ ਦਾ ਇਕ ਦ੍ਰਿਸ਼ ਫੋਟੋ:ਪੰਜਾਬੀ ਟ੍ਰਿਬਿਊਨ

## ਦਖਣੀ ਅਫਰੀਕਨ ਅਜ਼ਾਦੀ ਘੋਲ ਦਾ ਸਮਰਥਨ

ਸਾਊਥਾਲ —— ਈਲਿੰਗ ਕੌਂਸਲ ਦਖਣੀ ਅਫਰੀਕਾ ਦੀ ਨਸਲਵਾਦੀ ਸਰਕਾਰ ਵਿਰੁਧ ਪੂਰੀ ਤਰਾਂ ਸਰਗਰਮ ਹੈ। ਕੌਂਸਲ ਸਾਰੇ ਮੈਂਬਰਾਂ ਦੀ ਸਲਾਹ ਨਾਲ ਦਖਣੀ ਅਫਰੀਕਨ ਲੋਕਾਂ ਦੇ ਆਜ਼ਾਦੀ ਘੋਲ ਨਾਲ ਹਮਦਰਦੀ ਪ੍ਰਗਟਾਵਾ ਲਈ ਮੈਂਬਰਾਂ ਤੋਂ ਸੁਝਾਓ ਵੀ ਮੰਗ ਰਹੀ ਹੈ। ਇਹ ਤਜਵੀਜ਼ ਹੈ ਕਿ ਦਖਣੀ ਅਫਰੀਕਾ ਦੇ ਅਜ਼ਾਦੀ ਮੁਜ਼ਾਹਦਾਂ ਅਤੇ ਸ਼ਹੀਦਾਂ ਦੇ ਨਾਵਾਂ ਉੱਤੇ ਕੌਂਸਲ ਦੀਆਂ ਗਲੀਆਂ ਤੇ ਸੜਕਾਂ ਦੇ ਨਾਂ ਰਖੇ ਜਾਣ। ਇਥੋਂ ਦੇ ਡਿਗਰੀ ਕਾਲਜ ਦੇ ਵਿਦਿਆਰਥੀ ਦਖਣੀ ਅਫਰੀਕਾ ਦੇ ਇਕ ਵਿਦਿਆਰਥੀ ਲਈ ਖਰਚੇ ਦਾ ਪ੍ਰਬੰਧ ਕਰ ਰਹੇ ਹਨ। ਬਾਰੋ ਦੀ ਐਜੂਕੇਸ਼ਨ ਕਮੇਟੀ ਨੇ ਸੈਂਟ ਮੇਰੀ ਰੋਡ ਦੇ ਈਲਿੰਗ ਕਾਲਜ ਵਿਚ ਇਕ ਸੀਟ ਦਖਣੀ ਅਫਰੀਕਨ ਵਿਦਿਆਰਥੀ ਲਈ ਰਖੀ ਹੈ। ਇਹ ਵਿਦਿਆਰਥੀ ਸਤੰਬਰ 1987 ਤੋਂ ਕਾਲਜ ਅਟੈਂਡ ਕਰੇਗਾ।

## 15 ਸਾਲਾ ਪਾਕਿਸਤਾਨੀ ਲੜਕੇ ਨੂੰ ਕੁੱਟਮਾਰ

ਆਕਸਫੋਰਡ —— ਹੈਨਲੇ ਮੈਜਸਟਰੇਟ ਕੋਰਟ ਵਿਚ ਦੱਸਿਆ ਗਿਆ ਕਿ ਤਿੰਨ ਨੌਜਵਾਨਾਂ ਨੇ 15 ਸਾਲਾ ਮੁੰਡੇ ਨੂੰ ਠੁੱਡੇ ਮਾਰੇ ਤੇ ਕੁੱਟਮਾਰ ਕੀਤੀ। ਕੇਵਲ ਇਸ ਲਈ ਕਿ ਉਹ ਲੜਕਾ ਹਮਲਾਵਰਾਂ ਨੂੰ ਪਾਕਿਸਤਾਨੀ ਜਾਪਦਾ ਸੀ।

ਹਮਲਾਵਰ 17 ਤੋਂ 19 ਸਾਲਾਂ ਦੇ ਸਨ। ਉਹ ਤਿੰਨੇ ਇਕ ਕਾਰ ਵਿਚੋਂ ਨਿਕਲੇ ਤੇ ਉਹਨਾਂ 15 ਸਾਲਾ ਸਹੋਤੇ ਨੂੰ ਘੇਰ ਲਿਆ। ਪਹਿਲਾਂ ਉਸ ਪਾਸੋਂ ਸਿਗਰਟ ਮੰਗੀ। ਉਸਨੇ ਇਨਕਾਰ ਕੀਤਾ ਤਾਂ ਉਸਨੂੰ ਕੁਟ ਮਾਰ ਸ਼ੁਰੂ ਕਰ ਦਿੱਤੀ। ਅਦਾਲਤ ਨੇ ਅਗਲੀ ਪੇਸ਼ੀ ਤੱਕ ਉਹਨਾਂ ਸ਼ਰਾਰਤੀ ਮੁੰਡਿਆਂ ਨੂੰ ਜ਼ਮਾਨਤ ਤੇ ਛੱਡ ਦਿੱਤਾ।

# ਪਾਕਿਸਤਾਨ ਅੰਦਰੂਨੀ ਮਾਮਲਿਆਂ 'ਚ ਦਖਲ ਦੇਣ ਤੋਂ ਬਾਜ਼ ਨਹੀਂ ਆ ਰਿਹਾ — ਰਾਜੀਵ

ਜਕਾਰਟਾ — ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਕਿਹਾ ਕਿ ਪਾਕਿਸਤਾਨ ਭਾਰਤ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਦੇ ਰਿਹਾ ਹੈ। ਉਨ੍ਹਾਂ ਕਿਹਾ ਕਿ ਦਹਿਸ਼ਤਪਸੰਦਾਂ ਨੂੰ ਪਾਕਿਸਤਾਨ ਵਿਚ ਟਰੇਨਿੰਗ ਦੇ ਕੇ ਸਾਡੀ ਸਰਹੱਦ ਵਿਚ ਭੇਜਿਆ ਜਾ ਰਿਹਾ ਹੈ। ਇੰਡੋਨੇਸ਼ੀਆ ਦੇ ਪੱਤਰਕਾਰਾਂ ਨੂੰ ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਕੋਲ ਅਜਿਹੇ ਪ੍ਰਤੱਖ ਸਬੂਤ ਹਨ ਕਿ ਪਾਕਿਸਤਾਨ ਵਿਚ ਦਹਿਸ਼ਤਪਸੰਦਾਂ ਨੂੰ ਟਰੇਨਿੰਗ ਦਿਤੀ ਜਾ ਰਹੀ ਹੈ ਅਤੇ ਹਥਿਆਰ ਦੇ ਕੇ ਭਾਰਤ ਵਿਚ ਭੇਜਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜ਼ਿਆ ਨੂੰ ਬਹੁਤ ਵਾਰੀ ਇਸ ਬਾਰੇ ਕਿਹਾ ਜਾ ਚੁਕਿਆ ਹੈ ਪਰ ਉਹ ਇਸ ਗੱਲ ਤੋਂ ਬਾਜ਼ ਨਹੀਂ ਆ ਰਹੇ।

## ਪ੍ਰਮਾਣੂ ਬੰਬ

ਰਾਜੀਵ ਗਾਂਧੀ ਨੇ ਕਿਹਾ ਕਿ ਪਾਕਿਸਤਾਨ ਪ੍ਰਮਾਣੂ ਬੰਬ ਬਣਾ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਰਤ ਕੋਲ ਸਾਰੇ ਸਾਧਨ ਮੌਜੂਦ ਹਨ ਪਰ ਫਿਰ ਵੀ ਭਾਰਤ ਪ੍ਰਮਾਣੂ ਬੰਬ ਨਹੀਂ ਬਣਾਵੇਗਾ।

ਛਾਂ ਦੀ ਥਾਂ ਲਾਸ਼ਾਂ ਵਰਦੀਆਂ ਹਨ ਜਿਸ ਤੋਂ
ਉਸੇ ਮਨਹੂਸ ਰੁੱਖ ਨੂੰ ਹਿਲਾ ਕੇ ਚਲੇ ਗਏ ।

ALLWAYS TRAVEL

IATA APPOINTED AGENCY

- For Travel Around the World
- Complete Travel Arrangements

ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਜਾਣਾ ਹੋਵੇ ਤਾਂ ਆਲਵੇਜ਼ ਟਰੈਵਲ ਤੇ ਆਓ !
ਸਾਡੇ ਕੋਲ ਟਰੈਵਲ ਦੀਆਂ ਪੂਰੀਆਂ ਸੇਵਾਵਾਂ ਹਨ

Book Your Reservation Now For
INDIA, PAKISTAN, FIJI & LONDON etc.
ਇੰਡੀਆ, ਪਾਕਿਸਤਾਨ, ਫੀਜ਼ੀ ਜਾਂ ਲੰਡਨ ਜਾਣ ਲਈ ਸਪੈਸ਼ਲ ਕਿਰਾਏ ਲਈ ਆਪਣੀ ਬੁਕਿੰਗ ਕਰਾਓ

For more information : Ph. 875-1441
3657 Main St. (20th Ave.) Vancouver, B.C. V5V 3N6

FLEXIBLE PREMIUM LIFE INSURANCE TAILOR-MADE
To your needs which you can afford.

TOGETHER WE ARE STRONGER
NORTH AMERICAN LIFE

INSURANCE FOR

- Personal
- Children
- Mortgage
- RRSP
- Group Insuranc & Annuities

ਪਰਸਨਲ, ਬਿਜ਼ਨਿਸ, ਗਰੁੱਪ ਇੰਸ਼ੋਰੈਂਸ ਲੋੜਾਂ ਅਤੇ ਫਾਈਨੈਂਸ਼ਲ ਪਲੈਨਿੰਗ ਲਈ

Ph. 270-2100

CONTACT
Nagra Insurance Agencies
11420 Granville Ave. Richmond, B.C. V6Y 1R6

# ਵੋਟਾਂ ਪਿਛੋਕੜ ਨੂੰ ਸਮਝਕੇ ਪਾਵੋ

**ਵਲੋਂ : ਚਰਨਪਾਲ ਗਿੱਲ**

1975 ਵਿਚ ਐਨ. ਡੀ. ਪੀ. ਦੀ ਸਰਕਾਰ ਨੂੰ ਹਰਾਉਣ ਲਈ ਸੋਕਰਡਾਂ ਦਾ ਇਕੱਠ ਹੋਇਆ ਜਿਸ ਵਿਚ ਲਿਬਰਲ ਤੇ ਟੋਰੀ ਵੀ ਸ਼ਾਮਲ ਹੋਏ। ਲਿਬਰਲ ਪੈਟ ਮੈਗੀਅਰ, ਬਿਲ ਬੈਂਡਰਜ਼ਾਮ ਤੇ ਕਈ ਟੋਰੀ ਜਿਵੇਂ ਬਾਵ ਵਿੰਨਮੈਨ, ਸਮਿਥ ਤੇ ਕਈ ਹੋਰ ਉਘੇ ਵਿਅਕਤੀਆਂ ਨੇ ਇਕੱਠ ਕੀਤਾ ਤੇ ਇਹ ਮਤਾ ਪਾਸ ਹੋਇਆ ਕਿ ਐਨ. ਡੀ. ਪੀ. ਇਨ੍ਹਾਂ ਦੀ ਦੁਸ਼ਮਣ ਹੈ ਜੋ ਇਨ੍ਹਾਂ ਦੇ ਹਿਤਾਂ ਬਰਖਲਾਫ ਜਾ ਰਹੀ ਹੈ ਤੇ ਇਸ ਪਾਰਟੀ ਨੂੰ ਇਕੱਠੇ ਹੋ ਕੇ ਹਰਾਇਆ ਜਾਵੇ। ਇਨ੍ਹਾਂ ਪਾਰਟੀਆਂ ਵਿਚ ਸਾਰੇ ਅਮੀਰ ਸਨ ਤੇ ਇਨ੍ਹਾਂ ਨੂੰ ਡਰ ਸੀ ਕਿ ਐਨ. ਡੀ. ਪੀ. ਗਰੀਬ ਤੇ ਮਜ਼ਦੂਰ ਜਮਾਤ ਦਾ ਬਹੁਤਾ ਫਾਇਦਾ ਕਰਨਾ ਚਾਹੁੰਦੀ ਹੈ ਤੇ ਇਸ ਨੂੰ ਬਾਹਰ ਕੱਢਿਆ ਜਾਵੇ। ਐਨ. ਡੀ. ਪੀ. ਦੀ ਫਿਲਾਸਫੀ ਇਹ ਹੈ ਕਿ ਵੰਡ ਖਾਓ, ਖੰਡ ਖਾਓ ਇਕੱਲਾ ਖਾਓ ਹੱਡ ਖਾਓ। ਜਿਹੜੇ ਇਹ ਅਸੂਲ ਨਹੀਂ ਮੰਗਦੇ ਤੇ ਲਾਲਚ ਤੇ ਲੋਭ ਦੇ ਅੰਦਰ ਆ ਕੇ ਸਿੱਖਾਂ ਦੇ ਬੁਨਿਆਦੀ ਅਸੂਲ ਦੀ ਭੰਗਣਾ ਕਰਦੇ ਹਨ, ਉਹ ਭਾਈ ਭਾਗੋਆਂ ਨੂੰ ਵੋਟ ਪਾਉਣ ਤੇ ਦੂਸਰੇ ਭਾਈ ਲਾਲੋਆਂ ਨੂੰ, ਭੁਲੇਖਿਆਂ ਵਿਚ ਭਾਵੇਂ ਤੁਹਾਨੂੰ ਕਿੰਨਾ ਹੀ ਪਾ ਦੇਣ ਫਰਕ ਸਿਰਫ ਇਨਾ ਹੀ ਹੈ ਜਿੰਨਾ ਮੈਂ ਉਪਰ ਦੱਸ ਚੁਕਿਆ ਹਾਂ।

ਹੁਣ ਸਾਡੀ ਕਮਿਊਨਿਟੀ ਦੀ ਗੱਲ ਸੁਣੋ। ਬਹੁਤ ਲੋਕਾਂ ਦਾ ਵਿਚਾਰ ਹੈ ਸਾਨੂੰ ਹਰ ਪਾਰਟੀ ਵਿਚ ਜਾਣਾ ਚਾਹੀਦਾ ਹੈ ਕਿਉਂਕਿ ਜਿਥੋਂ ਫਾਇਦਾ ਮਿਲੇ ਲੈ ਲਵੋ। ਇਹ ਅਸੂਲ ਪਰੱਸਤੀ ਤਾਂ ਨਾ ਹੋਈ ਪਰ ਇਕ ਵੇਸਵਾ ਵਾਲੀ ਗੱਲ ਹੋਈ ਕਿ ਜਿਸਨੇ ਪੈਸੇ ਦਿਤੇ ਉਸ ਨਾਲ ਹੀ ਤੁਰ ਪਈ। ਜਾਂ ਜਿਸ ਨਾਲ ਕਰਲਾਂ ਉਸ ਨਾਲ . ਕਰਾਂ ਗੱਲਾਂ ਉਸ ਨਾਲ ਉਠ ਚਲਾਂ। ਜੇ ਕਿਸੇ ਨਾਲ ਹੱਥ ਮਿਲਾਕੇ ਹੀ ਦੋਸਤੀ ਬਣ ਗਈ ਤਾਂ ਇਹ ਦੋਸਤੀ ਤਾਂ ਸਸਤੀ ਹੀ ਹੋਈ। ਉਹ ਭੀ ਸਾਡੇ ਵਿਚ ਲੋਕ ਹਨ ਜੋ ਵੈਨਕੂਵਰ ਵਿਚ ਐਨ. ਡੀ. ਪੀ., ਸਰੀ ਵਿਚ ਲਿਬਰਲ, ਬਰਨਬੀ ਵਿਚ ਸੋਕਰਡ ਤੇ ਲੈਂਗਲੀ ਵਿਚ ਟੋਰੀ ਪਾਰਟੀ। ਮੇਰੇ ਤਾਂ ਸਮਝ ਤੋਂ ਇਹ ਗੱਲ ਬਾਹਰ ਹੈ ਪਰ ਸ਼ਾਇਦ ਮੈਨੂੰ ਕੋਈ ਸਮਝਾ ਸਕੇ ਕਿ ਇਹ ਕੀ ਵਾਤਾਵਰਨ ਹੈ।

ਜਦ ਇਨ੍ਹਾਂ ਸਾਰੀਆਂ ਪਾਰਟੀਆਂ ਦਾ ਇਕੱਠ ਹੋ ਕੇ ਬੀ. ਸੀ. ਵਿਚ ਰਾਜ ਹੋਇਆ ਤਾਂ ਪਹਿਲੋਂ ਇਨ੍ਹਾਂ ਸਾਰੀਆਂ ਯੂਨੀਅਨਾਂ ਨੂੰ ਤੋੜਨ ਦੀ ਕੋਸ਼ਿਸ਼ ਕੀਤੀ। ਆਈ. ਸੀ. ਬੀ. ਸੀ. ਦੇ ਰੇਟ ਇਕੱਠੇ ਹੀ 40 ਪਰਸੈਂਟ ਕੱਟ ਦਿਤੇ। ਹਿਊਮਨ ਰਾਈਟਸ ਕਮਿਸ਼ਨ ਖਤਮ ਕੀਤਾ ਤੇ ਬਰਾਂਚ ਭੀ ਤੋੜ ਫੋੜ ਕਰ ਦਿਤੀ। ESL ਅੰਗਰੇਜ਼ੀ ਦੂਸਰੀ ਜ਼ਬਾਨ ਦੇ ਤੌਰ ਤੇ ਫੰਡਾਂ ਦੀ ਕਟੌਤੀ ਕੀਤੀ। 1983 ਵਿਚ ਜੋ ਕੁਝ ਸੋਕਰਡ ਸਰਕਾਰ ਨੇ ਕੀਤਾ ਉਹ ਸਾਨੂੰ ਛੇਤੀ ਭੁਲਣਾ ਨਹੀਂ ਚਾਹੀਦਾ। ਇਹ ਪਾਰਟੀ ਉਹੀ ਹੈ ਸਿਰਫ ਚਿਹਰੇ 'ਚ ਹੀ ਫਰਕ ਪਿਆ ਹੈ। ਇਸ ਪਾਰਟੀ ਨੇ ਅੱਜ ਤੱਕ ਆਪਦਾ ਪਲੇਟਫਾਰਮ ਨਹੀਂ ਦੱਸਿਆ ਇਹ ਭੀ ਨਹੀਂ ਦੱਸਿਆ ਕਿ ਇਹ ਭਵਿਖ ਵਿਚ ਕੀ ਕਰਨਗੇ। ਇਸ ਤੋਂ ਉਪਰੰਤ ਇਨ੍ਹਾਂ ਹਰ ਉਮੀਦਵਾਰ ਦੇ ਮੂੰਹ ਤੇ ਪੱਟੀ ਬੰਨ ਦਿਤੀ ਹੈ ਕਿ ਉਹ ਲੋਕਾਂ ਵਿਚ ਬੋਲ ਨਹੀਂ ਸਕਦੇ। ਇਹ ਲੋਕਾਂ ਵਿਚ ਬੈਠਕੇ, ਜਿਥੇ ਮੀਡੀਆ ਨਾ ਹੋਵੇ, ਗੱਲ ਕਰਦੇ ਹਨ ਤੇ ਕਈ ਵਾਰੀ ਬਖਸ਼ੀਸ਼ਾਂ ਭੀ ਬਖਸ਼ਦੇ ਹਨ, ਜਿਵੇਂ ਦੇਸ ਕਾਂਗਰਸੀ ਮਜ਼ਹਬੀਆਂ ਤੇ ਰਮਦਾਸੀਆਂ ਦੇ ਵਿਹੜੇ ਜਾ ਕੇ ਵਾਅਦੇ ਕਰ ਆਉਂਦੇ ਸਨ ਇਹ ਲੋਕ ਸਾਨੂੰ ਓਸੇ ਤਰ੍ਹਾਂ ਹੀ ਸਮਝਦੇ ਹਨ ਤੇ ਵਾਅਦੇ ਭੀ ਕਰ ਸਕਦੇ ਹਨ। ਸਾਡੇ ਪਿੰਡ ਪੰਦਰਾਂ ਸਾਲ ਹੋ ਗਏ ਹਰ ਕਾਂਗਰਸੀ ਸਰਕਾਰ ਦਾ ਨੁਮਾਇੰਦਾ ਰਮਦਾਸੀਆਂ ਦੇ ਵਿਹੜੇ ਖੂਹੀ ਲਵਾਉਣ ਦਾ ਵਾਅਦਾ ਕਰਦਾ ਸੀ ਪਰ ਅੱਜ ਤੱਕ ਖੂਹੀ ਨਹੀਂ ਲੱਗੀ। ਖਿਆਲ ਰੱਖਣਾ ਇਹ ਅਮੀਰਾਂ ਦੀ ਪਾਰਟੀ ਸਾਨੂੰ ਪਛੜੀਆਂ ਸ਼੍ਰੇਣੀਆਂ ਵਾਂਗ ਨਾ ਵਰਤ ਲੈਣ ਕਿਉਂਕਿ ਅਸੀਂ ਇਸ ਮੁਲਕ ਦੇ ਹਿਸਾਬ ਨਾਲ ਸਾਡਾ ਰੁਤਬਾ ਪਛੜੀਆਂ ਸ਼ਰੇਣੀਆਂ ਵਾਲਾ ਹੈ ਕਿਉਂਕਿ ਸਾਡੀ ਆਮਦਨ ਆਦਿ ਵਾਸੀਆਂ ਨਾਲੋਂ ਇਕ ਦਰਜਾ ਉਪਰ ਹੈ। ਪੈਸੇ ਤੇ ਚੰਗੀਆਂ ਨੌਕਰੀਆਂ ਦੇ ਹਿਸਾਬ ਨਾਲ ਆਦਿ ਵਾਸੀਆਂ ਤੋਂ ਬਿਨਾਂ ਅਸੀਂ ਸਭ ਤੋਂ ਥੱਲੇ ਹਾਂ। ਫੋਕੇ ਵਾਅਦਿਆਂ ਦੇ ਪਲੇਚੇ ਵਿਚ ਨਾ ਫਸ ਜਾਣਾ। ਸਾਨੂੰ ਉਸ ਪਾਰਟੀ ਨਾਲ ਮਿਲਣਾ ਚਾਹੀਦਾ ਹੈ ਜੋ ਸਾਡਾ ਸਤਿਕਾਰ ਕਰੇ ਤੇ ਸਾਨੂੰ ਬਰਾਬਰ ਦਾ ਸਮਝੇ ਨਾ ਕਿ ਸਾਨੂੰ ਇਸਤੇਮਾਲ ਕਰੇ। ਸਾਨੂੰ ਤਕੜੇ ਹਿਊਮਨ ਰਾਈਟਸ ਕੋਡ ਦੀ ਤੇ ਕਮਿਸ਼ਨ ਅੱਜ ਅਤੀ ਲੋੜ ਹੈ ਜਿਸਦਾ ਕਿ ਸੋਕਰਡ ਸਰਕਾਰ ਨੇ ਕਚੂਮਰ ਕੱਢ ਦਿਤਾ ਹੈ।

ਸਾਡੀ ਕਮਿਊਨਿਟੀ ਦੇ ਕਈ ਧੜੇ ਬਣ ਚੁਕੇ ਹਨ। ਸੱਜੇ ਪੱਖੀਆਂ ਤੇ ਖੱਬੇ ਪੱਖੀਆਂ ਦੇ ਵਿਚਕਾਰ ਭੀ ਕਈ ਧੜੇ ਬਣ ਚੁਕੇ ਹਨ। ਪਰ ਇਸ ਗੱਲ ਦੀ ਖੁਸ਼ੀ ਹੈ ਕਿ ਖੱਬੇ ਪੱਖੂ ਧੜਿਆਂ ਨੇ ਇਕੱਠੇ ਹੋਕੇ ਦਰਸ਼ਨ ਸਿੰਘ ਕੈਨੇਡੀਅਨ ਦਾ ਸ਼ੋਕ ਦਿਨ ਸਾਂਝਾ ਮਨਾਇਆ ਤੇ ਸਾਰੇ ਖੱਬੇ ਧੜੇ ਫਾਰਮ ਵਰਕਰਾਂ ਦੀ ਮਦਦ ਤੇ ਨਸਲਵਾਦ ਦਾ ਵਿਰੋਧ ਬੜੀ ਸਮਝ ਨਾਲ ਕਰਦੇ ਹਨ। ਸਜੂ ਧੜਿਆਂ ਦੀ ਇਕ ਸਾਂਝ ਵਖਰਾ ਦੇਸ਼ ਖਾਲਿਸਤਾਨ ਬਨਾਉਣ ਤੋਂ ਬਿਨਾਂ ਹੋਰ ਕੋਈ ਨਹੀਂ ਜਾਪਦੀ। ਉਨ੍ਹਾਂ ਵਿਚ ਵਾਦ ਵਿਵਾਦ ਖੁੱਲ੍ਹਾ ਹੋ ਗਿਆ ਹੈ। ਇਨ੍ਹਾਂ ਵਿਚ ਹਰ ਤਰ੍ਹਾਂ ਦੀ ਸਿਆਸਤ ਭੀ ਹੈ, ਸੋਕਰਡ, ਐਨ. ਡੀ. ਪੀ. ਤੇ ਟੋਰੀ ਆਦਿ। ਇਸ ਧੜੇ ਵਿਚ ਕੈਨੇਡੀਅਨ ਸਿਆਸਤ ਵਾਰੇ ਸਾਂਝ ਘੱਟ ਹੈ ਤੇ ਬਹੁਤਾ ਜ਼ੋਰ ਭਾਰਤ ਦੀ ਸਿਆਸਤ ਬਾਰੇ ਹੈ। ਪਰ ਸਰੀ ਵਿਚ ਉਮੀਦਵਾਰ ਗੇਰੀ ਵਾਟਕਨ, ਐਨ. ਡੀ. ਪੀ. ਦੀ ਮੱਦਦ ਕਰਨ ਲਈ ਪਹਿਲੀ ਕਮੇਟੀ ਤੇ ਖਾਲਿਸਤਾਨੀ ਇਕੱਠੇ ਹੋ ਗਏ। ਇਸ ਗੱਲ ਨੂੰ ਮੈਂ ਚੰਗਾ ਸਮਝਦਾ ਹਾਂ ਕਿਉਂਕਿ ਭਾਰਤ ਬਾਰੇ ਸਾਡੇ ਵਿਚਾਰ ਵੱਖਰੇ ਹੋ ਸਕਦੇ ਹਨ ਪਰ ਉਹ ਵਿਚਾਰ ਇਥੋਂ ਦੀ ਸਿਆਸਤ ਵਾਰੇ ਜਾਂ ਸਾਡੇ ਸਾਂਝੇ ਮੁਫਾਦ ਵਿਚ ਦਖਲਅੰਦਾਜ਼ੀ ਨਾ ਕਰਨ ਤਾਂ ਚੰਗਾ ਹੈ। ਇਸ ਨੂੰ ਅੰਗਰੇਜ਼ੀ ਵਿਚ ਕਈ ਲੋਕ Low basis of Unity ਸੱਦਦੇ ਹਨ ਯਾਨੀ ਘਟੀਆ ਮਾਤਰਾ ਤੇ ਇਕੱਠ। ਜੇ ਇਹੋ ਜਿਹਾ ਇਕੱਠ ਖਬੂ ਤੇ ਸਜੂ ਧੜਿਆਂ ਵਿਚ ਹੋਣ ਲੱਗ ਜਾਵੇ ਤਾਂ ਚੰਗੀ ਗੱਲ ਹੋਵੇਗੀ।

ਸਾਡੀ ਕਮਿਊਨਿਟੀ ਦੀਆਂ ਤੀਹ ਪਰਸੈਂਟ ਵੋਟਾਂ ਨਹੀਂ ਬਣੀਆਂ ਹੋਈਆਂ। ਬਹੁਤ ਹੀ ਲੋਕਾਂ ਨੂੰ ਵੋਟਾਂ ਬਨਾਉਣ ਦੀ ਜਾਂ ਪਾਉਣ ਦੀ ਦਿਲਚਸਪੀ ਨਹੀਂ। ਇਹ ਸਮਝਣ ਦੀ ਲੋੜ ਹੈ ਕਿ ਇਸ ਨਾਲ ਸਾਡੀ ਕਮਿਊਨਿਟੀ ਦੀ ਵੁਕਤ ਘਟਦੀ ਹੈ। ਚਾਹ ਦੇ ਕੱਪ ਤੇ ਬੈਠਕੇ ਕਰਲਾਉਣ ਦੀ ਕੋਈ ਲੋੜ ਨਹੀਂ ਜੇ ਤੁਸੀਂ ਆਪਦੀ ਤਾਕਤ ਨਹੀਂ ਇਸਤੇਮਾਲ ਕਰਦੇ। ਪਰ ਜਦ ਕੰਮ ਦੀ ਲੋੜ ਪੈਂਦੀ ਹੈ ਫਿਰ ਨਾਨੀ ਚੇਤੇ ਆਉਂਦੀ ਹੈ ਕਿ ਹੁਣ ਕੀਹਨੂੰ ਫੜੀਏ। ਜਦ ਵੋਟਾਂ ਨਾ ਪਾਉਣ ਕਰਕੇ ਤਾਕਤ ਦੀ ਵਾਗਡੋਰ ਬਰਖਲਾਫ ਪਾਰਟੀ ਨੂੰ ਹੀ ਦੇ ਦਿਤੀ ਫਿਰ ਡੁਲੇ ਦੁਧ ਵਾਰੇ ਕੀ ਪਛਤਾਉਣਾ। ਜੇ ਦੁੱਖ ਤਕਲੀਫਾਂ ਤੋਂ ਬਚਣਾ ਹੈ ਤਾਂ ਮੌਕਾ ਅੱਜ ਹੈ। ਜਿਸਦੀ ਵੋਟ ਨਹੀਂ ਬਣੀ 22 ਅਕਤੂਬਰ ਨੂੰ ਸੈਕਸ਼ਨ 80 ਥੱਲੇ ਉਨ੍ਹਾਂ ਨੂੰ ਵੋਟ ਪਾਉਣ ਦਾ ਅਜੇ ਭੀ ਮੌਕਾ ਹੈ।

---

## ਮਾਸਟਰ ਜਸਵੰਤ ਸਿੰਘ ਜੀ ਸਹੌਲੀ

ਜੋ ਕਿ ਕੈਲਗਰੀ ਵਿਖੇ ਸੁਰਗਵਾਸ ਹੋ ਗਏ ਹਨ ਉਨ੍ਹਾਂ ਦੇ ਨਮਿਤ

ਸਾਧਾਰਨ ਪਾਠ ਦਾ ਭੋਗ

**2 ਨਵੰਬਰ ਬਾਅਦ ਦੁਪਹਿਰ 1 ਵਜੇ**

**ਗੁਰੂ ਨਾਨਕ ਸਿਖ ਟੈਂਪਲ, ਡੈਲਟਾ-ਸਰੀ**

ਵਿਖੇ ਪਵੇਗਾ।

ਕਿਰਪਾ ਕਰਕੇ ਸਾਰੇ ਦੋਸਤ ਮਿੱਤਰ ਅਰਦਾਸ ਵਿਚ ਸ਼ਾਮਲ ਹੋਣ ਦੀ ਕ੍ਰਿਪਾਲਤਾ ਕਰਨ।

ਰਿਸ਼ਤੇਦਾਰ ਅਤੇ ਮਿੱਤਰ

---

## ਇੰਡੀਅਨ ਪੀਪਲਜ਼ ਐਸੋ: ਇਨ ਨਾਰਥ ਅਮੇਰਿਕਾ (ਇਪਾਨਾ) ਵਲੋਂ

ਦੱਖਣੀ ਅਫਰੀਕਾ ਬਾਰੇ ਦੋ ਫਿਲਮਾਂ

**ਵਿਨੀ ਐਂਡ ਨੈਲਸਨ ਮੰਡੇਲਾ**

ਅਤੇ

**ਜਨਰੇਸ਼ਨਜ਼ ਆਫ ਰਜਿਸਟੈਂਸ**

ਦਿਖਾਈਆਂ ਜਾ ਰਹੀਆਂ ਹਨ।

ਇਸ ਤੋਂ ਇਲਾਵਾ ਦੱਖਣੀ ਅਫਰੀਕਾ ਦੀ ਨਸਲਵਾਦੀ ਸਰਕਾਰ ਵਿਰੁੱਧ ਚੱਲ ਰਹੇ ਮੁਕਤੀ ਘੋਲ ਬਾਰੇ ਮਾਈਕਲ ਮੌਇਡੀ ਵਲੋਂ ਜਾਣਕਾਰੀ ਦਿੱਤੀ ਜਾਵੇਗੀ।

**ਸ਼ਨਿਚਰਵਾਰ ; 18 ਅਕਤੂਬਰ, 1986 ;**

**ਦੁਪਹਿਰ 1.30 ਵਜੇ**

**ਕੇਮਾਅ ਹਾਲ**

707-12 ਸਟਰੀਟ, ਨਿਊ ਵੈਸਟਮਿਨਸਟਰ

ਹੋਰ ਜਾਣਕਾਰੀ ਲਈ ਫੋਨ ਕਰੋ : -

581-9194 — ਰਾਜ ਚੌਹਾਨ

941-4467 — ਚਿੰਨ ਬੈਨਰਜੀ

820-1626 — ਤਰਲੋਚਨ ਬਰਾੜ

---


# ROKKO SAREES & FABRICS

**6201 Fraser Street**

**VANCOUVER**

**Tel: 327-3033**

## ਰੋਕੋ ਸਾੜ੍ਹੀਜ਼ ਹ.ਫਤੇ ਦੇ ਸੱਤੇ ਦਿਨ ਖੁਲ੍ਹਾ ਰਹਿੰਦਾ ਹੈ




## ਰੋਕੋ ਸਾੜ੍ਹੀਜ਼ ਉਤੇ ਹਰ ਮੰਗਲਵਾਰ ਨੂੰ

## ਸਪੈਸ਼ਲ ਸਪੈਸ਼ਲ ਸੇਲ ਲੱਗਦੀ ਹੈ

ਸਿਹਤ

# ਸਿਹਤ ਲਈ ਕਸਰਤ ਹਰ ਪੱਖੋਂ ਜ਼ਰੂਰੀ



——ਸਵਰਨ ਸਿੰਘ ਸਨੇਹੀ——

**ਹਰਕਤ** ਦਾ ਨਾਂ ਜ਼ਿੰਦਗੀ ਹੈ ਤੇ ਖੜੋਤ ਦਾ ਭਾਵ ਮੌਤ ਜਾਂ ਬੇਜਾਨ ਚੀਜ਼। ਇਕ ਥਾਂ ਖੜ੍ਹੋਤਾ ਪਾਣੀ ਵੀ ਬੋ ਮਾਰਨ ਲਗ ਜਾਂਦਾ ਹੈ ਤੇ ਚਲਦੇ ਪਾਣੀ ਵਿਚ ਅਜਿਹਾ ਨੁਕਸ ਦੇਖਣ ਨੂੰ ਵੀ ਨਹੀਂ ਹੁੰਦਾ। ਇਵੇਂ ਹੀ ਮਨੁੱਖੀ ਸਰੀਰ ਦੀ ਗੱਲ ਹੈ। ਕੋਈ ਵੀ ਮਸ਼ੀਨ ਇਕੋ ਥਾਂ ਖੜ੍ਹੀ ਰਹੇ ਤੇ ਉਸਦੀ ਸਫਾਈ ਵਲ ਵੀ ਧਿਆਨ ਨਾ ਦਿੱਤਾ ਜਾਵੇ ਤਾਂ ਕੁਝ ਚਿਰ ਮਗਰੋਂ ਉਸਨੂੰ ਜ਼ੰਗ ਲੱਗ ਸਕਦਾ ਹੈ। ਜਿਸ ਦੇ ਸਿੱਟੇ ਵਜੋਂ ਉਹ ਕੰਮ ਤੋਂ ਜੁਆਬ ਦੇ ਜਾਏਗੀ। ਸਰੀਰ ਦਾ ਕੋਈ ਵੀ ਅੰਗ ਵਾਧੂ ਜਾਂ ਬੇਲੋੜਾ ਨਹੀਂ। ਹਰੇਕ ਅੰਗ ਦੇ ਆਪੋ ਆਪਣੇ ਕੰਮ ਹਨ। ਜੇ ਉਹਨਾਂ ਅੰਗਾਂ ਤੋਂ ਉਹ ਕੰਮ ਨਾਂ ਲਏ ਜਾਣ ਤਾਂ ਸਰੀਰ ਵਿਚ ਖੜੋਤ ਆ ਜਾਏਗੀ ਜਿਸ ਦਾ ਅਸਰ ਕੇਵਲ ਕਿਸੇ ਇਕ ਅੰਗ ਤੇ ਨਹੀਂ ਸਗੋਂ ਸਾਰੇ ਸਰੀਰ ਤੇ ਹੀ ਪੈਂਦਾ ਹੈ।

ਕੰਮ ਕਾਰ ਕਰਨ ਸਮੇਂ ਸਾਡਾ ਸਰੀਰ ਹਰਕਤ ਵਿਚ ਰਹਿੰਦਾ ਹੈ ਪਰ ਜਦੋਂ ਅਸੀ ਕੰਮ ਤੋਂ ਵਿਹਲੇ ਹੁੰਦੇ ਹਾਂ ਤਦ ਅੰਗਾਂ ਦੀ ਹਿਲਜੁਲ ਹੁੰਦੀ ਰਹਿਣੀ ਚਾਹੀਦੀ ਹੈ। ਇਸੇ ਹਿਲਜੁਲ ਨੂੰ ਹੀ ਅਸੀਂ ਕਸਰਤ ਦਾ ਨਾਂ ਦੇ ਲੈਂਦੇ ਹਾਂ। ਕਈ ਲੋਕਾਂ ਨੂੰ ਇਸ ਕਸਰਤ ਦੀ ਲੋੜ ਘੱਟ ਪੈਂਦੀ ਹੈ ਜਿਵੇਂ ਕਿਰਸਾਨ ਤੇ ਮਜ਼ਦੂਰ ਆਦਿ, ਕਿਉਂਕਿ ਇਹ ਲੋਕੀਂ ਸਵੇਰ ਤੋਂ ਲੈ ਕੇ ਸ਼ਾਮ ਤੱਕ ਰਹਿੰਦੇ ਹੀ ਕਸਰਤ ਵਿਚ ਹਨ। ਸਰੀਰ ਮੁੜ੍ਹਕੇ ਮੁੜ੍ਹਕੀ ਹੋਇਆ ਰਹਿੰਦਾ ਹੈ ਪਰ ਜਿਹੜੇ ਲੋਕੀਂ ਸਾਰਾ ਦਿਨ ਹਰਕਤ ਵਿਚ ਨਹੀਂ ਆਉਂਦੇ ਜਾਂ ਕੇਵਲ ਨਾਂ ਮਾਤਰ ਹਿਲਜੁਲ ਕਰਦੇ ਹਨ ਉਹਨਾ ਲਈ ਕਸਰਤ ਇਕ ਪ੍ਰਮੁਖ ਲੋੜ ਹੈ। ਜੇ ਮਨੁੱਖ ਦਾ ਭੋਜਨ ਵੀ ਚੰਗਾ ਹੈ, ਤੇ ਉਹ ਬਣਾਇਆ ਵੀ ਚੰਗੀ ਸੁਚਜਤਾ ਨਾਲ ਜਾਂਦਾ ਹੈ ਪਰ ਉਸਨੂੰ ਖਾ ਕੇ ਮਨੁੱਖ ਕੋਈ ਹਰਕਤ ਨਹੀਂ ਕਰਦਾ ਤਦ ਵੀ ਸਰੀਰ ਦਾ ਰੋਗਾ ਤੋਂ ਬਚਣਾ ਅਸੰਭਵ ਜਿਹੀ ਗੱਲ ਹੁੰਦੀ ਹੈ।

ਪੱਛਮੀ ਸਭਿਅਤਾ ਦਾ ਜ਼ੋਰ ਸੱਭ ਪਾਸੇ ਵਧ ਰਿਹਾ ਹੈ। ਇਸ ਦੇ ਪ੍ਰਭਾਵ ਅਧੀਨ ਲੋਕੀਂ ਆਰਾਮ ਪਸੰਦ ਬਹੁਤ ਹੁੰਦੇ ਜਾ ਰਹੇ ਹਨ। ਮਸ਼ੀਨੀ ਯੁੱਗ ਦੇ ਆ ਜਾਣ ਨਾਲ ਹੱਥਾਂ ਦੇ ਕੰਮ ਮਸ਼ੀਨਾਂ ਨੇ ਸਾਂਭ ਲਏ ਹਨ। ਬੰਦਾ ਮਸ਼ੀਨ ਦੇ ਕੋਲ ਖੜ੍ਹਾ ਆਪ ਬੁੱਤ ਬਣਿਆ ਕੰਮ ਕਰਵਾਉਂਦਾ ਰਹਿੰਦਾ ਹੈ। ਮਸ਼ੀਨ ਨਾਲ ਹਰ ਖੇਤਰ ਵਿਚ ਉਤਪਾਦਨ ਵਧਿਆ ਹੈ ਪਰ ਮਨੁੱਖੀ ਸਿਹਤ ਤੇ ਬਹੁਤ ਮਾਰੂ ਪ੍ਰਭਾਵ ਪਿਆ ਹੈ ਅਤੇ ਪੈ ਰਿਹਾ ਹੈ। ਡਾਕਟਰ ਵੈਲਸ਼ ਠੀਕ ਹੀ ਕਹਿੰਦਾ ਹੈ, "ਫਿਰ ਗੈਰ ਕੁਦਰਤੀ ਆਦਤਾਂ ਦੀ ਲੰਬੀ ਕਤਾਰ ਲੈ ਕੇ ਸਭਿਅਤਾ ਆ ਗਈ ਤੇ ਇਸ ਸੁੰਦਰ ਭੌਤਿਕ ਨਮੂਨੇ ਨੂੰ ਹੌਲੀ-ਹੌਲੀ ਅਜੋਕੇ ਮਨੁੱਖ ਦੀ ਮਾਨਵੀ 'ਤਬਾਹੀ' ਵਿਚ ਤਬਦੀਲ ਕਰ ਦਿੱਤਾ। ਹੁਣ ਅਸੀਂ ਇਹ ਦੇਖਦੇ ਹਾਂ ਕਿ ਇਕ ਚੌੜੀ ਛਾਤੀ ਉਪਰ ਲਮਕਦੇ ਮੁੜੇ ਹੋਏ ਮੋਢੇ ਪੀਲਾ ਤੇ ਝੁਰੜੀਆਂ ਵਾਲਾ ਚਿਹਰਾ ਜਿਸ ਦੇ ਉਪਰ ਟਾਵੇਂ ਟਾਵੇਂ ਵਾਲਾਂ ਵਾਲਾ ਸਿਰ ਹੈ। ਦੁਰਬਲ ਜਾਂ ਚਰਬੀ ਨਾਲ ਆਸੇ ਪਾਸੇ ਨੂੰ ਫੈਲੇ ਹੋਏ ਅੰਗ ਆਮ ਕਰਕੇ ਲਮਕਦਾ ਹੋਇਆ ਪੇਟ ਜਿਸ ਨੂੰ ਹੇਠੋਂ ਚੌੜੇ ਤੇ ਦਰਦਾਂ ਕਰਦੇ ਪੈਰਾਂ ਦੇ ਨਮੂਣੇ ਦਿੱਤੇ ਹੋਏ ਹਨ।" ਇਹ ਅਵਸਥਾ ਸਰੀਰ ਦੀ ਤਦ ਹੀ ਹੁੰਦੀ ਹੈ ਜੇ ਕੋਈ ਕਸਰਤ ਨਹੀਂ ਕੀਤੀ ਜਾਂਦੀ।

ਕੁਝ ਕਿੱਤੇ ਅਜਿਹੇ ਵੀ ਹਨ ਜਿਹਨਾਂ ਵਿਚ ਲਗੇ ਹੋਏ ਬੰਦੇ ਨੂੰ ਕਸਰਤ ਜ਼ਰੂਰੀ ਕਰਨੀ ਚਾਹੀਦੀ ਹੈ ਜਿਵੇਂ ਦੁਕਾਨਦਾਰ, ਸੇਠ ਆਦਿ ਅਧਿਆਪਕ, ਵਕੀਲ ਤੇ ਡਾਕਟਰ ਆਦਿ। ਇਹਨਾਂ ਵਿਚ ਬਹੁ ਗਿਣਤੀ ਅਜਿਹੇ ਬੰਦਿਆਂ ਦੀ ਹੁੰਦੀ ਹੈ ਜੋ ਸਵੇਰ ਤੋਂ ਰੋਟੀ ਖਾ ਕੇ ਕੁਰਸੀ ਜਾਂ ਗੱਦੀ ਮੱਲਦੇ ਹਨ ਤੇ ਸ਼ਾਮ ਨੂੰ ਉਹਦਾ ਮਸਾਂ ਖਹਿੜਾ ਛੱਡਦੇ ਹਨ। ਅਜਿਹੇ ਲੋਕ ਸਾਰਾ ਦਿਨ ਨੌਕਰਾਂ ਤੋਂ ਕੰਮ ਕਰਵਾਉਂਦੇ ਹਨ - ਇਥੋਂ ਤੱਕ ਕਿ ਪਾਣੀ ਦਾ ਗਲਾਸ ਵੀ ਆਪ ਨਹੀਂ ਭਰ ਸਕਦੇ ਅਤੇ ਖਾਣ ਪੀਣ ਨੂੰ ਸਾਰਾ ਦਿਨ ਮੂੰਹ ਰਲਾਈ ਰਖਦੇ ਹਨ। ਅਜਿਹੇ ਲੋਕਾਂ ਦਾ ਜੇ ਰਕਤਚਾਪ ਨਾ ਵਧੇ ਜਾਂ ਉਹਨਾਂ ਨੂੰ ਜੇ ਦਿਲ ਦੇ ਰੋਗ ਨਾ ਘੇਰਨ ਤਦ ਹੋਰ ਕੀ ਹੋਵੇ ? ਦੁੱਧ, ਘਿਉ, ਮੱਖਣ ਦੀ ਵਰਤੋਂ ਤਾਂ ਇਕ ਪਾਸੇ ਰਹੀ ਅਜਿਹੇ ਲੋਕਾਂ ਨੂੰ ਤਾਂ ਰੋਟੀ ਵੀ ਘਟਾਉਣੀ ਚਾਹੀਦੀ ਹੈ। ਦੂਜੇ ਬੰਨੇ ਕਿਸਾਨ ਜਾਂ ਲੁਹਾਰ ਦੀ ਗੱਲ ਲੈ ਲਵੋ।

ਸਵੇਰ ਤੋਂ ਸ਼ਾਮ ਤੱਕ ਜ਼ੋਰ ਦਾ ਕੰਮ ਕਰਦਾ ਹੈ। ਲਹੂ ਪਸੀਨਾ ਇਕ ਕਰ ਦਿੰਦਾ ਹੈ। ਉਸਨੂੰ ਜੇ ਦੁੱਧ ਘਿਉ ਨਾ ਮਿਲੇ ਤੱਕ ਉਹ ਬਹੁਤੇ ਦਿਨ ਕੰਮ ਨਹੀਂ ਕਰ ਸਕਦਾ। ਕਿਸਾਨ ਨੂੰ ਹਲਾਂ ਮਗਰ ਕਿੰਨੇ ਮੀਲ ਦਾ ਪੰਧ ਰੋਜ਼ ਪੈ ਜਾਂਦਾ ਹੈ। ਅਜਿਹੇ ਲੋਕ ਪੀਪਿਆਂ ਦੇ ਪੀਪੇ ਘਿਉ ਪੁਚਾ ਕੇ ਵੀ ਦਿਲ ਦੇ ਰੋਗਾਂ ਤੋਂ ਅਣਜਾਣ ਰਹਿੰਦੇ ਹਨ ਕਿਉਂਕਿ ਉਹ ਕਸਰਤ ਲੋੜ ਤੋਂ ਵੱਧ ਕਰ ਲੈਂਦੇ ਹਨ। ਇਸ ਦਾ ਭਾਵ ਇਹ ਹੋਇਆ ਕਿ ਸਿਰਫ ਵਧੀਆ ਤੇ ਪੌਸ਼ਟਿਕ ਭੋਜਨ ਹੀ ਨਹੀਂ ਸਗੋਂ ਕਸਰਤ ਵੀ ਚੰਗੀ ਤੇ ਅਰੋਗ ਸਿਹਤ ਲਈ ਲੋੜੀਂਦੀ ਚੀਜ਼ ਹੈ।

ਤੁਸੀਂ ਪਸ਼ੂ-ਪੰਛੀਆਂ ਨੂੰ ਬਹੁਤ ਘੱਟ ਬੀਮਾਰ ਹੁੰਦੇ ਦੇਖਦੇ ਹੋ। ਇਹਨਾਂ ਵਿਚ ਘਰਾਂ ਵਿਚ ਰਖੇ ਜਾਂਦੇ ਡੰਗਰਾਂ ਦੀ ਗੱਲ ਸ਼ਾਮਲ ਨਹੀਂ, ਕਿਉਂਕਿ ਉਹ ਆਪਣੀ ਮਰਜ਼ੀ ਦੇ ਮਾਲਕ ਨਹੀਂ ਹੁੰਦੇ। ਜੰਗਲ ਵਿਚ ਖੁਲ੍ਹੇ ਵਿਚਰਨ ਵਾਲੇ ਪਸ਼ੂ-ਪੰਛੀਆਂ ਦੀ ਤੰਦਰੁਸਤੀ ਦੇ ਤਿੰਨ ਮੁਖ ਕਾਰਨਾਂ ਵਿਚੋਂ ਇਕ ਹੈ ਸਰੀਰਕ ਕਸਰਤ। ਕੁਦਰਤੀ ਖੁਲ੍ਹੇ ਤੇ ਸਾਫ ਵਾਯੂ ਮੰਡਲ ਵਿਚ ਉਹ ਹਵਾ ਤੇ ਧੁੱਪ ਦਾ ਆਨੰਦ ਮਾਣਦੇ ਹਨ, ਪੰਛੀ ਸਾਰਾ ਦਿਨ ਆਕਾਸ਼ ਵਿਚ ਉਡਾਰੀਆਂ ਲਾਉਂਦੇ ਹਨ। ਚੌਪਾਏ ਫਿਰਨ ਤੁਰਨ ਨਾਲ ਹੀ ਕਾਫੀ ਪੰਧ ਕਰ ਲੈਂਦੇ ਹਨ। ਉਹਨਾਂ ਦੇ ਸਰੀਰ ਦੇ ਸਾਰੇ ਅੰਗ ਹਰਕਤ ਵਿਚ ਰਹਿੰਦੇ ਹਨ ਜਿਸ ਕਰਕੇ ਬੀਮਾਰੀ ਛੇਤੀ ਕੀਤੇ ਉਹਨਾਂ ਦੇ ਨੇੜਿਓਂ ਵੀ ਨਹੀਂ ਲੰਘਦੀ।

ਪ੍ਰਸਿਧ ਸਰੀਰ ਵਿਗਿਆਨੀਆਂ ਦਾ ਕਥਨ ਹੈ ਕਿ 90 ਪ੍ਰਤੀਸ਼ਤ ਰੋਗਾਂ ਦਾ ਕਾਰਨ ਸਰੀਰ ਵਿਚਲੀ ਗੰਦਗੀ ਦਾ ਪੂਰੀ ਤਰਾਂ ਬਾਹਰ ਨਾ ਨਿਕਲਣਾ ਹੀ ਹੁੰਦਾ ਹੈ। ਕਸਰਤ ਕਰਨ ਨਾਲ ਸਾਡੇ ਸਰੀਰ ਦਾ ਖੂਨ ਸਾਫ ਕਰਨ ਵਿਚ ਬਹੁਤ ਮੱਦਦ ਮਿਲਦੀ ਹੈ, ਕਿਉਂਕਿ ਇਸ ਨਾਲ ਸਾਡੇ ਪੇਟ ਦੀ ਝਿਲੀ ਵਿਚ ਸੁਧਾਰ ਹੁੰਦਾ ਹੈ। ਕਾਰਬਨ ਡਾਇਆਕਸਾਈਡ ਤੇ ਸਰੀਰ ਲਈ ਵਿਸ਼ੈਲੇ ਅਸਰ ਰਖਣ ਵਾਲੇ ਹੋਰ ਤੱਤ ਖੂਨ ਵਿਚੋਂ ਕੱਢਦੀ ਹੈ ਤੇ ਖੂਨ ਨੂੰ ਆਕਸੀਜਨ ਗੈਸ ਦਿੰਦੀ ਹੈ। ਕਸਰਤ ਕਰਨ ਨਾਲ ਲੈਕਟਿਕ ਐਸਿਡ ਤੇ ਥਕਾਵਟ ਪੈਦਾ ਕਰਨ ਵਾਲੇ ਹੋਰ ਤੱਤਾਂ ਦੀ ਵੀ ਖੂਨ ਵਿਚੋਂ ਸਫਾਈ ਹੁੰਦੀ ਹੈ। ਅੱਜ ਤੋਂ ਲੱਗਪਗ ਇਕ ਸਦੀ ਪਹਿਲਾਂ ਇੰਗਲੈਂਡ ਦੇ ਇਕ ਡਾਕਟਰ ਐਡਵਰਡ ਜਾਹਨ ਨੇ ਇਹ ਵਿਚਾਰ ਪ੍ਰਗਟ ਕੀਤਾ ਸੀ ਕਿ ਮਨੁੱਖੀ ਸਰੀਰ ਦੀ ਸਫਾਈ ਬਣਾਈ ਰੱਖਣ ਵਿਚ ਸਰੀਰ ਦੀ ਚਮੜੀ ਤੇ ਫੇਫੜਿਆਂ ਦਾ ਬਹੁਤ ਵੱਡਾ ਹੱਥ ਹੁੰਦਾ ਹੈ। ਬਾਕੀ ਦੇ ਸਾਰੇ ਅੰਗਾਂ ਨਾਲੋਂ ਸਰੀਰ ਵਿਚੋਂ ਗੰਦਗੀ ਕੱਢ ਕੇ ਤਿਗੁਣੀ ਜਾਂ ਚੌਗੁਣੀ ਸਫਾਈ ਕੇਵਲ ਇਹੋ ਦੋ ਅੰਗ ਕਰਦੇ ਹਨ। ਫਿਰ ਇਹਨਾਂ ਵਿਚੋਂ ਇਕਲੇ ਫੇਫੜੇ ਹੀ ਦੋ ਪੌਂਡ ਰੋਜ਼ਾਨਾਂ ਸਰੀਰਕ ਗੰਦਗੀ ਦੀ ਸਫਾਈ ਕਰਦੇ ਹਨ ਪਰ ਇਹ ਤਦ ਹੀ ਸੰਭਵ ਹੁੰਦਾ ਹੈ ਜੇ ਸਰੀਰਕ ਕਸਰਤ ਕੀਤੀ ਜਾਵੇ। ਕਸਰਤ ਤੋਂ ਬਿਨਾਂ ਤਾਂ ਫੇਫੜੇ ਆਪ ਵੀ ਰੋਗਾਂ ਦੀ ਮਾਰ ਹੇਠਾਂ ਆ ਜਾਂਦੇ ਹਨ

ਸਾਡੇ ਸਰੀਰ ਦੇ ਪੱਠਿਆਂ ਨੂੰ ਸ਼ਕਤੀਸ਼ਾਲੀ ਬਣਾ ਕੇ ਸਰੀਰ ਦੇ ਅੰਗਾਂ ਨੂੰ ਉਹਨਾਂ ਦੇ ਆਪਣੇ ਠੀਕ ਸਥਾਨਾਂ ਤੇ ਬੰਨ੍ਹੀ ਰਖਣ ਲਈ ਵੀ ਸਰੀਰਕ ਕਸਰਤ ਦਾ ਕੰਮ ਕਰਦੀ ਹੈ। ਅਮਰੀਕਾ ਦੇ ਰਹਿ ਚੁਕੇ ਪ੍ਰਧਾਨ ਆਈਜ਼ਨਹਾਵਰ ਦੇ ਨਿੱਜੀ ਡਾਕਟਰ ਪਾਲ ਡਡਲੀ ਦਾ ਕਹਿਣਾ ਹੈ ਕਿ ਬਾਹਾਂ ਅਤੇ ਖਾਸ ਕਰਕੇ ਲੱਤਾਂ ਵਿਚਲੇ ਪੱਠੇ, ਨਾੜੀਆਂ ਵਿਚ ਰਕਤ ਸੰਚਾਰ ਨੂੰ ਕਾਇਮ ਹੀ ਨਹੀਂ ਰਖਦੇ ਸਗੋਂ ਉਸ ਵਿਚ ਸੁਧਾਰ ਵੀ ਕਰਦੇ ਹਨ ਤੇ ਪੱਠਿਆਂ ਨੂੰ ਕਸਰਤ ਹੀ ਸਿਹਤਮੰਦ ਰਖਦੀ ਹੈ। ਹਰਕਤ ਰਹਿਤ ਪੱਠੇ ਤਾਂ ਸਾਡਾ ਖੂਨ ਦਿਲ ਤੱਕ ਪੁਚਾਉਣ ਦੀ ਕਿਰਿਆ ਵੀ ਚੰਗੀ ਤਰ੍ਹਾਂ ਨਹੀਂ ਕਰ ਸਕਦੇ।

ਕਸਰਤ ਕਰਨ ਵਾਲੇ ਬੰਦੇ ਨੂੰ ਇਸ ਕਰਕੇ ਰੋਗ ਘੱਟ ਚੰਬੜਦੇ ਹਨ ਕਿ ਇਸ ਨਾਲ ਸਰੀਰ ਵਿਚ ਲਾਲ ਤੇ ਸਫੇਦ ਰੰਗ ਦੇ ਰਕਤ ਅਣੂ ਪੈਦਾ ਹੁੰਦੇ ਹਨ ਜੋ ਸਰੀਰ ਦੀ ਰੋਗਾਂ ਨਾਲ ਮੱਥਾ ਲਾਉਣ ਦੀ ਸਮਰਥਾ ਵਧਾਉਂਦੇ ਹਨ। ਇਸ ਕਰਕੇ ਸਰੀਰ ਵਿਚ ਚੁਸਤੀ ਅਤੇ ਫੁਰਤੀ ਬਣੀ ਰਹਿੰਦੀ ਹੈ। ਕਈ ਵਾਰੀ ਸਾਡੇ ਕੋਲੋਂ ਗਰਮੀ ਦੀਆਂ ਇਕਾਈਆਂ (ਕੈਲੋਰੀਜ਼) ਲੋੜ ਨਾਲੋਂ ਵੱਧ ਖਾਧੀਆਂ ਜਾਂਦੀਆਂ ਹਨ। ਇਹਨਾਂ ਨੂੰ ਸਰੀਰ ਵਿਚ ਖਪਾਉਣ ਦਾ ਬਹੁਤਾ ਕੰਮ ਕਸਰਤ ਦੇ ਸਿਰ ਹੀ ਹੁੰਦਾ ਹੈ।

ਕਸਰਤ ਤੋਂ ਸਰੀਰ ਨੂੰ ਹੋਣ ਵਾਲੇ ਲਾਭਾਂ ਤੋਂ ਕੋਈ ਵੀ ਬੰਦਾ ਸਿਰ ਨਹੀਂ ਫੇਰ ਸਕਦਾ। ਇਸ ਨਾਲ ਜੁੜਵਾਂ ਅਗਲਾ ਸੁਆਲ ਇਹੋ ਹੈ ਕਿ ਕਸਰਤ ਕਰਨੀ ਕਿਹੋ ਜਿਹੀ ਚਾਹੀਦੀ ਹੈ ਤੇ ਕਿਹੋ ਜਿਹੇ ਸਥਾਨਾਂ ਤੇਂ ਕਰਨੀ ਚਾਹੀਦੀ ਹੈ ?

ਇਸ ਸੰਬਧ ਵਿਚ ਇਕ ਗੱਲ ਸਮਝ ਲੈਣੀ ਬੜੀ ਜ਼ਰੂਰੀ ਹੈ ਕਿ ਕਸਰਤ ਦਾ ਭਾਵ ਸਾਰੇ ਸਰੀਰ ਨੂੰ ਹਰਕਤ ਵਿਚ ਲਿਆਉਣਾ ਹੈ ਪਰ ਇਹ ਹਰਕਤ ਨਾ ਤਾਂ ਵਿਤੋਂ ਵੱਧ ਹੋਣੀ ਚਾਹੀਦੀ ਹੈ ਤੇ ਨਾ ਹੀ ਬੇਨਿਯਮੀ। ਜੇ ਕੋਈ ਨੌਜੁਆਨ ਕਸਰਤ ਨਾਲ ਸਰੀਰ ਬਨਾਉਣ ਦੇ ਸ਼ੌਕ ਨਾਲ ਡੰਡ ਵੀ ਪੇਲਦਾ ਹੈ ਤੇ ਸੈਂਕੜੇ ਬੈਠਕਾਂ ਵੀ ਰੋਜ਼ਾਨਾ ਸਵੇਰੇ ਕੱਢਦਾ ਹੈ ਪਰ ਉਸਨੂੰ ਦੁਧ, ਘਿਉ, ਤੇ ਲੱਸੀ ਦੀ ਵਰਤੋਂ ਨਸੀਬ ਨਹੀਂ ਹੁੰਦੀ ਤਕ ਅਜਿਹੇ ਨੌਜਵਾਨ ਵਿਤੋਂ ਵੱਧ ਕਸਰਤ ਕਰਕੇ ਸਗੋਂ ਮਸਾਨੇ ਜਾਂ ਪਿਸ਼ਾਬ ਨਾਲ ਸੰਬੰਧਤ ਰੋਗ ਖਰੀਦ ਲੈਂਦੇ ਹਨ। ਜੇ ਕੋਈ ਇਕ ਦਿਨ ਤਾਂ 300 ਬੈਠਕਾਂ ਕੱਢ ਲੈਂਦਾ ਹੈ ਪਰ ਦੂਸਰੇ ਦਿਨ ਕਿਸੇ ਕਾਰਨ ਨਾਗਾ ਪੈ ਜਾਂਦਾ ਹੈ ਤਾਂ ਤਦ ਉਸਦੇ ਪੱਟਾਂ ਵਿਚ ਖੱਲੀਆਂ ਪੈ ਕੇ ਸਗੋਂ ਉਸਨੂੰ ਕੰਮ ਕਰਨ ਤੋਂ ਮਨ੍ਹਾ ਕਰਨਗੀਆਂ।

ਕਸਰਤ ਕਿਹੋ ਜਿਹੀ ਕੀਤੀ ਜਾਣੀ ਚਾਹੀਦੀ ਹੈ ? ਛੋਟੇ ਬੱਚੇ ਤਾਂ ਟੱਪਦੇ ਅਤੇ ਖੇਡਦੇ-ਮੱਲਦੇ ਹੀ ਬਥੇਰੀ ਕਸਰਤ ਕਰ ਲੈਂਦੇ ਹਨ। ਬਹੁਤ ਛੋਟੀ ਉਮਰ ਦਾ ਬੱਚਾ ਸਗੋਂ ਕਈ ਵਾਰ ਦੁੱਧ ਕਾਰਨ ਜਾਂ ਮਾਂ ਨਾਲੋਂ ਕੁਝ ਚਿਰ ਲਈ ਵਿਛੜ ਕੇ ਰੋਂਦਾ ਹੈ ਤੇ ਰੋਣ ਵੇਲੇ ਹੱਥ ਪੈਰ ਮਾਰਦਾ ਹੈ। ਕਈ ਸਿਆਣੇ ਇਸਨੂੰ ਬਚਪਨ ਦੀ ਵਧੀਆ ਕਸਰਤ ਗਿਣਦੇ ਹਨ

ਕਸਰਤ ਕੇਵਲ ਮਰਦਾਂ ਲਈ ਹੀ ਜ਼ਰੂਰੀ ਨਹੀਂ ਸਗੋਂ ਅਰੋਗਤਾਂ ਦੀਆਂ ਚਾਹਵਾਨ ਔਰਤਾਂ ਲਈ ਵੀ ਇਸ ਦੀ ਉਨੀ ਹੀ ਲੋੜ ਹੈ। ਪਿਛਲੇ ਸਮਿਆਂ ਵਿਚ ਮਾਈਆਂ ਤੜਕੇ ਉਠ ਕੇ ਘਰ ਦੀ ਚੱਕੀ ਨਾਲ ਚਾਰ ਸੇਰ ਤੋਂ ਲੈ ਕੇ ਅੱਠ-ਅੱਠ ਸੇਰ ਤੱਕ ਆਟਾ ਪੀਹ ਲੈਂਦੀਆਂ ਸਨ। ਜ਼ਨਾਨੀਆਂ ਵਾਸਤੇ ਇਹ ਅਜਿਹੀ ਕਸਰਤ ਹੁੰਦੀ ਸੀ ਕਿ ਉਹ ਆਪ ਤਾਂ ਅਰੋਗ ਰਹਿੰਦੀਆਂ ਸਨ ਸਗੋਂ ਉਹਨਾਂ ਦੇ ਦੁੱਧ ਚੁੰਘ ਕੇ ਪਲੇ ਹੋਏ ਬੱਚੇ ਵੀ ਨਰੋਈ ਸਿਹਤ ਵਾਲੇ ਹੁੰਦੇ ਸਨ।

ਦੂਜਾ ਲਾਭ ਸਾਰੇ ਪਰਿਵਾਰ ਨੂੰ ਵੀ ਪੁੱਜਦਾ ਸੀ ਕਿਉਂਕਿ ਉਸ ਚੱਕੀ ਦਾ ਪੀਸਿਆ ਆਟਾ ਵੀ ਤਾਕਤ ਵਾਲਾ ਹੁੰਦਾ ਸੀ। ਉਸ ਵਿਚੋਂ ਕੋਈ ਤੱਤ ਨਸ਼ਟ ਹੁ ਨਹੀਂ ਸੀ ਹੁੰਦਾ। ਚੱਕੀ ਪਸੀਨਾ ਲੈ ਆਉਂਦੀ ਸੀ ਜਿਸ ਨਾਲ ਸਰੀਰ ਹਲਕਾ ਰਹਿੰਦਾ ਸੀ। ਇਸ ਤੋਂ ਬਿਨਾਂ ਰਸੋਈ, ਗੋਹਾ ਕੂੜਾ ਕਰਨ ਜਾਂ ਭੱਤਾ ਲੈ ਕੇ ਕਿੰਨੀ ਕਿੰਨੀ ਦੂਰ ਕਈ-ਕਈ ਵਾਰੀ ਖੇਤਾਂ ਨੂੰ ਜਾਣਾ ਵੀ ਉਸਦੀ ਕਸਰਤ ਕਰਵਾ ਦੇਂਦਾ ਸੀ। ਮਸ਼ੀਨੀ ਯੁਗ ਨੇ ਉਹਨਾਂ ਨੂੰ ਦੁਧ ਰਿੜਕਣ ਤੋਂ ਤਾਂ ਹਟਾਇਆ ਹੀ ਸੀ ਹੋਰ ਵੀ ਕਈ ਸੁਖ ਦੇ ਸਾਧਨ ਪੈਦਾ ਕਰਕੇ ਰੋਗਾਂ ਦੇ ਚੱਕਰ ਵਿਚ ਫਸਾ ਦਿੱਤਾ ਹੈ।

ਸਿਆਣੀ ਉਮਰ ਦੇ ਬੰਦੇ ਭਾਵੇਂ ਬੈਠਕਾਂ ਕੱਢਣ ਵਰਗੀ ਸਖਤ ਕਸਰਤ ਤਾਂ ਨਹੀਂ ਕਰ ਸਕਦੇ ਪਰ ਬਿਲਕੁਲ ਹੀ ਕੁਝ ਨਾ ਕਰਨਾ ਵੀ ਹਾਨੀਕਾਰਕ ਸਿਧ ਹੁੰਦਾ ਹੈ। ਸਰੀਰ ਦੀ ਸਮਰਥਾ ਅਨੁਸਾਰ ਉਸਨੂੰ ਸ਼ਹਿਰੋਂ ਬਾਹਰ ਸਾਫ ਹਵਾਦਾਰ ਥਾਂ ਸੈਰ ਕਰ ਲੈਣੀ ਚਾਹੀਦੀ ਹੈ। ਡਾਕਟਰ ਵੈਲਸ਼ ਦਾ ਵਿਚਾਰ ਹੈ ਕਿ ਕਸਰਤ ਦਾ ਪਹਿਲਾ ਸਰਬੋਤਮ ਢੰਗ ਹੈ ਪੈਦਲ ਤੁਰਨਾ। ਉਸ ਅਨੁਸਾਰ ਸਾਧਾਰਨ ਸਿਹਤ ਲਈ ਸਾਧਾਰਨ ਕਸਰਤ ਹੀ ਠੀਕ ਹੁੰਦੀ ਹੈ। ਜਿੰਨਾ ਵਧੇਰੇ ਕੋਈ ਪੈਦਲ ਸਫਰ ਕਰਦਾ ਹੈ ਉਨਾ ਹੀ ਵਧੇਰੇ ਉਸਨੂੰ ਲਾਭ ਪਹੁੰਚਦਾ ਹੈ। ਸਗੋਂ ਉਹ ਤਾਂ ਇਹ ਕਹਿਣਾ ਵਿਚ ਵੀ ਸੰਕੋਚ ਨਹੀਂ ਕਰਨਾ ਕਿ ਜਦੋਂ ਪੈਦਲ ਤੁਰਨਾ ਸ਼ੁਰੂ ਕਰਦਾ ਹੈ ਉਦੋਂ ਹੀ ਸਰੀਰ ਵਿਚੋਂ ਰੋਗ ਭਜਣ ਦੀ ਤਿਆਰੀ ਫੜ ਲੈਂਦਾ ਹੈ।

ਪਦਯਾਤਰਾ ਨਾਲ ਮਨੁੱਖ ਦੀਆਂ ਪਾਚਨ ਇੰਦਰੀਆਂ ਵਿਚ ਹਿਲਜੁਲ ਹੁੰਦੀ ਹੈ। ਇਸ ਸਮੇਤ ਸਰੀਰ ਦੇ ਦੋ ਹੋਰ ਹਿਸੇ ਵੀ ਹਰਕਤ ਵਿਚ ਆਉਂਦੇ ਹਨ। ਪਰ ਯਾਤਰਾ ਨਾਲ ਮਿਅਦੇ ਤੇ ਪੈਣ ਪ੍ਰਭਾਵ ਦਾ ਜ਼ਿਕਰ ਕਰਦਾ ਹੋਇਆ ਉਹੀ ਡਾਕਟਰ ਵੈਲਸ਼ ਕਹਿੰਦਾ ਹੈ ਕਿ ਕਸਰਤ ਨਾਲ ਸਾਡੀ ਸਮੁੱਚੀ ਤੰਤ-ਕਿਰਿਆ ਉਪਰ ਅਜਿਹਾ ਪ੍ਰਭਾਵ ਪੈਂਦਾ ਹੈ ਜਿਸ ਨਾਲ ਸਾਡਾ ਖਾਧਾ ਹੋਇਆ ਭੋਜਨ ਸਿਧਾ ਤੇ ਚਿਕਨਾਹਟ ਯੁਕਤ ਹੋ ਕੇ ਟੱਟੀ ਵਾਲੀ ਜਗ੍ਹਾ ਤੱਕ ਪਹੁੰਚਦਾ ਹੈ ਜਿਸਦਾ ਦੂਜੇ ਸ਼ਬਦਾਂ ਵਿਚ ਇਹ ਭਾਵ ਹੋਇਆ ਕਿ ਮਨੁਖ ਨੂੰ ਕਬਜ਼ ਨਹੀਂ ਹੁੰਦੀ। ਸ਼ਾਇਦ ਦਰਜ਼ੀ ਆਦਿ ਲੋਕਾਂ ਹੋ ਇਸੇ ਕਰਕੇ ਕਬਜ਼ ਰਹਿੰਦੀ ਹੈ ਕਿ ਉਹ ਕਿੰਨੇ-ਕਿੰਨੇ ਘੰਟੇ ਲਗਾਤਾਰ ਬੈਠੇ ਰਹਿੰਦੇ ਹਨ ਤੇ ਤੁਰਨ ਫਿਰਨ ਦੀ ਗੱਲ ਉਹਨਾਂ ਲਈ ਬੜੀ ਦੂਰ ਹੁੰਦੀ ਹੈ। ਅਜਿਹੇ ਬੰਦੇ ਦੇ ਪੇਟ ਵਿਚ ਗੈਸ ਭਰਨੀ ਕੁਦਰਤੀ ਹੈ।

ਕਸਰਤ ਕੋਈ ਵੀ ਕਰਨੀ ਹੋਵੇ ਉਹ ਸਵੇਰੇ ਨਿਰਨੇ ਪੇਟ ਹੀ ਕਰਨੀ ਚਾਹੀਦੀ ਹੈ। ਬਹੁਤੇ ਲੋਕ ਤੜਕੇ ਦੇ ਹਨੇਰੇ ਵਿਚ ਹੀ ਕਸਰਤ ਦਾ ਕੰਮ ਨਬੇੜ ਲੈਂਦੇ ਹਨ ਪਰ ਮਾਹਿਰਾਂ ਦਾ ਵਿਚਾਰ ਹੈ ਕਿ ਸੂਰਜ ਦੀ ਰੋਸ਼ਨੀ ਵਿਚ ਕਸਰਤ ਕਰਨ ਨਾਲ ਸਰੀਰ ਨੂੰ ਬਹੁਤਾ ਲਾਭ ਪਹੁੰਚਦਾ ਹੈ। ਜਦੋਂ ਸੂਰਜ ਦੀ ਧੁੱਪ ਸਰੀਰ ਤੇ ਪੁਆਈ ਜਾਂਦੀ ਹੈ ਤਦ ਇਹ ਬੜੀ ਜਲਦੀ ਸ਼ਕਤੀ ਦੀ ਵੱਡੀ ਮਾਤਰਾ ਦਾ ਭੰਡਾਰ ਸਰੀਰ ਵਿਚ ਜਮ੍ਹਾ ਕਰਦੀ ਹੈ। ਕਰੋੜਾਂ ਹੀ ਤੰਤੂਆ ਦੇ ਸਿਰੇ ਧੁੱਪ ਦੇ ਤੁਜਸਵੀ ਸ਼ਕਤੀ ਆਪਣੇ ਵਿਚ ਸਮੋ ਲੈਂਦੇ ਹਨ ਤੇ ਇਹ ਸ਼ਕਤੀ ਸਰੀਰ ਦੀ ਸਮੁੱਚੀ ਤੰਤੂ ਪ੍ਰਣਾਲੀ ਵਿਚ ਵੰਡਦੇ ਹਨ।

ਇਕ ਗੱਲ ਹੋਰ। ਜਦੋਂ ਕਸਰਤ ਕੀਤੀ ਜਾਂਦੀ ਹੈ ਤਾਂ ਸਰੀਰ ਦੇ ਅੰਗਾਂ ਦਾ ਜ਼ੋਰ ਲੱਗਣ ਕਾਰਨ ਸਾਹ ਤੇਜ਼ ਹੋ ਜਾਂਦਾ ਹੈ। ਸਰੀਰ ਨੂੰ ਉਸ ਸਮੇਂ ਆਕਸੀਜਨ ਦੀ ਲੋੜ ਹੁੰਦੀ ਹੈ ਜੋ ਖੁਲ੍ਹੀ ਸੱਜਰੀ ਹਵਾ ਤੇ ਚੰਗੇ ਵਾਤਾਵਰਣ ਵਿਚੋਂ ਹੀ ਮਿਲ ਸਕਦੀ ਹੈ। ਇਸੇ ਲਈ ਕਸਰਤ ਦਾ ਲਾਭ ਹਨੇਰੇ ਘਰਾਂ ਦੀਆਂ ਨੁਕਰਾਂ ਵਿਚੋਂ ਨਹੀਂ ਲਿਆ ਜਾ ਸਕਦਾ। ਫਿਰ ਕੁਝ ਖਾ ਪੀ ਕੇ ਕਸਰਤ ਕਰਨਾ ਵੀ ਸਰੀਰ ਨਾਲ ਵਧੀਕੀ ਕਰਕੇ ਰੋਗਾਂ ਨੂੰ ਸੱਦਾ ਦੇਣ ਤੋਂ ਕਿਸੇ ਵੀ ਤਰਾਂ ਘੱਟ ਨਹੀਂ ਹੁੰਦਾ।

ਕਿਸੇ ਵੀ ਤਰਾਂ ਦੀ ਕਸਰਤ ਕਰਨ ਵਾਲਾ ਬੰਦਾ ਨਿਸਚੇ ਹੀ ਬੜੀ ਲੰਬੀ ਤੇ ਸੁਖੀ ਉਮਰ ਭੋਗਾ ਹੈ ਕਿਉਂਕਿ ਅਵੱਲ ਤਾਂ ਛੇਤੀ ਕੀਤੇ ਰੋਗ ਉਸਦੇ ਨੇੜੇ ਆਉਂਦੇ ਹੀ ਨਹੀਂ ਤੇ ਜੇ ਕਦੇ ਆ ਵੀ ਜਾਣ ਤਾਂ ਛੇਤੀ ਹੀ ਖਹਿੜਾ ਛੱਡ ਜਾਂਦੇ ਹਨ। ਕਸਰਤ ਦੇ ਪ੍ਰੇਮੀ ਤੇ ਨੇਮੀ ਬੰਦੇ ਦਾ ਸਰੀਰ ਇਨੀ ਛੇਤੀ ਨਕਾਰਾ ਨਹੀਂ ਹੁੰਦਾ, ਸਗੋਂ ਉਹ ਲੋਹਾ ਬਣ ਜਾਂਦਾ ਹੈ ਜਿਸਨੂੰ ਨਾ ਘੁਣ ਲੱਗੇ ਨਾ ਸਿਉਂਕ।

---

● ਡਾਕਟਰ - ਲਗਦੈ ਸਰੀਰਕ ਮਿਹਨਤ ਜ਼ਿਆਦਾ ਕਰਨ ਕਾਰਣ ਤੂੰ ਬੀਮਾਰ ਪੈ ਗਿਆ ਹੈ। ਉਂਝ ਤੂੰ ਕਰਦਾ ਕੀ ਹੈਂ?

ਮਰੀਜ਼ - "ਜੀ ਮੈਂ ਤਜੌਰੀਆਂ ਤੋੜਦਾ ਹਾਂ।"

ਡਾਕਟਰ - ਤਾਂ ਕੁਝ ਦਿਨਾਂ ਵਾਸਤੇ ਤੂੰ ਜੇਬ ਕਟਣ ਵਰਗਾ ਕੋਈ ਹਲਕਾ ਫੁਲਕਾ ਕੰਮ ਕਰ ਲੈ।

● ਪਤਨੀ - "ਕੀ ਮੈਂ ਸਚਮੁਚ 35 ਸਾਲਾਂ ਦੀ ਲਗਦੀ ਹਾਂ?"

ਪਤੀ - "ਨਹੀਂ, ਪਰ ਜਦ ਤੂੰ 35 ਸਾਲਾਂ ਦੀ ਸੀਗੀ ਉਦੋਂ ਜ਼ਰੂਰ ਲਗਦੀ ਹੋਵੇਂਗੀ।"

● ਡਾਕਟਰ (ਰੋਗੀ ਨੂੰ) - "ਜਾਣਦੇ ਹੋ ਤੁਹਾਡੀ ਯਾਦਾਸ਼ਤ ਮੇਰੇ ਇਲਾਜ ਨਾਲ ਠੀਕ ਹੋਈ ਹੈ।"

ਰੋਗੀ - "ਇਹ ਤਾਂ ਠੀਕ ਹੈ ਪਰ ਤੁਸੀਂ ਇਹ ਦਸੋ ਕਿ ਤੁਸੀਂ ਹੋ ਕੌਣ?"

● ਦੋ ਗਧੇ ਬਹੁਤ ਦੇਰ ਬਾਅਦ ਆਪਸ ਵਿਚ ਮਿਲੇ ਤੇ ਇਕ ਦੂਜੇ ਦਾ ਹਾਲ ਪੁਛਣ ਲੱਗੇ। ਪਹਿਲਾ ਬੋਲਿਆ, 'ਮੈਂ ਤਾਂ ਧੋਬੀ ਕੋਲ ਹਾਂ ਸਵੇਰ ਨੂੰ ਕੱਪੜੇ ਲੱਦ ਕੇ ਤਲਾਅ ਤੇ ਲੈ ਜਾਂਦਾ ਹਾਂ ਸਾਰਾ ਦਿਨ ਘੁੰਮਦਾ ਫਿਰਦਾ ਹਾਂ ਸ਼ਾਮ ਨੂੰ ਕੱਪੜੇ ਲੈ ਕੇ ਵਾਪਸ ਆ ਜਾਂਦਾ ਹਾਂ। ਦੂਜਾ ਬੋਲਿਆ, 'ਮੈਂ ਬਹੁਤ ਔਖਾ ਹਾਂ ਸਾਰਾ ਦਿਨ ਇਟਾਂ ਢੋਂਦਾ ਹਾਂ ਕੁੱਟ ਖਾਂਦਾ ਹਾਂ।

ਪਹਿਲਾ - ਤੂੰ ਮੇਰੇ ਨਾਲ ਚਲ ਮੇਰੇ ਮਾਲਕ ਕੋਲ।

ਦੂਜਾ - ਨਹੀਂ ਭਾਵੇਂ ਮੈਂ ਉਥੇ ਔਖਾਂ ਪਰ ਭਵਿਖ ਬੜਾ ਉਜਲਾ ਹੈ ਮੇਰੇ ਮਾਲਕ ਦੀ ਬਹੁਤ ਸੋਹਣੀ ਧੀ ਹੈ। ਉਹ ਜਦ ਵੀ ਉਸ ਨਾਲ ਗੁੱਸੇ ਹੁੰਦਾ ਹੈ ਤਾਂ ਕਹਿੰਦਾ ਹੈ ਤੈਨੂੰ ਕਿਸੇ ਗਧੇ ਨਾਲ ਵਿਆਹ ਦੇਣਾ ਹੈ। ਇਸੇ ਆਸ ਤੇ ਮੈਂ ਉਥੇ ਹਾਂ ਕੀ ਕਦੇ ਤਾਂ ਨੰਬਰ ਆਵੇਗਾ।

## 11 ਸਾਲਾ ਕੁੜੀ, ਕੁੜੀ ਦੀ ਮਾਂ ਬਣ ਗਈ

ਗਾਜ਼ੀਆਬਾਦ —— ਇਥੋਂ 25 ਕਿਲੋਮੀਟਰ ਦੂਰ ਮੋਦੀਨਗਰ ਦੇ ਇਕ ਪ੍ਰਾਈਵੇਟ ਨਰਸਿੰਗ ਹੋਮ ਵਿਚ ਇਕ 11 ਸਾਲਾ ਕੁਆਰੀ ਕੁੜੀ ਨੇ ਇਕ ਬੱਚੀ ਨੂੰ ਜਨਮ ਦਿੱਤਾ ਹੈ।

ਡਾਕਟਰ ਅਨੁਸਾਰ ਲੜਕੀ ਦੇ ਮਾਪੇ, ਜਿਹੜੇ ਕਿ ਦਿੱਲੀ ਵਿਚ ਰਹਿੰਦੇ ਹਨ ਉਸ ਕੋਲ ਆਏ ਤੇ ਗਰਭ ਡੇਗਣ ਲਈ ਕਿਹਾ ਪਰ ਗਰਭ ਅਖੀਰੀ ਪੜਾਅ ਤੇ ਹੋਣ ਕਰਕੇ ਉਕਤ ਲੜਕੀ ਨੇ ਇਕ ਸਿਹਤਮੰਦ ਬੱਚੀ ਨੂੰ ਜਨਮ ਦਿੱਤਾ ਹੈ।

ਨੰਨ੍ਹੀ ਮਾਂ ਆਪਣੀ ਬੱਚੀ ਨੂੰ ਨਰਸਿੰਗ ਹੋਮ ਵਿਚ ਛੱਡ ਗਈ ਹੈ ਅਤੇ ਡਾਕਟਰ ਇਸ ਸੰਬਧ ਵਿਚ ਯਤਨ ਕਰ ਰਿਹਾ ਹੈ ਕਿ ਕੋਈ ਬੇਔਲਾਦ ਜੋੜਾ ਇਸ ਬੱਚੀ ਨੂੰ ਗੋਦ ਲੈ ਲਵੇ।

## ਅਮਰੀਕਾ ਦੇ ਗੰਜੇ ਉਡੀਕ ਵਿਚ

ਵਾਸ਼ਿੰਗਟਨ — ਵਿਸ਼ਵ ਦੇ ਲੱਖਾਂ ਗੰਜੇ ਬੰਦੇ ਤੇ ਹਜ਼ਾਰਾਂ ਦੁਕਾਨਦਾਰ ਇਸ ਗੱਲ ਦੀ ਉਡੀਕ ਕਰ ਰਹੇ ਹਨ ਕਿ ਇਥੋਂ ਦੀ ਸਰਕਾਰ ਮੋਨੋਸਡਿਲ ਨਾਂ ਦੀ ਟਿਕੀ ਦਾ ਐਲਾਨ ਗੰਜਾਪਨ ਹਟਾਉਣ ਲਈ ਵਰਤਣ ਵਾਸਤੇ ਕਦੋਂ ਕੁ ਕਰਦੀ ਹੈ।

ਮੋਨੋਸਡਿਲ ਅਸਲ ਵਿਚ ਗੰਜੇਪਨ ਦੀ ਦਵਾਈ ਨਹੀਂ। ਇਸ ਟਿਕੀ ਦੀ ਵਰਤੋਂ ਪਿਛਲੇ 70 ਸਾਲਾਂ ਤੋਂ ਲਹੂ ਦੇ ਵਧੇਰੇ ਦਬਾਅ ਨੂੰ ਠੀਕ ਕਰਨ ਲਈ ਕੀਤੀ ਜਾ ਰਹੀ ਹੈ। ਪਰ ਇਸ ਦਵਾ ਦੇ ਟੇਢੇ ਅਸਰ ਕਾਰਨ ਰੋਗੀਆਂ ਦੇ ਸਰੀਰ ਦੇ ਵੱਖ ਵੱਖ ਭਾਗਾਂ ਤੇ ਵਾਲ ਉਗ ਆਉਂਦੇ ਹਨ। ਇਹ ਦੇਖ ਕੇ ਗੰਜਿਆਂ ਦੇ ਸਿਰ ਤੇ ਇਹ ਦਵਾਈ ਵਰਤਣ ਦਾ ਭੂਤ ਸਵਾਰ ਹੋ ਚੁੱਕਾ ਹੈ।


# D.P. Pandia & Associates

## Immigration Consultants

## Serving the Community Since 1939

## Ph. (604) 684-3716 or 684-8601

# 61 - 553 Granville St., Vancouver, B.C.

# ਪੰਜਾਬੀ ਸ਼ਾਇਰਾ ਸੁਰਜੀਤ ਕੌਰ ਬੈਂਸ

ਸਰੀ — ਪਿਛਲੇ ਦਿਨ ਪੰਜਾਬੀ ਦੀ ਪ੍ਰਸਿੱਧ ਸ਼ਾਇਰਾ ਬੀਬੀ ਸੁਰਜੀਤ ਕੌਰ ਬੈਂਸ ਦੇ ਵੈਨਕੂਵਰ ਆਉਣ ਸਮੇਂ 'ਕੈਨੇਡਾ ਦਰਪਣ' ਵਲੋਂ ਉਨ੍ਹਾਂ ਦੇ ਆਉਣ ਦੀ ਖੁਸ਼ੀ ਵਿਚ ਪਾਰਟੀ ਕੀਤੀ ਗਈ ਜਿਸ ਵਿਚ ਅਜਮੇਰ ਰੋਡੇ, ਸੁਰਜੀਤ ਕਲਸੀ, ਸਾਧੂ, ਅਮਰਜੀਤ ਸੂਫੀ, ਅਮਰਜੀਤ ਚਾਹਲ, ਮੱਖਣ ਟੁੱਟ, ਮਹਿੰਦਰ ਸੂਮਲ, ਸੁਖਵੰਤ ਹੁੰਦਲ, ਇਕਬਾਲ ਕਾਹਲੋਂ, ਗੁਰਮੇਲ, ਸਾਹਿਬ ਧਾਲੀਵਾਲ ਸ਼ਾਮਲ ਹੋਏ। ਸ਼੍ਰੀਮਤੀ ਬੈਂਸ ਦਿੱਲੀ ਦੇ ਰਹਿਣ ਵਾਲੇ ਹਨ। ਉਨ੍ਹਾਂ ਨਾਲ ਉਨ੍ਹਾਂ ਦੇ ਪਿਤਾ ਸ: ਹਰਨਾਮ ਸਿੰਘ ਮਝੈਲ ਸਾਬਕਾ ਡਿਪਟੀ ਡਾਇਰੈਕਟਰ ਪੰਜਾਬ (ਹਾਰਟੀ ਕਲਚਰ) ਵੀ ਆਏ।

ਸ੍ਰੀਮਤੀ ਬੈਂਸ ਦੀ ਵਾਕਫ਼ੀ ਕਰਵਾਉਂਦਿਆਂ ਦਰਸ਼ਨ ਗਿੱਲ ਨੇ ਦੱਸਿਆ ਕਿ ਇਨ੍ਹਾਂ ਦੀ ਪੁਸਤਕ 'ਇਕ ਰਾਤ ਜਾਗਦੀ ਏ' ਬੜੀ ਦੇਰ ਪਹਿਲਾਂ ਛਪੀ ਸੀ ਜਿਸ ਬਾਰੇ ਦੇਵਿੰਦਰ (ਆਕਾਸ਼ਬਾਣੀ) ਨੇ ਲਿਖਿਆ ਸੀ ਕਿ 'ਮੇਰੇ ਸਾਹਮਣੇ ਤਾਂ ਅੱਜ ਬੇਵੱਸ ਡੁੱਬਦਾ ਸੂਰਜ ਹੈ, ਉਦਾਸ ਸ਼ਾਮ ਹੈ, ਵਿਲਕਦੇ ਤਾਰੇ ਨੇ — ਤੇ ਇਕ ਰਾਤ ਜਾਗਦੀ ਏ।' ਸ੍ਰੀਮਤੀ ਬੈਂਸ ਨੇ ਆਪਣੀਆਂ ਨਜ਼ਮਾਂ ਤਰੰਨਮ ਵਿਚ ਗਾ ਕੇ ਮਹਿਫ਼ਲ ਮਹਿਕਾਈ।

ਇਕੱਠੇ ਹੋਏ ਸਾਰੇ ਕਵੀਆਂ ਨੇ ਆਪਣੀਆਂ ਨਜ਼ਮਾਂ ਸੁਣਾਈਆਂ। ਸ: ਹਰਨਾਮ ਸਿੰਘ ਮਝੈਲ ਨੇ ਪੰਜਾਬੀ ਅਤੇ ਉਰਦੂ ਦੇ ਸ਼ੇਅਰ ਸੁਣਾ ਕੇ ਮਹਿਫ਼ਲ ਦਾ ਮਾਹੌਲ ਬੰਨ੍ਹੀ ਰੱਖਿਆ।

ਸ੍ਰੀਮਤੀ ਬੈਂਸ ਦੀ ਨਵੀਂ ਪੁਸਤਕ ਨਵਯੁਗ ਪ੍ਰੈਸ ਦਿੱਲੀ ਵਾਲੇ ਛਾਪ ਰਹੇ ਹਨ। ਉਨ੍ਹਾਂ ਦੀ ਨਜ਼ਮ 'ਸਾਕੀਨਾਮਾ' ਨੂੰ ਬੇਹੱਦ ਸਲਾਹਿਆ ਗਿਆ। ਸ੍ਰੀਮਤੀ ਬੈਂਸ ਬੁੱਧਵਾਰ ਭਾਰਤ ਪਰਤ ਗਏ ਹਨ।



ਕੁਰਸੀਆਂ ਤੇ ਬੈਠੇ — ਹਰਨਾਮ ਸਿੰਘ ਮਝੈਲ, ਅਮਰਜੀਤ ਸੂਫ਼ੀ, ਸੁਰਜੀਤ ਕੌਰ ਬੈਂਸ
ਖੜ੍ਹੇ — ਖੁਸ਼ਪਾਲ ਗਿੱਲ, ਗੁਰਮੇਲ, ਇਕਬਾਲ ਕਾਹਲੋਂ, ਮੱਖਣ ਟੁੱਟ, ਅਮਰਜੀਤ ਚਾਹਲ, ਸੁਖਵੰਤ ਹੁੰਦਲ, ਸਾਧੂ, ਚਰਨਜੀਤ, ਸੁਰਜੀਤ ਕਲਸੀ, ਨਰਿੰਦਰ ਗਿੱਲ, ਅਜਮੇਰ ਰੋਡੇ

0 ਜੰਮੂ ਕਸ਼ਮੀਰ ਵਿਚ ਮਾਰੇ ਗਏ ਛਾਪਿਆਂ ਸਮੇਂ ਇਕ ਦਿਨ ਵਿਚ ਇਕ ਅਰਬ ਦਾ ਕਾਲਾ ਧਨ ਬਰਾਮਦ.

— ਕਾਲੇ ਨੂੰ ਸਫੇਦ ਕਰਨ ਵਾਲੇ ਧਿਆਨ ਦੇਣ.

0 ਬਾਰਡਰ ਸਕਿਉਰਟੀ ਫੋਰਸ ਨੇ ਸਰਹਦ ਤੇ 47 ਕਿਲੋ ਚਰਸ ਫੜੀ. ਇਕ ਸਮਾਚਾਰ.

— ਪਰਲੋ ਦੇਸ਼ ਦੇ ਅੰਦਰ ਹੀ ਵਿਕ ਰਹੀ ਹੈ ਉਸ ਦਾ ਕੀ ਹੋਵੇਗਾ ?

0 ਕਾਂਗਰਸ ਆਈ ਦੇ ਜੇਨਰਲ ਸਕੱਤਰ ਸ੍ਰੀ ਰਾਮ ਧਨ ਦੀ ਛੁਟੀ. ਇਕ ਸਮਾਚਾਰ.

— ਇਸ ਨੂੰ ਕਹਿੰਦੇ ਹਨ ਮਾਲਿਕ ਦੀ ਅਗਾੜੀ ਅਤੇ ਘੋੜੇ ਦੀ ਪਿਛਾੜੀ ਤੋਂ ਦੂਰ ਰਹਿਣਾ ਚਾਹੀਦਾ ਹੈ.

ਦੁਖਾਂਤ : ਦੁਖਾਂਤ ਇਹ ਨਹੀਂ, ਕਿ ਵਸਦਿਆਂ-ਰਸਦਿਆਂ ਨੂੰ
ਮਲਬਿਆਂ 'ਤੇ ਬਿਠਾ ਦਿੱਤਾ
ਦੁਖਾਂਤ ਤਾਂ ਇਹ ਹੈ, ਕਿ ਮਲਬਿਆਂ 'ਤੇ ਬੈਠਿਆਂ ਨੂੰ
ਉਹ ਮਸ਼ਕਰੀਆਂ ਕਰ-ਕਰ ਲੰਘਣ।

ਵਾਰ : ਪਿੱਛਾ ਕਰਦਾ ਹਨੇਰਾ, ਬੁਰਕ ਭਰ ਲੈਂਦੇ
ਦਾਅ ਲੱਗਣ 'ਤੇ, ਜ਼ਹਿਰੀਲੇ ਦੰਦਾਂ ਨਾਲ
ਨੀਲੋ ਨੀਲ ਕਰ ਦਿੰਦੇ, ਚਾਨਣ ਨੂੰ।

## ਕੈਨੇਡਾ ਦਰਪਣ ਦੇ ਪਾਠਕਾਂ ਅਤੇ ਵਪਾਰੀ ਵੀਰਾਂ ਲਈ

'ਕੈਨੇਡਾ ਦਰਪਣ' ਦੇ ਦਫ਼ਤਰ ਦਾ ਸਮਾਂ :
ਸੋਮਵਾਰ ਤੋਂ ਸ਼ੁਕਰਵਾਰ — 10 ਵਜੇ ਤੋਂ 5 ਵਜੇ ਸ਼ਾਮ

ਫੋਨ : 581-4473

New Democrats
Building Our Future Together!



ਤੁਹਾਡੇ ਬੱਚਿਆਂ ਦੀ ਵਿਦਿਆ ਅਤੇ ਸਿਹਤ ਸੰਭਾਲ ਸੇਵਾਵਾਂ ਦੀ ਮੁੜ ਬਹਾਲੀ ਲਈ ਤੁਸੀਂ ਨੀਊ ਡੈਮੋਕਰੈਟਿਸ ਤੇ ਭਰੋਸਾ ਕਰ ਸਕਦੇ ਹੋ ਇਲੈਕਸ਼ਨ ਵਿਚ ਤੇ ਇਸ ਤੋਂ ਪਿਛੋਂ ਵੀ।
ਯੁਵਕਾਂ ਨੂੰ ਸਾਡਾ ਸਿਖਿਆ, ਕੰਮ ਅਤੇ ਟਰੇਨਿੰਗ ਦਾ ਗਰੰਟੀ ਵਾਲਾ ਪ੍ਰੋਗਰਾਮ ਇਕ ਰਾਹ ਹੋਵੇਗਾ ਤੁਹਾਡੇ ਜਵਾਨ ਪੁਤਰ ਧੀਆਂ ਨੂੰ ਪੂਰੀ ਵਿਦਿਆ ਪ੍ਰਾਪਤ ਕਰਨ ਲਈ

ਚੰਗੇ ਮਨੁੱਖੀ ਅਧਿਕਾਰਾਂ ਲਈ ਨਵੀਂ ਡੈਮੋਕਰੈਟਿਕ ਪਾਰਟੀ ਸੰਘਰਸ਼ ਕਰੇਗੀ।
ਅਸੀਂ ਖੇਤ ਮਜ਼ਦੂਰਾਂ (ਫਾਰਮ ਵਰਕਰਾਂ) ਨੂੰ ਕੰਪਨਸੇਸ਼ਨ ਕਾਨੂੰਨ ਅਧੀਨ ਸੁਰਖਿਅਤ ਕਰਾਂਗੇ। ਅਸੀਂ ਘੱਟੋ ਘੱਟ ਦਿਹਾੜੀ (ਪ੍ਰਤੀ ਘੰਟਾ) ਨੂੰ ਵਧਾਵਾਂਗੇ।

22 ਅਕਤੂਬਰ ਚੋਣਾਂ ਵਾਲੇ ਦਿਨ ਵੋਟ ਪਾਓ
ਕਾਲਿਨ ਕੈਲੀ ਤੇ ਐਂਡਰੀਨ ਪੀਕਾਕ ਨੂੰ
ਆਵੋ ਤੁਸੀਂ ਤੇ ਨਿਊ ਡੈਮੋਕਰੈਟਿਸ ਇਕੱਠੇ ਹੋ ਕੇ ਆਪਣਾ ਆਪਣਾ ਭਵਿਖ ਬਣਾਈਏ

Little Mountain Committee Rooms : 1089 West Broadway 736-5448

# ਭਾਰਤ ਟੁੱਟ ਨਹੀਂ ਰਿਹਾ,

# ਇਕ ਨਵੇਂ ਆਤਮ ਦਾ ਨਿਰਮਾਣ ਕਰ ਰਿਹਾ ਹੈ !



ਖੁਸ਼ਵੰਤ ਸਿੰਘ

### ਭਾਰਤ ਨੂੰ ਕੀ ਹੋ ਰਿਹਾ ਹੈ ?

"ਇਹ ਵਿੱਘਰ ਰਿਹਾ ਹੈ" ਸਾਡੇ ਵਿਚੋਂ ਬਹੁਤੇ ਜਿਹੜੇ ਇਸ ਦੇ ਪ੍ਰਸ਼ਾਸਨ ਨਾਲ ਸੰਬੰਧਤ ਨਹੀਂ ਹਨ, ਇਹੀ ਜਵਾਬ ਦੇਣਗੇ । ਰਾਬਿਨ ਜਾਫਰੀ ਨਹੀਂ, ਜਿਹੜੇ ਇਕ ਆਸਟਰੇਲੀਆਈ ਯੂਨੀਵਰਸਿਟੀ ਵਿਚ ਰਾਜਨੀਤੀ ਵਿਗਿਆਨ ਪੜ੍ਹਾਉਂਦੇ ਹਨ । "ਵੱਟ ਇਜ਼ ਹੈਪਨਿੰਗ ਟੂ ਇੰਡੀਆ" (ਭਾਰਤ ਨੂੰ ਕੀ ਹੋ ਰਿਹਾ ਹੈ ?) (ਮੈਕਮਿਲਨ) ਲਿਖਣ ਤੋਂ ਪਹਿਲਾਂ ਉਹ ਭਾਰਤ ਵਿਚ ਕੁਝ ਸਾਲ ਰਹੇ ਅਤੇ ਅਧਿਐਨ ਕਾਰਜ ਕੀਤਾ । ਇਹ ਕਿਤਾਬ ਕੁਝ ਦਿਨ ਪਹਿਲਾਂ ਪ੍ਰਕਾਸ਼ਿਤ ਹੋਈ ਹੈ । ਉਹ ਸਵਾਲ ਦਾ ਉਤਰ ਖੁਦ ਦਿੰਦੇ ਹਨ, "ਮੈਂ ਕਹਾਂਗਾ ਕਿ ਭਾਰਤ ਆਪਣੇ ਨਾਲ ਸੰਵਾਦ ਕਰ ਰਿਹਾ ਹੈ ਜਿੰਨਾ ਕਿ ਉਸ ਨੇ ਪਹਿਲਾਂ ਕਦੀ ਨਹੀਂ ਕੀਤਾ ਅਤੇ ਪ੍ਰਕ੍ਰਿਆ ਵਿਚ ਇਕ ਨਵੇਂ 'ਆਤਮ' ਦਾ ਨਿਰਮਾਣ ਕਰ ਰਿਹਾ ਹੈ ।" ਉਨ੍ਹਾਂ ਦੀ ਕਥਾ ਵਸਤੂ ਹੈ ਕਿ "ਭਾਰਤ ਵਿਚ ਅੱਜ ਜ਼ਿਆਦਾ ਲੋਕਾ ਦੇ ਸਾਹਮਣੇ ਜ਼ਿਆਦਾ ਵਿਚਾਰ ਹਨ ਜਿੰਨੇ ਕਿ ਇਤਿਹਾਸ ਵਿਚ ਕਿਸੇ ਵੀ ਸਮੇਂ ਨਹੀਂ ਰਹੇ" ਕਿਉਂਕਿ ਸਰਕਾਰੀ ਕਰਮਚਾਰੀਆਂ ਵਿਚ ਵਾਧਾ, ਸੰਚਾਰ ਸਾਧਨਾਂ (ਅਖਬਾਰਾਂ, ਰੇਡੀਓ, ਦੂਰਦਰਸ਼ਨ) ਦਾ ਵਿਸਥਾਰ ਅਤੇ ਪ੍ਰਤੀਯੋਗਿਤਾ ਦੇ ਵਿਚਾਰਾਂ ਦਾ ਫੈਲਾਅ । ਜਾਫਰੀ ਨਹੀਂ ਸੋਚਦੇ ਕਿ ਭਾਰਤ ਟੁੱਟ ਜਾਏਗਾ ਬਸ਼ਰਤੇ ਕਿ ਇਹ ਆਪਣੇ ਆਪ ਨੂੰ ਸੰਕਟ ਪੈਦਾ ਕਰਨ ਵਾਲੇ ਜਾਤੀਵਾਦ ਨਾਲ ਮੁੜ ਜੋੜ ਲਵੇ ਅਤੇ ਰਾਜਾਂ ਦੀ ਕੀਮਤ ਤੇ ਇਕ ਮਜ਼ਬੂਤ ਕੇਂਦਰ ਬਣਾਉਣ ਦੀ ਬਜਾਏ, ਦੇਸ਼ ਨੂੰ ਇਕਠਾ ਰੱਖਣ ਲਈ ਮਜ਼ਬੂਤ ਰਾਜਾਂ ਤੇ ਵਿਸ਼ਵਾਸ ਕਰੇ । ਉਨ੍ਹਾਂ ਦੇ ਜ਼ਿਆਦਾਤਰ ਸਿੱਟੇ ਪੰਜਾਬ ਵਿਚ ਹੋਈਆਂ ਘਟਨਾਵਾਂ ਤੋਂ ਨਿਕਲੇ ਹਨ ਜਿਥੇ ਕਿ ਉਨ੍ਹਾਂ ਨੇ ਦੋ ਸਾਲ ਬਿਤਾਏ ਸਨ । ਅਤੇ ਦੇਖਿਆ ਕਿ "ਕਿਸ ਤਰ੍ਹਾਂ ਲਾਲਚ ਭਰੀ ਰਾਜਨੀਤੀ ਦੇ ਫੈਸਲਿਆਂ ਨੇ, ਛੋਟੇ ਛੋਟੇ ਫਾਇਦਿਆਂ ਨੂੰ ਧਿਆਨ ਵਿਚ ਰੱਖਕੇ ਇਸ ਜ਼ਿੰਦਾ ਦਿਲ ਮੇਲਜੋਲ ਨੂੰ 1980 ਦੀ ਧਮਾਕਾਖੇਜ ਸਥਿਤੀ ਪੈਦਾ ਕਰਨ ਲਈ ਬਾਰੂਦ ਦਾ ਕੰਮ ਕੀਤਾ," ਆਖਰਕਾਰ ਲੋਕ ਉਨ੍ਹਾਂ ਤੋਂ, ਇਕ ਵਿਦੇਸ਼ੀ ਤੋਂ, ਪੁੱਛਣ ਲਈ ਬੋਲੇ, "ਭਾਰਤ ਲਈ ਹੋਰ ਕੀ ਆਸ ਹੈ ?"

ਜਾਫਰੀ ਨੇ ਜ਼ਿਆਦਾਤਰ ਜੋ ਕੁਝ ਲਿਖਿਆ ਹੈ ਉਸ ਤੋਂ ਵੀ ਭਾਰਤੀ ਅਖਬਾਰਾਂ ਅਤੇ ਮੈਗਜ਼ੀਨਾਂ ਦੇ ਪਾਠਕ ਜਾਣੂ ਹੋਣਗੇ । ਤਾਜ਼ਾ ਤਰੀਨ ਨਵੀਂ ਗੱਲ ਹਮਲਾਵਰ, ਜਾਤੀ-ਧਰਮ-ਭਾਸ਼ਾਈ, ਚੇਤਨਾ ਦੇ ਵਿਸਫੋਟ ਦਾ ਉਨ੍ਹਾਂ ਦਾ ਵਿਸ਼ਲੇਸ਼ਣ ਹੈ ਅਤੇ ਇਸ ਸੰਬੰਧ ਵਿਚ ਉਨ੍ਹਾਂ ਦੇ ਸੁਝਾਅ ਹਨ ਕਿ ਇਸ ਉਤੇ ਕਿਵੇਂ ਕਾਬੂ ਪਾਇਆ ਜਾਵੇ ।

ਸਾਡੇ ਵਰਗੇ ਵਿਸ਼ਾਲ ਅਤੇ ਭਿੰਨਤਾਵਾਂ ਵਾਲੇ ਦੇਸ਼ ਵਿਚ 'ਅਸੀਂ' ਬਨਾਮ 'ਹੋਰ' ਜਿਹੜੇ ਕਿ ਸਾਡੇ ਨਾਲੋਂ ਜ਼ਿਆਦਾ ਹਨ, ਦੀ ਜਾਤੀਗਤ ਚੇਤਨਾ ਦਾ ਰਹਿਣਾ ਅਟੱਲ ਹੈ । ਸਾਡੇ ਵਿਚ 'ਹੋਰਾਂ' ਵਿਚ ਇਕ ਨਿਸ਼ਚਤ ਪ੍ਰਕਾਰ ਦੇ ਜਾਤੀਗਤ ਚਰਿਤਰ ਨੂੰ ਛਾਂਟਣ ਦੀ ਪ੍ਰਵਿਰਤੀ ਹੈ ਜਿਹੜੀ ਕਿ ਜਾਫਰੀ ਲਿਖਦੇ ਹਨ ਕਿ ਸੂਪ ਦੇ ਕਟੋਰੇ ਵਿਚ ਸਬਜ਼ੀ ਵਾਂਗ ਤੈਰਦੀ ਹੈ : ਇਹ ਖਾਣ ਵਾਲੇ ਦੀ ਇੱਛਾ ਹੈ ਕਿ ਉਹ ਇਕ ਨੂੰ ਚਿਮਚੇ ਨਾਲ ਚੁੱਕ ਲਵੇ ਅਤੇ ਦੂਜੀ ਨੂੰ ਪਿਆ ਰਹਿਣ ਦੇਵੇ ।

ਉਹ ਪੰਜਾਬ ਵਿਚ ਭਿੰਡਰਾਂਵਾਲਾ ਅਤੇ ਆਂਧਰਾ ਵਿਚ ਐਨ.ਟੀ. ਰਾਮਾਰਾਓ ਦੇ ਸਾਹਵੇਂ ਆਉਣ ਵਿਚ ਇਕ ਨੇੜੇ ਦੀ ਬਰਾਬਰੀ ਦੇਖਦੇ ਹਨ । ਦੋਵੇਂ ਹੀ ਵਿਅਕਤੀ ਆਪਣੀ ਸੰਬੰਧਤ ਜਨਤਾ ਦੇ ਗੌਰਵ ਮਈ ਭੂਤਕਾਲ ਦੀ ਬੰਸਰੀ ਵਜਾਉਂਦੇ ਹਨ, 'ਹੋਰਾਂ' ਵਲੋਂ ਉਨ੍ਹਾਂ ਦੀ ਗੱਲ ਕਰਦੇ ਹਨ ਤਾਂ ਜੋ ਉਹ ਆਪਣੇ ਆਪ ਨੂੰ ਸੱਤਾਧਾਰੀ ਕਰ ਸਕਣ । ਉਨ੍ਹਾਂ ਨੇ ਮਹਿਸੂਸ ਕੀਤਾ ਕਿ ਰਾਜਾਂ ਦੇ ਨੇਤਾਵਾਂ ਤੇ ਜੇਕਰ ਛੱਡ ਦਿਤਾ ਜਾਂਦਾ ਤਾਂ ਉਹ ਉਨ੍ਹਾਂ ਦੇ ਨਾਲ ਜ਼ਿਆਦਾ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠ ਲੈਂਦੇ ਬਜਾਏ ਕੇਂਦਰ ਵਲੋਂ ਥੋਪੇ ਗਏ ਮੁਖ ਮੰਤਰੀਆਂ ਦੇ । ਜੇਕਰ, ਉਦਾਹਰਣ ਵਜੋਂ, 1980 ਵਿਚ ਸ਼੍ਰੀਮਤੀ ਇੰਦਰਾ ਗਾਂਧੀ ਦੇ ਸੱਤਾ ਵਿਚ ਵਾਪਸ ਆਉਣ ਤੇ ਬਾਦਲ ਨੂੰ ਹੀ ਪੰਜਾਬ ਦਾ ਮੁਖ ਮੰਤਰੀ ਬਣਿਆ ਰਹਿਣ ਦਿਤਾ ਹੁੰਦਾ ਤਾਂ ਉਨ੍ਹਾਂ ਨੇ ਭਿੰਡਰਾਂਵਾਲਾ ਦੇ ਖੰਭ ਅਸਰਦਾਰ ਢੰਗ ਨਾਲ ਕਤਰ ਦੇਣੇ ਸਨ, ਜਦੋਂ ਕਿ ਕੇਂਦਰ ਵਲੋਂ ਥੋਪੇ ਗਏ ਦਰਬਾਰਾ ਸਿੰਘ ਅਜਿਹਾ ਕਰਨ ਵਿਚ ਅਸਮਰਥ ਸਨ ।

### ਮਜ਼ਬੂਤ ਰਾਜਾਂ ਦੀ ਗੱਲ

ਜਾਫਰੀ ਮਜ਼ਬੂਤ ਰਾਜਾਂ ਦੇ ਹਮਾਇਤੀ ਹਨ ਅਤੇ ਬੀ.ਸੀ. ਰਾਏ, ਕੈਰੋਂ, ਕਾਮਰਾਜ ਅਤੇ ਅੰਨਾਦੁਰੈ ਵਰਗੇ ਸ਼ਕਤੀਸ਼ਾਲੀ ਮੁਖ ਮੰਤਰੀਆਂ ਦੇ ਜਾਣ ਤੇ ਉਨ੍ਹਾਂ ਨੂੰ ਅਫਸੋਸ ਹੈ । ਅੱਜ, ਮੁਖ ਮੰਤਰੀ ਇਸ ਤਰ੍ਹਾਂ ਆਉਂਦੇ ਹਨ ਅਤੇ ਚਲੇ ਜਾਂਦੇ ਹਨ ਕਿ ਸਾਡੇ ਵਿਚੋਂ ਜ਼ਿਆਦਾਤਰ ਉਨ੍ਹਾਂ ਦੇ ਨਾਂ ਤਕ ਯਾਦ ਨਹੀਂ ਰੱਖ ਸਕਦੇ । ਨਿਸਤੇਜ ਅੰਜਈਆ ਅਤੇ ਕਰਿਸ਼ਮੇ ਵਾਲੇ ਐਨ.ਟੀ. ਰਾਮਾ ਰਾਓ ਵਿਚਕਾਰ ਫਰਕ ਵਰਣਨਯੋਗ ਹੈ । ਜਦੋਂ ਫਰਵਰੀ 1982 ਵਿਚ ਹੈਦਰਾਬਾਦ ਹਵਾਈ ਅੱਡੇ ਤੇ ਰਾਜੀਵ ਗਾਂਧੀ ਨੇ ਅੰਜਈਆ ਨੂੰ ਫਿਟਕਾਰਿਆ ਤਾਂ ਉਸ ਦੇ ਹੰਝੂ ਨਿਕਲ ਆਏ । 1985 ਵਿਚ ਕੇਂਦਰੀ ਲੇਬਰ ਮੰਤਰੀ ਦੇ ਰੂਪ ਵਿਚ ਵਾਪਸੀ ਦੇ ਬਾਅਦ ਉਨ੍ਹਾਂ ਨੇ ਪੱਤਰਕਾਰਾਂ ਨੂੰ ਕਿਹਾ, "ਮੈਡਮ ਨੇ ਮੈਨੂੰ ਰਾਜ ਮੰਤਰੀ ਬਣਾਇਆ, ਮੈਡਮ ਨੇ ਮੈਨੂੰ ਮੁਖ ਮੰਤਰੀ ਬਣਾਇਆ ਅਤੇ ਹੁਣ ਮੈਂ ਫਿਰ ਆ ਗਿਆ ਹਾਂ । ਸਭ ਉਨ੍ਹਾਂ ਦਾ ਫੈਸਲਾ ਹੈ ।"

ਗਿਆਨੀ ਜ਼ੈਲ ਸਿੰਘ ਨੇ ਕੁਝ ਚੰਗਾ ਨਹੀਂ ਕੀਤਾ ਜਦੋਂ ਉਨ੍ਹਾਂ ਮੰਨਿਆ, "ਜੇਕਰ ਕਿਸੇ ਨੇ ਸਿਆਸਤ ਵਿਚ ਜ਼ਿੰਦਾ ਰਹਿਣਾ ਹੈ ਤਾਂ ਉਸ ਦਾ ਕੋਈ 'ਗਾਡ ਫਾਦਰ' ਜ਼ਰੂਰ ਹੋਣਾ ਚਾਹੀਦਾ ਹੈ, ਅਤੇ ਮੈਂ ਸਵੀਕਾਰ ਕਰਦਾ ਹਾਂ ਕਿ ਇੰਦਰਾ ਜੀ ਮੇਰੇ ਸਰਪ੍ਰਸਤ ਹਨ । ਜਦੋਂ ਮੁਖ ਮੰਤਰੀਆਂ ਨੂੰ ਜਨਤਾ ਵਲੋਂ ਨਹੀਂ ਚੁਣਿਆ ਜਾਂਦਾ ਸਗੋਂ ਕੇਂਦਰੀ ਪਾਰਟੀਬਾਜ਼ੀ ਵਲੋਂ ਉਨ੍ਹਾਂ ਨੂੰ ਬਣਾਇਆ ਜਾਂਦਾ ਹੈ ਤਾਂ ਉਨ੍ਹਾਂ ਨੂੰ ਨਾ ਤਾਂ ਇੱਜ਼ਤ ਮਿਲਦੀ ਹੈ ਅਤੇ ਨਾ ਹੀ ਉਹ ਪ੍ਰਭਾਵਸ਼ਾਲੀ ਪ੍ਰਸ਼ਾਸਕ ਹੋ ਸਕਦੇ ਹਨ ।

### ਰਾਜਾਂ ਤੇ ਪਕੜ ਢਿੱਲੀ

ਰਾਜਾਂ ਤੇ ਪਕੜ ਢਿੱਲੀ ਪੈਣ ਅਤੇ ਆਪਣੇ ਹੱਥ ਵਿਚ ਜ਼ਿਆਦਾ ਤੋਂ ਜ਼ਿਆਦਾ ਤਾਕਤ ਰੱਖਣ ਦੇ ਪਿੱਛੇ ਕੇਂਦਰ ਦਾ ਭੈਅ ਉਲਟਾ ਹੀ ਸਿੱਧ ਹੋਇਆ ਹੈ । 14 ਸਾਲਾਂ ਵਿਚ, 1950 ਵਿਚ ਸੰਵਿਧਾਨ ਦੇ ਉਦਘਾਟਨ ਅਤੇ 1964 ਵਿਚ ਆਪਣੀ ਮੌਤ ਦੇ ਸਮੇਂ ਤਕ, 6 ਵਾਰ ਤੋਂ ਵੱਧ ਰਾਸ਼ਟਰਪਤੀ ਰਾਜ ਦਾ ਐਲਾਨ ਨਹੀਂ ਕੀਤਾ । ਇਸ ਦੇ ਉਲਟ ਪ੍ਰਧਾਨ ਮੰਤਰੀ ਵਜੋਂ ਆਪਣੇ 17 ਸਾਲਾਂ ਦੇ ਕਾਰਜਕਾਲ ਵਿਚ ਸ਼੍ਰੀਮਤੀ ਗਾਂਧੀ ਨੇ ਰਾਜਾਂ ਵਿਚ 50 ਤੋਂ ਵੱਧ ਵਾਰ ਰਾਸ਼ਟਰਪਤੀ ਸ਼ਾਸਨ ਲਾਗੂ ਕੀਤਾ । ਉਨ੍ਹਾਂ ਦੇ ਦਲ ਦੇ ਸਭ ਮੁਖ ਮੰਤਰੀ ਬਾਹਰ ਦੇ ਵਿਅਕਤੀ ਰਹੇ । ਜਿਹੜੇ ਕਿ ਆਪਣੇ ਜ਼ਿਆਦਾਤਰ ਸਮੇਂ ਵਿਚ ਉਨ੍ਹਾਂ ਦੀ ਕ੍ਰਿਪਾ ਪ੍ਰਾਪਤ ਕਰਨ ਲਈ ਖਿਚੜੀ ਪਕਾਇਆ ਕਰਦੇ ਸਨ ਬਜਾਏ ਇਸ ਦੇ ਕਿ ਆਪਣੇ ਰਾਜਾ ਦਾ ਪ੍ਰਸ਼ਾਸਨ ਚਲਾਉਂਦੇ, ਰਾਜੀਵ ਗਾਂਧੀ ਨੂੰ ਜਾਨਣਾ ਚਾਹੀਦਾ ਹੈ ਕਿ ਇਕ ਰਾਜ ਦੇ ਨਿੱਤ-ਦਿਹਾੜੀ ਦੇ ਮਾਮਲਿਆਂ ਵਿਚ ਦਖਲ ਅੰਦਾਜ਼ੀ ਕਰਨਾ 75 ਕਰੋੜ ਲੋਕਾਂ ਦੇ ਦੇਸ਼ ਨੂੰ ਚਲਾਉਣ ਦਾ ਸਭ ਤੋਂ ਖਰਾਬ ਤਰੀਕਾ ਹੈ । ਜਾਫਰੀ ਸਿੱਟਾ ਕੱਢਦੇ ਹਨ — "ਕੇਂਦਰ ਸਰਕਾਰ ਦੀ ਘੱਟ ਸੋਚੀ ਵਾਲੀ ਲਹੂਭਿੱਜੀ ਕੀਮਤ ਤੇ, ਉਸ ਯੁੱਗ ਵਿਚ ਦੇਖਣ ਦੇ ਬਾਅਦ ਜਦੋਂ ਕਿ ਸੰਚਾਰ ਸਾਧਨ ਸਥਾਨਕ ਗੌਰਵ ਨੂੰ ਉਭਾਰਦੇ ਰਹਿੰਦੇ ਹਨ, 'ਪੰਜਾਬ ਸਮਸਿਆ' ਨਾਲ ਆਖਰਕਾਰ ਭਾਰਤੀ ਲੋਕਤੰਤਰ ਅਤੇ ਸੰਘਵਾਦ ਹੋਰ ਮਜ਼ਬੂਤ ਹੋਵੇਗਾ । ਗੰਭੀਰ ਸਿਆਸੀ ਖੇਤਰੀ ਨੇਤਾਵਾਂ ਦੇ ਅਧਿਕਾਰਾਂ ਅਤੇ ਰਾਸ਼ਟਰੀ ਏਕਤਾ ਦੀਆ ਲੋੜਾਂ ਦੇ ਵਿਚਕਾਰ ਸੰਤੁਲਨ ਸਥਾਪਿਤ ਕਰਨ ਲਈ ਲੋਕਤੰਤਰੀ ਸੰਘ ਦੇ ਦਿਲ ਵਿਚ ਇਸ ਪ੍ਰਕਾਰ ਦਾ ਸੰਤੁਲਨ ਜ਼ਰੂਰ ਹੋਣਾ ਚਾਹੀਦਾ ਹੈ, ਆਮੀਨ ।

### ਈਸ਼ਵਰ ਦੀ ਚਰਚਾ

ਇਹ ਹੁਣ ਫੈਸ਼ਨ ਨਹੀਂ ਰਹਿ ਗਿਆ ਹੈ । ਈਸ਼ਵਰ ਬਾਰੇ ਚਰਚਾ ਕਰਨ ਤੇ ਹਰ ਕੋਈ ਭੜਕ ਉਠੇਗਾ ਜਾਂ ਤੁਹਾਨੂੰ ਕਟਹਿਰੇ ਵਿਚ ਲੈ ਜਾਏਗਾ । ਅਕਬਰ ਇਲਾਹਾਬਾਦੀ ਇਸ ਨੂੰ ਆਪਣੇ ਮਸਤ ਤਰੀਕੇ ਨਾਲ ਪੇਸ਼ ਕਰਦੇ ਹਨ :

ਰਕੀਬੋਂ ਨੇ ਰਪਟ ਲਿਖਵਾਈ
ਜਾ ਜਾ ਕਰ ਥਾਨੇ ਮੇਂ
ਕਿ ਅਕਬਰ ਜ਼ਿਕਰ ਕਰਤਾ ਹੈ
ਖੁਦਾ ਕਾ ਇਸ ਜ਼ਮਾਨੇ ਮੇਂ

ਮੈਂ ਮੰਨਦਾ ਹਾਂ ਕਿ ਮੈਨੂੰ ਵੀ ਈਸ਼ਵਰ ਬਾਰੇ ਚਰਚਾ ਨਾਲ ਕੁਝ ਬੇਚੈਨੀ ਹੁੰਦੀ ਹੈ । ਪਰ ਈਸ਼ਵਰ ਬਾਰੇ ਕਵਿਤਾ ਬਿਲਕੁਲ ਵੱਖਰੀ ਗੱਲ ਹੈ । ਇਹ ਬਹੁਤ ਖੂਬਸੂਰਤ ਹੋ ਸਕਦੀ ਹੈ, ਬੱਸ ਤੁਸੀਂ ਕਰਨਾ ਇਹ ਹੈ ਕਿ ਈਸ਼ਵਰ ਦੀ ਜਗ੍ਹਾ ਆਪਣੇ ਪ੍ਰੀਤਮ ਨੂੰ ਬਿਠਾ ਲਓ ਅਤੇ ਇਸ਼ਕ-ਏ-ਹਕੀਕੀ (ਈਸ਼ਵਰ ਨਾਲ ਪ੍ਰੇਮ) ਨੂੰ ਇਸ਼ਕ-ਏ-ਮਿਜਾਜੀ (ਮਨੁੱਖਾਂ ਨਾਲ ਪ੍ਰੇਮ) ਵਿਚ ਬਦਲ ਲਉ । ਫਿਰ ਤੁਸੀਂ ਉਹੀ ਸਭ ਆਨੰਦ ਪ੍ਰਾਪਤ ਕਰ ਸਕਦੇ ਹੋ ਜੋ ਖਿਲਾਰੀਆਂ ਲਟਾਂ, ਕਾਲੇ ਨੈਣਾਂ, ਉਭਰੀਆਂ ਛਾਤੀਆਂ ਅਤੇ ਸਰੀਰ ਦੀ ਮਹਿਕ ਦੇ ਇਲਾਵਾ ਹੋਰ ਜੋ ਵੀ ਕੁਝ ਤੁਸੀਂ ਪ੍ਰਾਪਤ ਕਰਨਾ ਚਾਹੁੰਦੇ ਹੋ । ਸਾਡੇ ਭਗਤਾਂ ਅਤੇ ਸੂਫੀਆਂ ਨੂੰ ਕੁਝ ਬਹੁਤ ਹੀ ਸ਼ਿੰਗਾਰਮਈ ਕਵਿਤਾਵਾਂ ਲਿਖਣ ਲਈ ਈਸ਼ਵਰ ਦਾ ਬਹਾਨਾ ਬਣਾਉਣ ਵਿਚ ਕੋਈ ਵੀ ਸਮਸਿਆ ਨਹੀਂ ਆਈ, ਜਿਹੜੀਆਂ ਕਿ ਸਾਨੂੰ ਆਪਣੀ ਸੰਤ ਭਾਸ਼ਾ, ਫਾਰਸੀ, ਹਿੰਦੀ ਅਤੇ ਉਰਦੂ ਵਿਚ ਮਿਲਦੀਆਂ ਹਨ । ਪ੍ਰੇਮ ਦੀ ਤਲਾਸ਼ ਵਿਚ ਬੁਧੀ ਅਤੇ ਗਿਆਨ ਨੂੰ ਕਚਰੇ ਵਾਂਗ ਇਕ ਪਾਸੇ ਰੱਖ ਕਰ ਦਿਤਾ । ਇਕਬਾਲ ਕਹਿੰਦੇ ਹਨ :

ਗੁਜ਼ਰ ਜਾ ਅਕਲ ਸੇ ਆਗੇ ਕਿ ਯਹ ਨੂਰ
ਚਿਰਾਗੇ-ਰਾਹ ਹੈ, ਮੰਜ਼ਿਲ ਨਹੀਂ ਹੈ

ਭਾਵ ਕਿ ਗਿਆਨ ਦੇ ਦਾਇਰੇ ਤੋਂ ਅੱਗੇ ਜਾਓ, ਇਹ ਰਸਤੇ ਦੇ ਲੈਂਪ ਦੇ ਚਾਨਣ ਵਾਂਗ ਹੈ ਤੁਹਾਡਾ ਉਦੇਸ਼ ਨਹੀਂ ਹੈ ।

ਈਸ਼ਵਰ ਦੀ ਭਾਲ ਵਿਚ ਜਾਓ ਅਤੇ ਦੇਖੋ ਕਿ ਸ਼ਕੀਲ ਬਦਾਯੂਨੀ ਇਸ ਬਾਰੇ ਕੀ ਕਹਿੰਦੇ ਹਨ :

ਮੁਅੱਤਰ ਹੈ ਉਸੇ ਕੂਚੇ ਕੀ
ਸੂਰਤ ਅਪਨਾ ਸਿਹਰਾ ਭੀ
ਕਹਾਂ ਖੋਲੇ ਹੈਂ ਗੇਸੂ ਯਾਰ ਨੇ,
ਖੁਸ਼ਬੂ ਕਹਾਂ ਤਕ ਹੈ

ਮੇਰੀ ਆਵਾਰਗੀ ਵਿਚ ਵੀ ਮੇਰੀ ਮਹਿਬੂਬਾ ਦੀਆਂ ਗਲੀਆਂ ਵਰਗੀ ਮਹਿਕ ਹੈ । ਉਸ ਨੇ ਕਿਥੇ ਆਪਣੇ ਵਾਲ ਖੋਲ੍ਹੇ ਅਤੇ ਖੁਸ਼ਬੂ ਕਿਥੋਂ ਤਕ ਫੈਲ ਗਈ । ਤਲਾਸ਼ ਦਾ ਅਹਿਸਾਸ ਵੀ 'ਲਕਸ਼' ਨੂੰ ਪ੍ਰਾਪਤ ਕਰ ਲੈਣਾ, ਕਿਉਂਕਿ ਲਕਸ਼ ਦਾ ਅਰਥ ਹੈ ਜਗਿਆਸੂ ਦਾ ਮਿਟ ਜਾਣਾ ਜੋ ਕਿ ਈਸ਼ਵਰ ਦਾ ਇਕ ਹਿੱਸਾ ਬਣ ਜਾਂਦਾ ਹੈ—ਅਨ ਅਲ ਹਕ—ਮੈਂ ਈਸ਼ਵਰ ਹਾਂ । ਸੰਸਕ੍ਰਿਤ ਵਿਚ ਇਹ ਬਹੁਤ ਸੁੰਦਰਤਾ ਨਾਲ ਕਿਹਾ ਗਿਆ ਹੈ

ਮਨੋਬੁਧੀ, ਅਹੰਕਾਰੀ ਚਿੱਤਾਨਿ ਨਾਹਮ
ਚਿਦਾਨੰਦ ਰੂਪ ਸ਼ਿਵੋਅਹਮ ਸ਼ਿਵੋਅਹਮ

ਭਾਵ ਮੈਂ ਮਨ ਨਹੀਂ ਹਾਂ, ਮੈਂ ਨਾ ਤਾਂ ਬੁਧੀ ਹਾਂ ਅਤੇ ਨਾ ਹੀ ਆਤਮਵਾਦ । ਮੈਂ ਬੁੱਧੀ ਦਾ ਆਨੰਦ ਹਾਂ, ਮੈਂ ਸ਼ਿਵ ਹਾਂ, ਮੈਂ ਸ਼ਿਵ ਹਾਂ । ਜਿਹੜੇ ਅਲੌਕਿਕ ਪ੍ਰੇਮ ਰਾਹੀਂ ਆਤਮ ਸ਼ੁਧੀ ਪ੍ਰਾਪਤ ਕਰਦੇ ਹਨ ਅਤੇ ਜਿਹੜੇ ਸੰਸਾਰਕ ਪ੍ਰੇਮ ਨਾਲ ਸੰਤੁਸ਼ਟੀ ਪ੍ਰਾਪਤ ਕਰਦੇ ਹਨ ਉਨ੍ਹਾਂ ਵਿਚਕਾਰ ਕੋਈ ਮਹਾਨ ਅੰਤਰ ਨਹੀਂ ਹੈ । ਉਨ੍ਹਾਂ ਦੀ ਤਲਾਸ਼ ਦੀ ਭਾਸ਼ਾ ਇਕ ਹੀ ਹੈ । ਅਤੇ ਤਲਾਸ਼ ਨਾਲੋਂ ਵੱਧ ਭਾਸ਼ਾ ਦਾ ਮਹੱਤਵ ਹੈ । ਉਰਦੂ ਵਿਚ ਸਾਡੇ ਕੋਲ ਇਕ ਬੇਹਤਰੀਨ ਸੰਗ੍ਰਹਿ ਹੈ ਸ਼ਾਇਰੀ ਵਿਚ ਅਧਿਆਤਮ ਪ੍ਰਸੰਗ, ਗਿਆਨੇਸ਼ਵਰ ਵਲੋਂ ਸੰਕਲਿਤ (ਮੰਜੁਲਰਾਜ ਪ੍ਰਕਾਸ਼ਨ, ਪਟਨਾ) ਉਨ੍ਹਾਂ ਨੇ ਉਰਦੂ ਕਵਿਤਾ ਵਿਚੋਂ ਸਰਵੋਤਮ ਨੂੰ ਲਿਆ ਹੈ, ਦੇਵਨਾਗਰੀ ਵਿਚ ਇਸ ਦਾ ਅਨੁਵਾਦ ਕੀਤਾ ਹੈ ਅਤੇ ਹਰ ਔਖੇ ਸ਼ਬਦ ਦੀ ਹਿੰਦੀ ਵਿਚ ਅਰਥਾ ਸਮੇਤ ਵਿਆਖਿਆ ਕੀਤੀ ਹੈ । ਮੈਂ ਈਸ਼ਵਰ ਪ੍ਰੇਮੀਆ ਅਤੇ ਨਾਲ ਹੀ ਨਾਲ ਸੋਹਣੀਆ ਔਰਤਾ ਦੇ ਪ੍ਰੇਮੀਆਂ ਲਈ ਇਸ ਦੀ ਸਿਫਾਰਸ਼ ਕਰ ਸਕਦਾ ਹਾ ।

### ਪੂਰਾ ਜਨਰਲ

ਇਹ ਕਥਾ ਰਾਜਧਾਨੀ ਦੇ ਸਮਾਜਿਕ ਜੀਵਨ ਵਿਚ ਮੌਜੂਦ ਰੁਤਬੇ ਦੀ ਭਾਵਨਾ ਨੂੰ ਚਿਤਰਤ ਕਰਦੀ ਹੈ । ਇਕ ਰਾਜਦੂਤ ਵਲੋਂ ਆਯੋਜਿਤ ਖਾਣੇ ਵਿਚ ਇਕ ਲੈਫਟੀਨੈਂਟ ਜਨਰਲ ਨੇ ਦੇਖਿਆ ਕਿ ਬੈਠਕ ਵਿਚ ਮਹਿਮਾਨਾ ਦੇ ਬੈਠਣ ਦੀ ਜੋ ਤਰਤੀਬ ਰੱਖੀ ਗਈ ਸੀ ਉਸ ਵਿਚ ਇਕ ਮੇਜਰ ਜਨਰਲ ਨੂੰ ਉਨ੍ਹਾਂ ਤੋਂ ਪਹਿਲਾਂ ਬੈਠਾ ਹੋਇਆ ਦਿਖਾਇਆ ਗਿਆ ਸੀ । ਉਸ ਨੇ ਸੋਚਿਆ ਕਿ ਆਪਣੇ ਮੇਜ਼ਬਾਨ ਨੂੰ ਇਕ ਲੈਫਟੀਨੈਂਟ ਜਨਰਲ ਅਤੇ ਮੇਜਰ ਜਨਰਲ ਦੇ ਵਿਚਕਾਰ ਫਰਕ ਦੀ ਗੱਲ ਹਲੀਮੀ ਨਾਲ ਦਸ ਦੇਵੇ । ਭੋਜਨ ਤੋਂ ਪਹਿਲਾ ਸ਼ਰਾਬ ਦਾ ਸੇਵਨ ਕਰਦਿਆਂ ਹੋਇਆਂ ਉਸ ਨੇ ਰਾਜਦੂਤ ਦੀ ਪਤਨੀ ਨੂੰ ਕਿਹਾ, "ਤੁਹਾਨੂੰ ਇਹ ਬਿਲਕੁਲ ਧਿਆਨ ਨਹੀਂ ਰਿਹਾ ਕਿ ਮੈਂ ਪੂਰਾ ਜਨਰਲ ਹਾਂ ਜਦੋਂ ਕਿ ਤੁਹਾਡੇ ਸੱਜੇ ਬੈਠੇ ਸ਼੍ਰੀਮਾਨ ਸਿਰਫ ਇਕ ਮੇਜਰ ਜਨਰਲ ਹਨ ।" ਮੇਜ਼ਬਾਨ ਨੇ ਉਨ੍ਹਾਂ ਵਲ ਦੇਖਿਆ ਅਤੇ ਜਵਾਬ ਦਿਤਾ, "ਕੀ ਤੁਸੀਂ ਸੱਚਮੁਚ ਹੋ ? ਠੀਕ ਹੈ ਮੈਂ ਆਸ ਕਰਦੀ ਹਾਂ ਕਿ ਜਦੋਂ ਤਕ ਖਾਣਾ ਖਤਮ ਹੋਵੇਗਾ ਫਿਰ ਵੀ ਤੁਸੀਂ ਪੂਰੇ ਜਨਰਲ ਹੀ ਬਣੇ ਰਹੋਗੇ ।"

## ਤਾਬੇਦਾਰ ਮੀਆਂ

ਸੜਕਾਂ ਲੰਮੀਆਂ ਤਾਣ ਕੇ ਸੁੱਤੀਆਂ ਨੇ
ਕੰਢੇ ਖੜੇ ਨੇ ਰੁੱਖ ਉਦਾਸ ਮੀਆਂ

ਸਾਡੀ ਗਰਦਨ ਨੂੰ ਉਸੇ ਮਰੋੜਿਆ ਹੈ
ਜਿਹੜੇ ਹੱਥ 'ਤੇ ਕੀਤੇ ਵਿਸ਼ਵਾਸ ਮੀਆਂ

ਕਿਸੇ ਸੇਹ ਦਾ ਤੱਕਲਾ ਗੱਡਿਆ ਹੈ
ਹੋਇਆ ਸਾਂਝ ਦਾ ਸੌਂਤਿਆ ਨਾਸ ਮੀਆਂ

ਧੂੰਏ ਮਾਰ ਕੇ ਸੁੱਟ ਗਏ ਥਾਂ ਐਸੀ
ਹੈ ਨਹੀਂ ਥਾਂ ਜਿੱਥੇ ਆਸ ਪਾਸ ਮੀਆਂ

ਪਾਕ ਦਾਮਨੀ ਲੁਕਦੀ ਫਿਰੇ ਵੇਖੋ
ਗੁੰਡਾ ਗਰਦੀ ਦਾ ਲੱਥਾ ਲਿਬਾਸ ਮੀਆਂ

ਢਾਂਚਾ ਹੱਡੀਆਂ ਦਾ ਹੁਣ ਤੇ ਰਹਿ ਗਿਆ
ਖਾਧਾ ਗਿਰਝਾਂ ਨੇ ਲਹੂ ਤੇ ਮਾਸ ਮੀਆਂ

ਕਰੋ ਪਾਠ ਤੇ ਰੱਖੋ ਨਮਾਜ਼ ਰੋਜ਼ੇ
ਲੇਕਿਨ ਸਾਡੀ ਵੀ ਸੁਣੋਂ ਅਰਦਾਸ ਮੀਆਂ

ਜਿਨੇ ਖਾਬ ਉਸਾਰੇ ਸਨ ਜ਼ਿੰਦਗੀ ਦੇ
ਤਾਬੇਦਾਰ ਹੋ ਗਏ ਪਾਸ਼ ਪਾਸ਼ ਮੀਆਂ ।

ਸ਼ਿਵਦੇਵ ਸੰਧਾਵਾਲੀਆ

## ਪੰਜ-ਆਬ ਬਣਾ ਢਾਈ-ਆਬ

ਨੇਕੀ ਕਰੋ ਤੇ ਖੂਹ ਦੇ ਵਿਚ ਸੁੱਟੋ
ਅੱਲਾ ਵਾਲੇ ਜੋ ਇਹਨੂੰ ਸਵਾਬ ਕਹਿੰਦੇ

ਜਿਮੀਂ ਉਤੇ ਉਸਾਰੋ ਤਾਂ ਮਹਿਲ ਹੋਵੇ
ਹਵਾ ਵਿਚ ਬਨਾਓ ਤੇ ਖਵਾਬ ਕਹਿੰਦੇ

ਸੱਸੀ ਪੁੰਨੂ ਤੇ ਮਿਰਜ਼ੇ ਦਾ ਕਹਿਣ ਕਿੱਸਾ
ਵਾਰਸ ਸ਼ਾਹ ਦੀ ਹੀਰ ਕਿਤਾਬ ਕਹਿੰਦੇ

ਕੱਚਾ ਹੋਵੇ ਤਾਂ ਮਾਸ 'ਚੋਂ ਬੋਅ ਔਂਦੀ
ਭੁੱਜਾ ਹੋਵੇ ਤਾਂ ਸਾਰੇ ਕਬਾਬ ਕਹਿੰਦੇ

ਗਲ ਪਾ ਲਓ ਗੁਲੂਬੰਦ ਕਹਿੰਦੇ
ਪੈਰੀ ਪਾਓ ਤਾਂ ਸਾਰੇ ਜੁਰਾਬ ਕਹਿੰਦੇ

ਰੂੜੀ ਮਾਰਕਾ ਨੂੰ ਸਾਰੇ ਕਹਿਣ ਠੱਰਾ
ਲਵੋ ਠੇਕਿਓਂ ਉਹਨੂੰ ਸ਼ਰਾਬ ਕਹਿੰਦੇ

ਖਾਣਾ ਹੋਵੇ ਤਾਂ ਗੋਭੀ ਦਾ ਫੁਲ ਕਹਿੰਦੇ
ਸੁੰਘਣ ਵਾਸਤੇ ਫੁੱਲ ਗੁਲਾਬ ਕਹਿੰਦੇ

ਜਿਹੜੀ ਖਾਏ ਮੁਰਦਾਰ ਨੂੰ ਗਿਰਝ ਕਹਿੰਦੇ
ਜਿਹੜਾ ਮਾਰ ਕੇ ਖਾਏ ਉਕਾਬ ਕਹਿੰਦੇ

ਬੂੰਦ ਬੂੰਦ ਨੂੰ ਆਬੇ ਹਯਾਤ ਕਹਿੰਦੇ
ਜਿਹੜਾ ਡੋਬ ਦੇ ਉਹਨੂੰ ਸੈਲਾਬ ਕਹਿੰਦੇ

ਜਦੋਂ ਪੰਜ ਪਾਣੀ ਏਥੇ ਵੱਗਦੇ ਸਨ
ਸਾਰੇ ਨਕਸ਼ਿਆਂ ਵਿਚ ਪੰਜਾਬ ਕਹਿੰਦੇ

ਢਾਈ ਢਾਈ ਕਰ ਕੇ ਜਦ ਦੇ ਗਏ ਵੰਡੇ
ਕਿਉਂ ਨਹੀਂ ਲੋਕ ਫਿਰ ਏਸ ਨੂੰ ਢਾਬ ਕਹਿੰਦੇ


Thinking of Buying or Selling

Residential, Commercial, New Houses, Lots, Building Contracts

Specializing :

Resale New Housing Lot Sales and Farms

Don't delay call now :

Hardeep S. Bhangav

Medellion Club Award Winner

ਰਹਾਇਸ਼ੀ ਘਰਾਂ, ਅਤੇ ਕਮਰਸ਼ਲ
ਪਰਾਪਰਟੀ ਲਈ ਹਰਦੀਪ ਸਿੰਘ
ਭੰਗਾਵ ਨੂੰ ਫੋਨ ਕਰੋ

Ph. Off: 594-4141

Pager 438-2333 #1596



ਹਰਦੀਪ ਸਿੰਘ ਭੰਗਾਵ

BENCH MARK REALTY CORPORATION

Bench Mark Realty Corp.

7218 King George Hwy. Surrey, B.C. V3W 5A5



ਪੰਜਾਬੀ ਮਾਰਕਿਟ ਵਿਚ

ਮਾਨ ਸ਼ੂਅ ਸਟੋਰ

ਆਦਮੀਆਂ, ਔਰਤਾਂ, ਅਤੇ ਬੱਚਿਆਂ ਦੇ ਜੋੜੇ,
ਚਮੜੇ ਦੇ ਅਟੈਚੀ, ਪਰਸ ਅਤੇ ਹੋਰ ਸਾਮਾਨ

MENS, LADIES & CHILDRENS'
SHOES AND LEATHER
LUGGAGE & ACCESSORIES

Mohinder Singh Mann

ਮੁਹਿੰਦਰ ਸਿੰਘ ਮਾਨ

321-4353

MANN SHOE STORE

6570 MAIN ST., VANCOUVER, B.C.

# ਸਾਰੇ ਖੇਤ ਮਜ਼ਦੂਰਾਂ ਨੂੰ ਇਕ ਅਪੀਲ

ਖੇਤਾਂ ਵਿਚ ਸਾਰੇ ਕੰਮ ਕਰਨ ਵਾਲੇ ਭੈਣੋ ਅਤੇ ਭਰਾਵੋ ਆਉਂਦੇ ਬੁੱਧਵਾਰ (ਜਾਣੀ 22 ਅਕਤੂਬਰ) ਨੂੰ ਬੀ. ਸੀ. ਸੂਬੇ ਦੀਆਂ ਜਨਰਲ ਚੋਣਾਂ ਹੋ ਰਹੀਆਂ ਹਨ। ਇਸ ਵਿਚ ਬੀ. ਸੀ. ਦੀਆਂ ਵੱਖ ਵੱਖ ਸਿਆਸੀ ਪਾਰਟੀਆਂ ਅਤੇ ਵਿਅਕਤੀ ਹਿਸਾ ਲੈ ਰਹੇ ਹਨ। ਮੁਖ ਮੌਰ ਤੇ ਦੋ ਹੀ ਵੱਡੀਆਂ ਪਾਰਟੀਆਂ ਹਨ, ਜਿਨ੍ਹਾਂ ਦਾ ਆਪਸ ਵਿਚ ਮੁਕਾਬਲਾ ਹੈ। ਇਕ ਐਨ. ਡੀ. ਪੀ.(N.D.P.) ਅਤੇ ਦੂਸਰੀ ਸੋਸ਼ਲ ਕਰੈਡਿਟ (Social Credit) 1979 ਤੋਂ ਲੈ ਕੇ ਹੁਣ ਤੱਕ ਫਾਰਮ ਵਰਕਰਾਂ ਦੇ ਨੁਮਾਇੰਦੇ ਦੇ ਤੌਰ ਤੇ ਮੇਰਾ ਸੋਸ਼ਲ ਕਰੈਡਿਟ ਪਾਰਟੀ ਨਾਲ ਕਾਫੀ ਵਾਹ ਪਿਆ ਹੈ। ਮੈਂ ਆਪਣੇ ਤਜਰਬੇ 'ਚੋਂ ਕੁਝ ਕੁ ਗੱਲਾਂ ਸੋਸ਼ਲ ਕਰੈਡਿਟ ਸਰਕਾਰ ਦੀਆਂ ਦੱਸਣਾ ਚਾਹੁੰਦਾ ਹਾਂ। ਇਸ ਤੋਂ ਪਹਿਲਾਂ ਮੈਂ ਇਹ ਦਸ ਦਿਆਂ ਕਿ ਬੀ. ਸੀ. ਵਿਚ 1860 ਤੋਂ ਲੈ ਕੇ ਹੁਣ ਤੱਕ ਫਾਰਮ ਵਰਕਰਾਂ ਨੂੰ ਸਾਰੇ ਕਾਨੂੰਨੀ ਹੱਕਾਂ ਤੋਂ ਵਾਂਝਿਆਂ ਰੱਖਣ ਦੀ ਕੋਸ਼ਿਸ਼ ਕੀਤੀ ਗਈ ਹੈ, ਇਸ ਦਾ ਮੁਖ ਕਾਰਣ ਇਹ ਸੀ ਤੇ ਅੱਜ ਵੀ ਹੈ ਕਿ ਖੇਤਾਂ ਵਿਚ ਕੰਮ ਕਰਨ ਵਾਲੇ ਵਰਕਰ ਬਹੁ ਗਿਣਤੀ ਵਿਚ ਘੱਟ ਗਿਣਤੀਆਂ ਦੇ ਲੋਕ ਰਹੇ ਹਨ, ਜਿਵੇਂ ਕਿ ਨੇਟਿਵ ਇੰਡੀਅਨ, ਜਾਪਾਨੀ, ਚੀਨੇ ਅਤੇ ਈਸਟ ਇੰਡੀਅਨ ਆਦਿ।

### ਬੀ. ਸੀ. ਵਿਚ ਘਟੋ ਘਟ ਤਨਖਾਹ

ਬੀ. ਸੀ. ਦੇ ਫਾਰਮ ਵਰਕਰਾਂ ਤੇ ਘੰਟੇ ਦੀ ਘਟੋ ਘੱਟ ਤਨਖਾਹ ਦਾ ਕਾਨੂੰਨ ਲਾਗੂ ਨਹੀਂ ਹੁੰਦਾ। 1979 ਤੋਂ ਲੈ ਕੇ ਅਸੀਂ ਸੋਸ਼ਲ ਕਰੈਡਿਟ ਸਰਕਾਰ ਨੂੰ ਕਹਿ ਰਹੇ ਹਾਂ ਕਿ ਫਾਰਮ ਵਰਕਰਾਂ ਲਈ ਘੱਟੋ ਘੱਟ ਤਨਖਾਹ ਦਾ ਕਾਨੂੰਨ ਲਾਗੂ ਕਰੋ। ਪਰ ਇਸ ਸਰਕਾਰ ਨੇ ਸਾਨੂੰ ਹਮੇਸ਼ਾਂ ਹੀ ਵਾਂਝਿਆਂ ਰੱਖਿਆ। ਮਿ: ਬਿੱਲ ਵੈਂਡਰਜ਼ਾਮ ਜੋ ਕਿ ਸੋਸ਼ਲ ਕਰੈਡਿਟ ਪਾਰਟੀ ਦਾ ਪਰੀਮੀਅਰ ਹੈ। ਅੱਜ ਵੀ ਇਹ ਕਹਿ ਰਿਹਾ ਹੈ ਕਿ ਘੱਟੋ ਘੱਟ ਤਨਖ਼ਾਹ (Minimum wage) ਦੀ ਵੀ ਕੋਈ ਜ਼ਰੂਰਤ ਨਹੀਂ ਹੈ

### ਟਰੇਡ ਯੂਨੀਅਨ ਬਣਾਉਣ ਦਾ ਅਧਿਕਾਰ

ਸੋਸ਼ਲ ਕਰੈਡਿਟ ਸਰਕਾਰ ਦੇ ਸਮੇਂ ਵਿਚ ਫਾਰਮ ਵਰਕਰਾਂ ਨੂੰ ਕਦੇ ਵੀ ਆਪਣੀ ਯੂਨੀਅਨ ਬਣਾਉਣ ਦਾ ਕਾਨੂੰਨੀ ਹੱਕ ਨਹੀਂ ਦਿਤਾ। 1983 ਵਿਚ ਇਸ ਸਰਕਾਰ ਨੇ ਬੀ. ਸੀ. ਦੇ ਲੇਬਰ ਕ਼ਾਨੂੰਨ (Labour Code) ਨੂੰ ਤੋੜ ਮਰੋੜ ਕੇ ਇਸ ਤਰ੍ਹਾਂ ਦਾ ਬਣਾਇਆ ਕਿ ਯੂਨੀਅਨ ਬਣਾਉਣੀਆਂ ਬਹੁਤ ਔਖੀਆਂ ਹੋ ਗਈਆਂ ਅਤੇ ਤੋੜਨੀਆਂ ਸੁਖਾਲੀਆਂ ਹੋ ਗਈਆਂ। ਇਸ ਕਾਨੂੰਨ ਮੁਤਾਬਿਕ ਖੇਤਾਂ ਵਿਚ ਕੰਮ ਕਰਨ ਵਾਲਿਆਂ ਲਈ ਯੂਨੀਅਨ ਬਣਾਉਣੀ ਬਹੁਤ ਮੁਸ਼ਕਿਲ ਹੋ ਗਈ। ਸੋਸ਼ਲ ਸਰਕਾਰ ਦਾ ਬਿੱਲ ਵੈਂਡਰਜ਼ਾਮ ਅੱਜ ਵੀ ਇਹ ਕਹਿ ਰਿਹਾ ਕਿ ਅਗਰ ਸੋਸ਼ਲ ਕਰੈਡਿਟ ਪਾਰਟੀ ਜਿੱਤ ਗਈ ਤਾਂ ਜਿਥੇ ਪੰਜਾਹ ਵਰਕਰਾਂ ਤੋਂ ਘੱਟ ਵਰਕਰ ਕੰਮ ਕਰਦੇ ਹਨ, ਉਥੇ ਕਾਨੂੰਨੀ ਤੌਰ ਤੇ ਯੂਨੀਅਨ ਬਨਾਉਣ ਦੀ ਮਨਾਹੀ ਹੋਵੇਗੀ। ਇਸ ਦਾ ਮਤਲਬ ਇਹ ਹੈ ਕਿ ਫਾਰਮਾਂ ਵਿਚ ਯੂਨੀਅਨ ਬਣਾਉਣੀ ਬਹੁਤ ਹੀ ਮੁਮਕਿਨ ਹੋਵੇਗੀ।

### ਵਰਕਰ ਕੰਪਨਸੇਸ਼ਨ ਦਾ ਕਾਨੂੰਨ (WCB):

ਸੋਸ਼ਲ ਕਰੈਡਿਟ ਸਰਕਾਰ ਇਹ ਕਹਿੰਦੀ ਹੈ ਕਿ ਫਾਰਮ ਵਰਕਰਾਂ ਨੂੰ ਕੰਪਨਸੇਸ਼ਨ ਦੀ ਕੋਈ ਜ਼ਰੂਰਤ ਨਹੀਂ ਹੈ। 1982 ਵਿਚ W.C.B. ਦੇ ਚੇਅਰਮੈਨ ਮਿਸਟਰ ਗਿਬਨਜ਼ ਨੇ ਐਲਾਨ ਕੀਤਾ ਕਿ ਅਪਰੈਲ 1983 ਤੋਂ ਸਾਰੇ ਫਾਰਮ ਵਰਕਰਾਂ ਨੂੰ W.C.B. ਦੇ ਅਧੀਨ ਲਿਆਂਦਾ ਜਾਵੇਗਾ ਤਾਂ ਉਸ ਸਮੇਂ ਦੇ ਸੋਸ਼ਲ ਕਰੈਡਿਟ ਸਰਕਾਰ ਦੇ ਲੇਬਰ ਮਨਿਸਟਰ ਬੌਬ ਮੈਕਲੌਲੈਂਡ ਨੇ ਸਿੱਧੇ ਰੂਪ ਵਿਚ ਦਖਲ ਅੰਦਾਜ਼ੀ ਕਰਕੇ ਕਿਹਾ ਕਿ ਫਾਰਮ ਵਰਕਰਾਂ ਨੂੰ W.C.B. ਦੀ ਕੋਈ ਜ਼ਰੂਰਤ ਨਹੀਂ। ਅੱਜ ਵੀ ਫਾਰਮ ਵਰਕਰਾਂ ਨੂੰ ਸਿਹਤ ਅਤੇ ਸੁਰੱਖਿਆ ਦੇ ਕਾਨੂੰਨ ਤੋਂ ਇਸ ਸਰਕਾਰ ਨੇ ਵਾਂਝਿਆਂ ਰੱਖਿਆ ਹੈ। 1984 ਵਿਚ ਅਸੀਂ ਇਸੇ ਸਰਕਾਰ ਦੇ ਲੇਬਰ ਮਨਿਸਟਰ ਟੈਰੀ ਸੈਗਰਟੀ ਨੂੰ ਵਿਕਟੋਰੀਆ ਜਾ ਕੇ ਮਿਲੇ ਕਿ ਫਾਰਮ ਵਰਕਰਾਂ ਤੇ ਸਿਹਤ ਅਤੇ ਸੁਰੱਖਿਆ ਦੇ ਕਾਨੂੰਨ ਲਾਗੂ ਹੋਣੇ ਚਾਹੀਦੇ ਹਨ। ਕਿਉਂਕਿ ਖੇਤਾਂ ਵਿਚ ਹਰ ਇਕ ਕਿਸਮ ਦੀਆਂ ਜ਼ਹਿਰੀਲੀਆਂ ਦਵਾਈਆਂ ਛਿੜਕੀਆਂ ਜਾਂਦੀਆਂ ਹਨ ਜੋ ਕਿ ਸਿਹਤ ਲਈ ਬਹੁਤ ਹਾਨੀਕਾਰਕ ਹਨ। ਉਸ ਨੇ ਸਾਡੇ ਨਾਲ ਵਾਅਦਾ ਕੀਤਾ ਕਿ 1985 ਦਾ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ ਖੇਤਾਂ ਵਿਚ ਕੰਮ ਕਰਨ ਵਾਲਿਆਂ ਲਈ ਸਿਹਤ ਅਤੇ ਸੁਰੱਖਿਆ ਦੇ ਨਿਯਮ ਲਾਗੂ ਹੋ ਜਾਣਗੇ। ਪਰ ਅਜੇ ਤੱਕ ਸਿਹਤ ਅਤੇ ਸੁਰੱਖਿਆ ਦੇ ਨਿਯਮਾਂ ਵਾਰੇ ਕੋਈ ਗੱਲ ਨਹੀਂ ਹੋਈ।

### ਕੈਬਿਨ

1979 ਤੋਂ ਅਸੀਂ ਇਹ ਕਹਿੰਦੇ ਆ ਰਹੇ ਹਾਂ ਕਿ ਕੈਬਿਨਾਂ ਦੀ ਹਾਲਤ ਸੁਧਾਰਣ ਲਈ ਸਰਕਾਰ ਕੁਝ ਕਾਨੂੰਨ ਬਣਾਵੇ। ਪਰ ਅੱਜ ਤੱਕ ਇਸ ਸਰਕਾਰ ਨੇ ਕੈਬਿਨਾਂ ਨੂੰ ਹਾਊਸਿੰਗ ਰੈਗੂਲੇਸ਼ਨ ਦੇ ਅਧੀਨ ਨਹੀਂ ਲਿਆਂਦਾ। ਅਸੀਂ ਸੋਸ਼ਲ ਕਰੈਡਿਟ ਸਰਕਾਰ ਤੋਂ ਇਹ ਮੰਗ ਕੀਤੀ ਕਿ ਛੋਟੇ ਫਾਰਮਰ ਜੋ ਕੈਬਿਨਾਂ ਦੀ ਹਾਲਤ ਸੁਧਾਰਨਾ ਚਾਹੁੰਦੇ ਹਨ ਪਰ ਉਨ੍ਹਾਂ ਦੀ ਮਾਲੀ ਹਾਲਤ ਕਮਜ਼ੋਰ ਹੈ, ਉਨ੍ਹਾਂ ਨੂੰ ਸਰਕਾਰ ਮੁਫਤ ਮਾਲੀ ਸਹਾਇਤਾ ਦੇਵੇ। ਪਰ ਸੋਸ਼ਲ ਕਰੈਡਿਟ ਸਰਕਾਰ ਨੇ ਇਸ ਵੱਲ ਕੋਈ ਧਿਆਨ ਨਹੀਂ ਦਿਤਾ।

### ਐਜੂਕੇਸ਼ਨ

ਸੋਸ਼ਲ ਕਰੈਡਿਟ ਸਰਕਾਰ ਨੇ ਐਜੂਕੇਸ਼ਨ ਬਜਟ ਨੂੰ ਬਹੁਤ ਘਟਾਇਆ, ਜਿਸ ਨਾਲ ਆਮ ਲੋਕਾਂ ਲਈ ਉਚ ਪਦਵੀ ਦੀ ਵਿਦਿਆ ਲੈਣੀ ਬਹੁਤ ਔਖੀ ਹੋ ਗਈ ਹੈ। ਫਾਰਮ ਵਰਕਰ ਇਸ ਸਰਕਾਰ ਦੀਆਂ ਭੈੜੀਆਂ ਨੀਤੀਆਂ ਮੁਤਾਬਿਕ ਆਪਣੇ ਬੱਚਿਆਂ ਨੂੰ ਯੂਨੀਵਰਸਿਟੀਆਂ ਵਿਚ ਪੜ੍ਹਨ ਲਈ ਭੇਜ ਨਹੀਂ ਸਕਣਗੇ। ਸੁਣਨ ਵਿਚ ਆਇਆ ਹੈ ਕਿ ਸੋਸ਼ਲ ਕਰੈਡਿਟ ਸਰਕਾਰ ਦਾ ਐਜੂਕੇਸ਼ਨ ਮਿਨਿਸਟਰ ਰੱਸ ਫਰੇਜ਼ਰ ਅਜੇ ਇਹ ਕਹਿ ਰਿਹਾ ਹੈ ਕਿ ਅਗਰ ਕੋਈ ਵਿਅਕਤੀ ਆਪਣੇ ਬੱਚਿਆਂ ਨੂੰ ਚੰਗੀ ਐਜੂਕੇਸ਼ਨ ਦੇਣਾ ਚਾਹੁੰਦਾ ਹੈ ਪਰ ਪਰਾਈਵੇਟ ਸਕੂਲਾਂ ਦੀ ਫੀਸ ਨਹੀਂ ਦੇ ਸਕਦਾ ਤਾਂ ਉਨ੍ਹਾਂ ਬੱਚਿਆਂ ਨੂੰ ਐਜੂਕੇਸ਼ਨ ਦੀ ਕੋਈ ਜ਼ਰੂਰਤ ਨਹੀਂ। ਅੰਗਰੇਜ਼ੀ ਪੜ੍ਹਨ ਦੀ ਜ਼ਰੂਰਤ ਆਮ ਤੌਰ ਤੇ ਨਵੇਂ ਆਏ ਵਿਅਕਤੀ ਨੂੰ ਹੁੰਦੀ ਹੈ ਪਰ ਸੋਸ਼ਲ ਕਰੈਡਿਟ ਸਰਕਾਰ E.S.L. ਪਰੋਗਰਾਮ ਬਹੁਤ ਕੱਟ ਕਰ ਦਿਤੇ ਹਨ ਜਿਸ ਨਾਲ ਨਵੇਂ ਆਏ ਵਿਅਕਤੀ ਅੰਗਰੇਜ਼ੀ ਨਹੀਂ ਸਿਖ ਸਕਣਗੇ।

### ਮਨੁੱਖੀ ਹੱਕ (Human Rights)

ਖੇਤਾਂ ਵਿਚ ਕੰਮ ਕਰਨ ਵਾਲਿਆਂ ਨੂੰ ਮਨੁੱਖੀ ਹੱਕਾਂ ਦੀ ਸੁਰੱਖਿਆ ਦੀ ਬਹੁਤ ਜ਼ਰੂਰਤ ਹੈ। ਪਰ ਸੋਸ਼ਲ ਕਰੈਡਿਟ ਸਰਕਾਰ ਨੇ Human Rights Commission ਨੂੰ ਖਤਮ ਕਰ ਕੇ ਉਸ ਦੀ ਜਗ੍ਹਾ ਸਰਕਾਰੀ Human Rights Counsel ਬਣਾ ਦਿਤੀ ਹੈ। ਇਸ ਦਾ ਮਤਲਬ ਇਹ ਹੈ ਕਿ ਸਰਕਾਰ ਘੱਟ ਗਿਣਤੀ ਦੇ ਲੋਕਾਂ ਦੀ ਕੋਈ ਪਰਵਾਹ ਨਹੀਂ ਕਰਦੀ।

ਇਨ੍ਹਾਂ ਉਪਰ ਲਿਖੀਆਂ ਸਾਰੀਆਂ ਗੱਲਾਂ ਨੂੰ ਧਿਆਨ ਵਿਚ ਰੱਖਦਿਆਂ ਇਕ ਗੱਲ ਸਾਡੇ ਸਾਹਮਣੇ ਨਿੱਖਰ ਕੇ ਆਉਂਦੀ ਹੈ ਕਿ ਸੋਸ਼ਲ ਕਰੈਡਿਟ ਸਰਕਾਰ ਫਾਰਮ ਵਰਕਰਾਂ ਨੂੰ ਵਰਕਰ ਨਹੀਂ ਸਮਝਦੀ ਬਲਕਿ ਦੂਸਰੇ ਦਰਜ਼ੇ ਦੇ ਘਟੀਆ ਸ਼ਹਿਰੀ ਸਮਝਦੀ ਹੈ। ਇਸ ਲਈ ਸ਼ੋਸ਼ਲ ਕਰੈਡਿਟ ਸਰਕਾਰ ਨੂੰ 22 ਅਕਤੂਬਰ ਦੀਆਂ ਚੋਣਾਂ ਵਿਚ ਡਟ ਕੇ ਹਾਰ ਦੇਣੀ ਚਾਹੀਦੀ ਹੈ।

ਦੂਸਰੇ ਪਾਸੇ ਅਗਰ ਅਸੀਂ ਐਨ. ਡੀ. ਪੀ. ਦੀਆਂ ਨੀਤੀਆਂ ਵੱਲ ਵੇਖੀਏ ਤਾਂ ਉਹ ਆਮ ਮਜ਼ਦੂਰ ਦੇ ਹੱਕ ਵਿਚ ਜਾਂਦੀਆਂ ਹਨ। ਖਾਸ ਕਰਕੇ ਫਾਰਮ ਵਰਕਰਾਂ ਦੇ ਜਿਵੇਂ ਕਿ :

- 1975 ਵਿਚ ਐਨ. ਡੀ. ਪੀ. ਸਰਕਾਰ ਨੇ ਬੀ. ਸੀ. ਦੀ ਤਾਰੀਖ ਵਿਚ ਪਹਿਲੀ ਵਾਰੀ ਫਾਰਮ ਵਰਕਰਾਂ ਨੂੰ ਆਪਣੀ ਯੂਨੀਅਨ ਬਣਾਉਣ ਦੀ ਕਾਨੂੰਨੀ ਇਜਾਜ਼ਤ ਦਿਤੀ।
- ਐਨ. ਡੀ. ਪੀ. ਦਾ ਵਾਅਦਾ ਹੈ ਕਿ ਅਗਰ ਇਹ ਸਰਕਾਰ ਬਣ ਗਈ ਤਾਂ ਖੇਤ ਮਜ਼ਦੂਰ ਤੇ ਸਿਹਤ ਅਤੇ ਸੁਰੱਖਿਆ ਦੇ ਕਾਨੂੰਨ ਲਾਗੂ ਹੋਣਗੇ।
- ਸਾਰੀਆਂ ਕੀੜੇ ਮਾਰ ਜ਼ਹਿਰੀਲੀਆਂ ਦਵਾਈਆਂ ਤੇ ਕੰਟਰੋਲ ਕੀਤਾ ਜਾਵੇਗਾ।
- ਫਾਰਮ ਵਰਕਰਾਂ ਤੇ ਘਟੋ ਘਟ Minimum Wage) ਤਨਖਾਹ ਦਾ ਕਾਨੂੰਨ ਸਿਰਫ ਲਾਗੂ ਹੀ ਨਹੀਂ ਹੋਵੇਗਾ ਬਲਕਿ ਘਟੋ ਘੱਟ ਤਨਖਾਹ (Minimum Wage) $3.65 ਤੋਂ ਵਧਾ ਕੇ $4.65 ਕਰ ਦਿੱਤੀ ਜਾਵੇਗੀ।
- ਫਾਰਮ ਵਰਕਰਾਂ ਨੂੰ ਬਾਕੀ ਵਰਕਰਾਂ ਵਰਗੇ ਹੱਕ ਪ੍ਰਾਪਤ ਹੋਣਗੇ।

ਮੈਂ ਆਪਣੇ ਵਲੋਂ ਤੇ ਆਪਣੀ ਸਾਰੀ ਐਗਜ਼ੇਕਟਿਵ ਵਲੋਂ ਤੁਹਾਨੂੰ ਇਹ ਅਪੀਲ ਕਰਦਾ ਹਾਂ ਕਿ ਆਉ ਇਸ ਵਾਰ ਐਨ. ਡੀ. ਪੀ. ਨੂੰ ਸਰਕਾਰ ਬਣਾਕੇ ਤਸਵੀਰ ਦਾ ਦੂਸਰਾ ਪਾਸਾ ਵੀ ਵੇਖ ਲਈਏ। ਮੈਨੂੰ ਪੂਰੀ ਉਮੀਦ ਹੈ ਕਿ ਐਨ. ਡੀ. ਪੀ. ਸਰਕਾਰ ਖੇਤ ਮਜ਼ਦੂਰਾਂ ਲਈ ਫਾਇਦੇਮੰਦ ਰਹੇਗੀ। ਆਪਣੇ ਆਪਣੇ ਇਲਾਕੇ ਵਿਚ ਤੁਸੀਂ ਐਨ. ਡੀ. ਪੀ. ਨੂੰ ਵੋਟਾਂ ਪਾ ਕੇ ਕਾਮਯਾਬ ਕਰੋ।

ਸਰਵਣ ਬੋਲ, ਪ੍ਰਧਾਨ
ਕਨੇਡੀਅਨ ਫਾਰਮ ਵਰਕਰਜ਼ ਯੂਨੀਅਨ ਅਤੇ
ਅਦਾਰਾ ਐਗਜ਼ੇਕਟਿਵ

---

0 ਪੰਜਾਬ ਵਿਚ ਦਹਿਸ਼ਤ ਪਸੰਦਾਂ ਦੀਆਂ ਜੋ ਘਟਨਾਵਾਂ ਹੋ ਰਹੀਆਂ ਹਨ, ਉਹਨਾਂ ਵਿਚ ਪਾਕਿਸਤਾਨ ਦਾ ਹੱਥ ਹੋਣ ਦੇ ਸਬੂਤ ਮਿਲ ਗਏ—ਇਕ ਸਮਾਚਾਰ.

— ਲੱਭਣ ਤੋਂ ਕੀ ਨਹੀਂ ਮਿਲਦਾ. ਅਹਿਮਦਾਬਾਦ, ਅਲਾਹਾਬਾਦ ਬੜੋਦਾ. ਸਗੋਂ ਸ੍ਰੀ ਲੰਕਾ ਵਿਚ ਜੋ ਅਤਿਵਾਦ ਦੀਆਂ ਕਾਰਵਾਈਆਂ ਹੋ ਰਹੀਆਂ ਹਨ, ਉਹਨਾਂ ਵਿਚ ਭੀ ਪਾਕਿਸਤਾਨ ਦਾ ਹੀ ਹੱਥ ਹੋਵੇਗਾ ਪਰ ਮਾਫ਼ ਕਰਨਾ ਕਿ ਸਾਡੀ ਫੌਜ, ਪੀ. ਐਸ. ਐਫ, ਸੀ. ਆਰ. ਪੀ. ਵਾਲੇ ਹੱਥ ਤੇ ਹੱਥ ਧਰੀ ਸਰਹਦਾਂ ਤੇ ਕਿਉਂ ਬੈਠੇ ਹਨ ?

0 ਸ੍ਰੀ ਲੰਕਾ ਫਿਰਕੂ ਨੇ 67 ਸ਼ਰਨਾਰਥੀਆਂ ਨੂੰ ਭੁੰਨ ਦਿਤਾ.

— ਅਤੇ ਭਾਰਤ ਸਰਕਾਰ ਅਜੇ ਭੀ ਖਾਮੋਸ਼ ਹੈ.

0 ਜੁਰਮ ਦੀ ਰੋਕ ਥਾਮ ਦੀ ਚਲਾਈ ਮੁਹਿੰਮ ਵਿਚ ਦਿਲੀ ਪੁਲਿਸ ਨੇ 14 ਆਦਮੀਆਂ ਨੂੰ ਦੇਸੀ ਰੀਵਾਲਵਰ ਰਖਣ ਦੇ ਜੁਰਮ ਵਿਚ ਗ੍ਰਿਫਤਾਰ ਕਰ ਲਿਆ.

— 70 ਲਖ ਦੇ ਵਸੋਂ ਵਾਲੇ ਸ਼ਹਿਰ ਦਿੱਲੀ ਪੁਲਿਸ ਦਾ ਇਹ ਕਦਮ ਬਹੁਤ ਹੀ ਪ੍ਰਸ਼ੰਸਾ ਯੋਗ ਹੈ.

0 ਸਰਕਾਰੀ ਕਰਮਚਾਰੀਆਂ ਨੂੰ ਓਵਰ-ਟਾਈਮ ਲਈ ਨਕਦ ਰਕਮ ਦੀ ਥਾਂ ਛੁਟੀਆਂ ਦੀ ਸੂਰਤ ਵਿਚ ਦਿਤਾ ਜਾਵੇਗਾ. ਇਕ ਸਮਾਚਾਰ.

— ਭਾਵ ਹੁਣ 15 ਦਿਨ ਕੰਮ ਨਾ ਕਰਨ ਦੀ ਕਾਨੂੰਨੀ ਆਗਿਆ ਮਿਲ ਗਈ ਹੈ.


BHANDAL DRYWALL LTD.

3397 Kingsway, Vancouver, B.C.

Ph. 430-5011



Vice President
Karnail S. Bhandal

President
Jarnail S. Bhandal M.A.

GM

WESTMINSTER
CHEVROLET OLDSMOBILE

"we run a very simple business"
Telephone (604) 521-7731

1984 ਦੇ ਗਰੈਂਡ ਸੇਲਜ਼ ਮਾਸਟਰ

ਸਾਡੇ ਕੋਲ ਨਵੀਆਂ, ਪੁਰਾਣੀਆਂ ਕਾਰਾਂ, ਸਪੋਰਟਸ ਕਾਰਾਂ, ਪਿਕ ਆਪ ਆਦਿ ਹਨ।
ਆਪ ਆਪਣੀ ਕਾਰ ਵੇਚਣ ਜਾਂ ਖ਼ਰੀਦਣ ਤੋਂ ਪਹਿਲਾਂ ਇਕ ਵਾਰੀ
ਗੁਰਜੀਤ ਬਾਵਾ ਨੂੰ ਮਿਲੋਂ
ਜਾਂ ਫੂਨ ਜ਼ਰੂਰ ਕਰੋ। ਉਹ ਤੁਹਾਨੂੰ ਵਧੀਆ ਕੀਮਤ ਤੇ ਕਾਰ ਦਿਵਾਉਣਗੇ। ਉਹ ਤੁਹਾਡੇ ਲਈ ਪੈਸਿਆਂ ਦਾ ਬੰਦੋਬਸਤ ਵੀ ਕਰਵਾਉਣਗੇ।





BUS. 521-7731 Pager 687-1985 +5531
12th. Street at Queens Ave., New Westminster - B.C.

ਗੁਰਜੀਤ ਢੀਂਡਸਾ ਬਾਵਾ

(ਪੰਨਾ 20 ਦੀ ਬਾਕੀ)

ਏਨਾ ਹੀ ਨਹੀਂ ਸਗੋਂ ਪੰਜਾਬ ਦੀ ਭਾਰਤੀ ਕਮਿਊਨਿਸਟ ਪਾਰਟੀ ਹੀ ਉਹ ਪਾਰਟੀ ਹੈ ਜਿਸ ਨੇ ਪੰਜਾਬ ਨੂੰ ਅਤੇ ਇਸ ਦੇਸ਼ ਨੂੰ ਦੁਸ਼ਮਣਾਂ ਦੀਆਂ ਸਾਜ਼ਸ਼ਾਂ ਤੋਂ ਬਚਾਉਣ ਲਈ ਪੂਰੀ ਹਿੰਮਤ ਅਤੇ ਦਲੇਰੀ ਨਾਲ ਥਾਂ ਥਾਂ ਅਮਨ ਮਾਰਚ ਵੀ ਕੀਤੇ, ਵਿਖਾਵੇ ਵੀ ਕੀਤੇ ਅਤੇ ਇਕੱਠ ਵੀ ਕੀਤੇ। ਇਸ ਦਾ ਨਤੀਜਾ ਇਹ ਹੋਇਆ ਕਿ ਇਸ ਪਾਰਟੀ ਦੇ ਨੇਤਾਵਾਂ ਅਤੇ ਵਰਕਰਾਂ ਨੇ ਹੀ ਆਪਣੇ ਪ੍ਰਾਣਾਂ ਦੀਆਂ ਸਭ ਤੋਂ ਵੱਧ ਆਹੂਤੀਆਂ ਪੰਜਾਬ ਨੂੰ ਬਚਾਉਣ ਲਈ ਦਿਤੀਆਂ ਅਤੇ ਸ੍ਰ: ਦਰਸ਼ਨ ਸਿੰਘ ਕੈਨੇਡੀਅਨ ਸਮੇਤ ਹੁਣ ਤੱਕ 16 ਕਮਿਊਨਿਸਟ ਨੇਤਾ ਅਤੇ ਵਰਕਰ ਇਸ ਸੰਘਰਸ਼ ਵਿਚ ਸ਼ਹੀਦ ਹੋ ਗਏ।

ਇਸ ਮੌਕੇ ਤੇ ਅਸੀਂ ਪੰਜਾਬ ਦੇ ਡਾਇਰੈਕਟਰ ਜਨਰਲ ਸ੍ਰੀ ਜੇ. ਐਫ. ਰਿਬੇਰੋ ਨੂੰ ਵੀ ਕਹਿਣਾ ਚਾਹਾਂਗੇ ਕਿ ਜਿਥੇ ਉਹਨਾਂ ਨੇ ਦੂਜੇ ਖਾਸ ਖਾਸ ਲੋਕਾਂ ਦੀ ਸੁਰੱਖਿਆ ਦਾ ਪ੍ਰਬੰਧ ਕੀਤਾ ਹੈ, ਉਥੇ ਉਹ ਕਮਿਊਨਿਸਟ ਨੇਤਾਵਾਂ ਅਤੇ ਵਰਕਰਾਂ ਦੀ ਸੁਰਖਿਆ ਦੇ ਪ੍ਰਬੰਧ ਤੇ ਵੀ ਮੁੜ ਵਿਚਾਰ ਕਰਨ ਅਤੇ ਇਸ ਗੱਲ ਨੂੰ ਯਕੀਨੀ ਬਨਾਣ ਕਿ ਜਿਹੜੇ ਕਮਿਊਨਿਸਟ ਪਿੰਡ-ਪਿੰਡ ਜਾ ਕੇ ਲੋਕਾਂ ਦਾ ਹੌਂਸਲਾ ਵਧਾ ਰਹੇ ਹਨ, ਉਹਨਾਂ ਨੂੰ ਸਹੀ ਦਿਸ਼ਾ ਦੇ ਰਹੇ ਹਨ ਅਤੇ ਨਿਹੱਥੇ ਹੀ ਦਹਿਸ਼ਤਪਸੰਦਾਂ ਨਾਲ ਜੂਝ ਰਹੇ ਹਨ, ਉਹਨਾਂ ਦੀ ਜਾਨ ਨੂੰ ਕਿਸੇ ਤਰ੍ਹਾਂ ਦਾ ਕੋਈ ਨੁਕਸਾਨ ਅਗੋਂ ਨਾ ਹੋਵੇ।

ਇਸੇ ਪਾਰਟੀ ਦੇ ਵਰਕਰ ਪੂਰੀ ਨਿਸ਼ਠਾ ਨਾਲ ਸਿਰ ਤਲੀ ਤੇ ਰਖਕੇ ਹਿੰਦੂ-ਸਿਖ ਏਕਤਾ ਨੂੰ ਹਾਲੇ ਵੀ ਕਾਇਮ ਰੱਖਣ ਲਈ ਸਰਗਰਮ ਹਨ ਅਤੇ ਇਸਦੇ ਲਈ ਕੋਸ਼ਿਸ਼ ਕਰ ਰਹੇ ਹਨ। ਜਿਸ ਤੇਜ਼ੀ ਨਾਲ ਕਮਿਊਨਿਸਟ ਵਰਕਰਾਂ ਅਤੇ ਨੇਤਾਵਾਂ ਦੀਆਂ ਹਤਿਆਵਾਂ ਹੋ ਰਹੀਆਂ ਹਨ ਜੇ ਉਸ ਨੂੰ ਤੁਰੰਤ ਹੀ ਨਾ ਰੋਕਿਆ ਗਿਆ ਤਾਂ ਉਹਨਾਂ ਪਿਛੋਂ ਸ਼ਾਇਦ ਹੀ ਕੋਈ ਏਨੇ ਹੌਂਸਲੇ ਨਾਲ ਹਿੰਦੂਆਂ-ਸਿਖਾਂ ਨੂੰ ਇਕ ਪਲੇਟਫਾਰਮ ਤੇ ਲਿਆਉਣ ਅਤੇ ਦਹਿਸ਼ਤਪਸੰਦਾਂ ਨਾਲ ਜੂਝਣ ਦਾ ਕੰਮ ਕਰ ਸਕੇਗਾ।

* * * *

27 ਸਤੰਬਰ ਦੇ ਪੰਜਾਬੀ ਟਰਿਬਿਊਨ ਦਾ "ਸਦਭਾਵਨਾ ਦੀ ਹਤਿਆ" ਦੇ ਸਿਰਲੇਖ ਹੇਠ ਸੰਪਾਦਕੀ :

ਉਘੇ ਕਮਿਊਨਿਸਟ ਨੇਤਾ ਸ੍ਰੀ ਦਰਸ਼ਨ ਸਿੰਘ ਕੈਨੇਡੀਅਨ ਦੀ ਹਤਿਆ ਤੋਂ ਦੋ ਮਹੱਤਵਪੂਰਨ ਨੁਕਤੇ ਮਿਲਦੇ ਹਨ। ਪਹਿਲਾ ਇਹ ਕਿ ਪੰਜਾਬ ਪੁਲਸ ਦੇ ਡਾਇਰੈਕਟਰ ਜਨਰਲ ਸ੍ਰੀ ਰਿਬੇਰੋ ਦਾ, ਦਹਿਸ਼ਤਪਸੰਦ ਕਾਰਵਾਈਆਂ ਨੂੰ ਠਲ੍ਹ ਪਾਉਣ ਦਾ ਦਾਅਵਾ ਏਨਾ ਠੀਕ ਨਹੀਂ, ਦੂਜਾ ਦਹਿਸ਼ਤਪਸੰਦ ਸ਼ਕਤੀਆਂ ਘਟ ਗਿਣਤੀ ਫਿਰਕੇ ਵਿਚ ਦਹਿਸ਼ਤ ਫੈਲਾਉਣ ਦੇ ਨਾਲ ਨਾਲ ਉਹਨਾਂ ਲੋਕਾਂ ਦਾ ਲਕ ਤੋੜਨ ਤੇ ਆ ਗਈਆਂ ਹਨ ਜਿਹਨਾਂ ਨੂੰ ਉਹਨਾਂ ਦੀਆਂ ਕਾਰਵਾਈਆਂ ਪਰਵਾਨ ਨਹੀਂ।

ਉਹ ਪਿਛਲੇ ਕਈ ਸਾਲਾਂ ਤੋਂ ਕਮਿਊਨਿਸਟ ਨੀਤੀਆਂ ਦੇ ਸਿਰਕੱਢ ਸਮਰਥਕ ਚਲੇ ਆ ਰਹੇ ਸਨ ਜਿਸ ਦੇ ਪ੍ਰਸੰਗ ਵਿਚ ਹਾਲ ਵਿਚ ਹੀ ਕਮਿਊਨਿਸਟ ਪਾਰਟੀ ਨੇ ਚੰਡੀਗੜ੍ਹ ਵਿਚ ਮੁਜ਼ਾਹਰਾ ਕਰਕੇ ਇਹ ਵਚਨ ਵੀ ਲਿਆ ਸੀ ਕਿ ਪਾਰਟੀ ਧਰਮ ਨਿਰਪੇਖ ਕੀਮਤਾਂ ਦੀ ਰਾਖੀ ਕਰੇਗੀ ਅਤੇ ਇਸ ਮੰਤਵ ਲਈ ਪਾਰਟੀ ਨੂੰ ਜੋ ਵੀ ਮੁਲ ਤਾਰਨਾ ਪਵੇਗਾ ਤਾਰੇਗੀ। ਸ੍ਰੀ ਕੈਨੇਡੀਅਨ ਦਾ ਸਿਰ ਇਸ ਵਚਨ ਦਾ ਪਹਿਲਾ ਫੁਲ ਕਿਹਾ ਜਾ ਸਕਦਾ ਹੈ। ਸ੍ਰੀ ਦਰਸ਼ਨ ਸਿੰਘ ਕੈਨੇਡੀਅਨ ਦੀ ਸ਼ਖਸੀਅਤ ਉਸ ਸ਼ਕਤੀ ਅਤੇ ਸੋਚ ਦੀ ਤਰਜਮਾਨੀ ਕਰਦੀ ਸੀ ਜਿਸ ਨੂੰ ਦੁਨੀਆਂ ਦੀ ਲਗਭਗ ਅੱਧੀ ਵਸੋਂ ਉਸਾਰੂ ਸੋਚ ਵਜੋਂ ਪ੍ਰਵਾਨ ਕਰ ਚੁਕੀ ਹੈ। ਉਹਨਾਂ ਦੀ ਪੰਜਾਬ ਦੇ ਹਿੰਦੂ ਅਤੇ ਸਿਖਾਂ ਵਿਚ ਹਰਮਨ ਪਿਆਰਤਾ ਹੀ ਇਸ ਗੱਲ ਦਾ ਸਬੂਤ ਹੈ ਕਿ ਉਹ ਕਿਸੇ ਇਕ ਫਿਰਕੇ ਦੇ ਨਾ ਹੋ ਕੇ ਪੰਜਾਬ ਦੇ ਸਮੁਚੇ ਸਭਿਆਚਾਰ ਅਤੇ ਵਿਕਾਸ ਲਈ ਲੜਦੇ ਸਨ। ਸ੍ਰੀ ਕੈਨੇਡੀਅਨ ਦੀ ਹਤਿਆ ਪੰਜਾਬੀਅਤ ਦੀ ਹਤਿਆ ਹੈ।

* * * *

27 ਸਤੰਬਰ ਦੇ ਰੋਜ਼ਾਨਾ ਪ੍ਰਤਾਪ ਨੇ ਸਾਥੀ ਕੈਨੇਡੀਅਨ ਦੀ ਸ਼ਹਾਦਤ 'ਤੇ ਖਾਸ ਸੰਪਾਦਕੀ "ਸ਼ਹੀਦ-ਕੈਨੇਡੀਅਨ" ਦੇ ਸਿਰਲੇਖ ਹੇਠ ਪ੍ਰਕਾਸ਼ਤ ਕੀਤਾ ਹੈ ਮੂਲ ਰੂਪ ਵਿਚ ਦੇ ਰਹੇ ਹਾਂ।

"ਦਹਿਸ਼ਤਗਰਦੀ ਨੇ ਇਕ ਹੋਰ ਦੇਸ਼ ਭਗਤ ਦੀ ਬਲੀ ਲੈ ਲਈ ਹੈ। ਕਮਿਊਨਿਸਟ ਨੇਤਾ ਦਰਸ਼ਨ ਸਿੰਘ ਕੈਨੇਡੀਅਨ ਨੂੰ ਤਿੰਨ ਦਹਿਸ਼ਤਪਸੰਦਾਂ ਨੇ ਮਾਹਿਲਪੁਰ ਨੇੜੇ ਸ਼ਹੀਦ ਕਰ ਦਿਤਾ। ਉਹ ਬਹੁਤ ਸਮੇਂ ਤੋਂ ਦਹਿਸ਼ਤਪਸੰਦਾਂ ਦੀ ਹਿਟ ਲਿਸਟ ਤੇ ਸਨ। ਜਿੰਨੀ ਸਰਗਰਮੀ ਨਾਲ ਉਹ ਦਹਿਸ਼ਤਗਰਦਾਂ ਵਿਰੁਧ ਮੁਹਿਮ ਚਲਾ ਰਹੇ ਸਨ ਸ਼ਾਇਦ ਹੀ ਕੋਈ ਹੋਰ ਨੇਤਾ ਚਲਾ ਰਿਹਾ ਹੋਵੇ। ਪਿਛਲੇ ਹਫਤੇ ਉਹਨਾਂ ਅੰਮ੍ਰਿਤਸਰ ਜ਼ਿਲੇ ਵਿਖੇ ਤਿੰਨ ਭਾਸ਼ਣ ਦਿਤੇ ਉਹਨਾਂ ਨੂੰ ਪਤਾ ਸੀ ਕਿ ਦਹਿਸ਼ਤਪਸੰਦ ਉਹਨਾਂ ਦੇ ਪਿਛੇ ਲਗੇ ਹੋਏ ਹਨ। ਪਰ ਇਹ ਉਹਨਾਂ ਲੋਕਾਂ ਵਿਚੋਂ ਸਨ ਜਿਨ੍ਹਾਂ ਦਾ ਵਿਸ਼ਵਾਸ ਸੀ —

ਜਬ ਸੇ ਸੁਣਾ ਹੈ ਮਰਨੇ ਕਾ
ਨਾਮ ਜ਼ਿੰਦਗੀ ਹੈ।
ਸਰ ਪਰ ਕਫਨ ਲਪੇਟੇ
ਕਾਤਲ ਕੋ ਢੂੰਡਤੇ ਹੈਂ।



ਧਮਕੀਆਂ ਦੇ ਬਾਵਜੂਦ ਉਹਨਾਂ ਆਪਣਾ ਇਕ ਵੀ ਪਰੋਗਰਾਮ ਰੱਦ ਨਾ ਕੀਤਾ। ਜਦ ਉਹਨਾਂ ਦੀ ਹਤਿਆ ਕੀਤੀ ਗਈ ਤਾਂ ਇਕਲੇ ਹੀ ਸਾਈਕਲ ਤੇ ਜਾ ਰਹੇ ਸਨ। ਕੋਈ ਗੰਨਮੈਨ ਅਗੇ ਪਿਛੇ ਨਹੀਂ ਸੀ ਉਹ ਵੀ ਚਾਹੁੰਦੇ ਤਾਂ ਅਗੇ ਪਿਛੇ ਜੀਪਾਂ 'ਚ ਗੰਨਮੈਨ ਰਖ ਸਕਦੇ ਸਨ। ਉਹ ਵੀ ਚਾਹੁੰਦੇ ਤਾਂ ਆਪਣੇ ਪ੍ਰੋਗਰਾਮ ਨੂੰ ਖੁਫੀਆ ਰਖ ਸਕਦੇ ਸਨ ਪਰ ਉਹ ਬਹਾਦਰ ਸਨ ਜਿਸ ਬਹਾਦਰੀ ਨਾਲ ਉਹ ਜੀਉਂਦੇ ਰਹੇ ਉਸੇ ਬਹਾਦਰੀ ਨਾਲ ਉਹ ਸ਼ਹੀਦ ਹੋਏ। ਦਹਿਸ਼ਤਪਸੰਦਾਂ ਵਿਰੁਧ ਲੜਾਈ ਬਹੁਤ ਲੰਮੀ ਹੈ ਨਾ ਜਾਣੇ ਕਿੰਨੇ ਲੋਕਾਂ ਨੂੰ ਇਸ ਵਿਚ ਆਪਣੀ ਬਲੀ ਦੇਣੀ ਹੋਵੇਗੀ। ਜਿਥੋਂ ਤੱਕ ਕਮਿਊਨਿਸਟਾਂ ਦਾ ਸੁਆਲ ਹੈ, ਇਹਨਾਂ ਦੀਆਂ ਆਹੂਤੀਆਂ ਪਹਿਲਾਂ ਵੀ ਬਹੁਤ ਹੋ ਚੁਕੀਆਂ ਹਨ। ਇਸ ਤੋਂ ਪਹਿਲਾਂ 15 ਕਮਿਊਨਿਸਟ ਨੇਤਾ ਸ਼ਹੀਦ ਹੋ ਚੁਕੇ ਹਨ ਪਰ ਇਸ ਦੇ ਬਾਵਜੂਦ ਇਹਨਾਂ ਦਹਿਸ਼ਤਪਸੰਦੀ ਵਿਰੁਧ ਮੁਹਿਮ ਪੂਰੇ ਜ਼ੋਰ ਨਾਲ ਚਾਲੂ ਰਖੀ ਹੋਈ ਹੈ। ਅਸਲ ਵਿਚ ਪੰਜਾਬ ਦੇ ਇਸ ਬਾਰੇ ਬਦਕਿਸਮਤ ਘਟਨਾਕਰਮ ਵਿਚ ਕਮਿਊਨਿਸਟ ਪਾਰਟੀ ਦਾ ਰੋਲ ਸਭ ਤੋਂ ਵੱਧ ਸਿਹਤਮੰਦ ਤੇ ਦਲੇਰੀ ਭਰਿਆ ਹੈ ਜਿਸ ਦੀ ਕੀਮਤ ਉਹਨਾਂ ਨੂੰ ਚੁਕਾਣੀ ਪੈ ਰਹੀ ਹੈ।

ਸੁਮੀਤ ਤੋਂ ਲੈ ਕੇ ਦਰਸ਼ਨ ਸਿੰਘ ਕੈਨੇਡੀਅਨ ਤਕ ਸਭ ਇਹ ਵਿਸ਼ਵਾਸ ਰਖਦੇ ਹਨ ਕਿ :

ਹਮ ਬਤ ਤਹਿ ਤੇਰਾ
ਸਰਦਾਰ ਕਹੇਂਗੇ,
ਯਹ ਜੁਰਮ ਜੋ ਜਿੰਦਾ ਹੈ
ਸੌ ਬਾਰ ਕਹੇਂਗੇ।

ਮੈਂ ਕਮਿਊਨਿਸਟ ਸੋਚ ਵਿਚ ਵਿਸ਼ਵਾਸ ਨਹੀਂ ਰਖਦਾ ਕਈ ਵਿਚਾਰਧਾਰਕ ਮਤਭੇਦ ਹਨ। ਪਰ ਇਸਦੇ ਬਾਵਜੂਦ ਪੰਜਾਬ ਬਾਰੇ ਉਹਨਾਂ ਦੀਆਂ ਪਾਲਿਸੀਆਂ ਉਹਨਾਂ ਦੀ ਬਹਾਦਰੀ ਦਾ ਤੇ ਉਹਨਾਂ ਦੀਆਂ ਕੁਰਬਾਨੀਆਂ ਦੀ ਦਿਲੋਂ ਕਦਰ ਕਰਦਾ ਹਾਂ। ਅੱਜ ਕੈਨੇਡੀਅਨ ਨਹੀਂ ਰਹੇ ਉਹ ਸ਼ਹੀਦ ਹੋ ਗਏ।

ਅੱਜ ਜਿਸਦਾ ਕਮਿਊਨਿਸਟ ਸੋਚਣੀ ਤੇ ਵਿਸ਼ਵਾਸ ਨਹੀਂ ਉਸਦਾ ਵੀ ਦੇਸ਼ ਦੇ ਇਸ ਜਾਨਬਾਜ਼ ਸਪੂਤ ਨੂੰ ਲਾਲ ਸਲਾਮ।

—ਚੰਦਰ ਮੋਹਨ

* * * *

ਰੋਜ਼ਾਨਾ ਮਿਲਾਪ ਨੇ "ਸ਼ਾਨ ਸੇ ਜੀਏ — ਸ਼ਾਨ ਸੇ ਮਰੇ" ਨਾਂ ਦਾ ਸੰਪਾਦਕੀ ਦਰਸ਼ਨ ਸਿੰਘ ਕੈਨੇਡੀਅਨ ਦੀ ਸ਼ਹਾਦਤ ਤੇ ਲਿਖਿਆ ਹੈ ਅਸੀਂ ਉਸ ਨੂੰ ਅੰਸ਼ਕ ਰੂਪ ਵਿਚ ਛਾਪ ਰਹੇ ਹਾਂ।

"ਦਰਸ਼ਨ ਸਿੰਘ ਕੈਨੇਡੀਅਨ ਵੀ ਜਾਮੇ ਸ਼ਹਾਦਤ ਨੋਸ਼ ਕਰ ਗਏ — ਬੇਸ਼ੁਮਾਰ ਗ੍ਰਿਫਤਾਰੀਆਂ ਤੇ ਮੁਕਾਬਲਿਆਂ ਵਿਚ ਮੌਤਾਂ ਦੇ ਬਾਵਜੂਦ ਅਤਿਵਾਦੀ ਜਿਸ ਨੂੰ ਜਦ ਵੀ ਚਾਹੁੰਦੇ ਹਨ ਉਸ ਨੂੰ ਤਦ ਹੀ ਮਾਰ ਦਿੰਦੇ ਹਨ। ਉਹ ਗਿਣ ਗਿਣ ਕੇ ਹੀ ਕਤਲ ਨਹੀਂ ਕਰਦੇ ਬਲਕਿ ਚੁਣ ਚੁਣਕੇ ਵੀ ਮਾਰਦੇ ਹਨ। ਕਮਿਊਨਿਸਟ ਕਾਰਕੁਨ ਉਹਨਾਂ ਦਾ ਖਾਸ ਨਿਸ਼ਾਨਾ ਹਨ। ਹੁਣ ਤੱਕ 15 ਸਰਕਰਦਾ ਕਮਿਊਨਿਸਟ ਅਤਿਵਾਦੀਆਂ ਦਾ ਸ਼ਿਕਾਰ ਹੋ ਚੁਕੇ ਹਨ। ਦਰਸ਼ਨ ਸਿੰਘ ਕੈਨੇਡੀਅਨ ਸੋਲ੍ਹਵੇਂ ਹਨ। ਅਤਿਵਾਦੀ ਕਮਿਊਨਿਸਟ ਕਾਰਕੁਨਾਂ ਨੂੰ ਇਸ ਲਈ ਚੁਣ ਚੁਣਕੇ ਮਾਰ ਰਹੇ ਹਨ ਕਿਉਂਕਿ ਉਹ ਪਿੰਡਾਂ ਵਿਚ ਕੇਵਲ ਅਤਿਵਾਦੀਆਂ ਦੇ ਵਿਰੁਧ ਅਵਾਜ਼ ਹੀ ਉਚੀ ਨਹੀਂ ਕਰਦੇ ਬਲਕਿ ਫਿਰਕਾਪ੍ਰਸਤੀ ਦੇ ਵਿਰੁਧ ਪੂਰੇ ਜ਼ੋਰ ਨਾਲ ਸੰਘਰਸ਼ ਵੀ ਕਰਦੇ ਹਨ .......

ਸ੍ਰੀ ਦਰਸ਼ਨ ਸਿੰਘ ਤਾਂ ਸ਼ਹੀਦ ਹੋ ਗਏ, ਜਿਸ ਆਦਮੀ ਦਾ ਸਾਰਾ ਜੀਵਨ ਦੇਸ਼ ਤੇ ਜਨਤਾ ਦੀ ਸੇਵਾ ਵਿਚ ਗੁਜਾਰਿਆ ਹੋਵੇ, ਜਿਸ ਨੇ ਕੇਵਲ ਆਪਣੇ ਦੇਸ਼ ਵਿਚ ਹੀ ਨਹੀਂ ਬਦੇਸ਼ਾਂ ਵਿਚ ਵੀ ਗੁਲਾਮੀ ਦੀਆਂ ਜੰਜੀਰਾਂ ਕੱਟਣ ਲਈ ਲਗਾਤਾਰ ਸੰਘਰਸ਼ ਕੀਤਾ ਹੋਵੇ। ਉਸ ਦੀ ਇਸ ਤੋਂ ਵਧੀਆ ਮੌਤ ਨਹੀਂ ਹੋ ਸਕਦੀ! ਦਰਸ਼ਨ ਸਿੰਘ ਤਾਂ ਅਮਰ ਹੋ ਗਏ। ਪਰ ਸੁਆਲ ਇਹ ਹੈ ਕਿ ਕਿੰਨੇ ਹੋਰ ਲੋਕਾਂ ਨੂੰ ਦਰਸ਼ਨ ਸਿੰਘ ਬਣਨਾ ਪਵੇਗਾ? ਇਸ ਵਿਚ ਕੋਈ ਸ਼ੱਕ ਨਹੀਂ ਕਿ ਅਤਿਵਾਦੀਆਂ ਵਿਰੁਧ ਸਖਤ ਕਾਰਵਾਈ ਹੋ ਰਹੀ ਹੈ। ਕੁਝ ਮਰ ਗਏ ਹਨ, ਕਾਫੀ ਪਕੜੇ ਗਏ ਹਨ, ਪਰ ਕਿਧਰੇ ਅਜਿਹਾ ਤਾਂ ਨਹੀਂ ਕਿ ਪੰਜਾਬ ਸਰਕਾਰ ਨੂੰ ਅਤਿਵਾਦੀਆਂ ਦੀ ਤਾਕਤ ਦਾ ਅੰਦਾਜ਼ਾ ਲਾਉਣ ਵਿਚ ਕੋਈ ਗਲਤੀ ਹੋਈ ਹੋਵੇ ......

ਦਰਸ਼ਨ ਸਿੰਘ ਕੈਨੇਡੀਅਨ ਇਕ ਅਜਿਹੇ ਰਾਜਸੀ ਆਗੂ ਸਨ ਜਿਹਨਾਂ ਕਦੇ ਕੋਈ ਕੌੜਾ ਸ਼ਬਦ ਨਹੀਂ ਵਰਤਿਆ। ਕਈ ਸਾਲਾਂ ਤੱਕ ਅਸੀਂ ਪੰਜਾਬ ਵਿਧਾਨ ਸਭਾ ਵਿਚ ਇਕੱਠੇ ਰਹੇ। ਉਹ ਆਪਣੇ ਅਸੂਲਾਂ ਦੇ ਜਿੰਨੇ ਪੱਕੇ ਸਨ ਉਸ ਤੋਂ ਵੀ ਵੱਧ ਹਲੀਮ ਤੇ ਮਿਠ ਬੋਲੜੇ ਸਨ।

ਉਹ ਸਹੀ ਅਰਥ ਵਿਚ ਜਨਤਕ ਆਗੂ ਸਨ। ਇਸ ਤੋਂ ਵੀ ਵੱਧ ਉਹ ਅਸੂਲਪ੍ਰਸਤ ਸਨ। ਕਿਸੇ ਵੀ ਕੀਮਤ ਤੇ ਉਹ ਅਸੂਲਾਂ ਨਾਲ ਸਮਝੌਤਾ ਕਰਨ ਲਈ ਤਿਆਰ ਨਹੀਂ ਸਨ। ਇਕ ਅਜਿਹੇ ਆਦਮੀ ਨੂੰ ਮੌਤ ਦੇ ਘਾਟ ਉਤਾਰ ਕੇ ਅਤਿਵਾਦੀਆਂ ਨੇ ਦਰਸ਼ਨ ਸਿੰਘ ਦਾ ਕੁਝ ਨਹੀਂ ਵਿਗਾੜਿਆ। ਉਹਨਾਂ ਨੂੰ ਤਾਂ ਅਮਰ ਕਰ ਦਿਤਾ ਹੈ ਪਰ ਪੰਜਾਬ ਦੇ ਲੋਕਾਂ ਦਾ ਏਨਾ ਨੁਕਸਾਨ ਕਰ ਦਿਤਾ ਹੈ ਕਿ ਜਿਸ ਦੀ ਪੂਰਤੀ ਸੰਭਵ ਨਹੀਂ।

ਦਰਸ਼ਨ ਸਿੰਘ ਜੀ ਦੀ ਹਤਿਆ ਕੇਵਲ ਕਮਿਊਨਿਸਟ ਪਾਰਟੀ ਲਈ ਹੀ ਇਕ ਵੰਗਾਰ ਨਹੀਂ ਬਲਕਿ ਪੰਜਾਬ ਦੇ ਉਹਨਾਂ ਸਾਰੇ ਲੋਕਾਂ ਜਿਹੜੇ ਦੇਸ਼ ਵਿਚ ਪ੍ਰਜਾਤੰਤਰ ਦੀਆਂ ਜੜ੍ਹਾਂ ਮਜ਼ਬੂਤ ਵੇਖਣਾ ਚਾਹੁੰਦੇ ਹਨ .....

ਸ੍ਰੀ ਦਰਸ਼ਨ ਸਿੰਘ ਦੀ ਸ਼ਹਾਦਤ ਤੋਂ ਮਗਰੋਂ ਵੀ ਜੇਕਰ ਅਤਿਵਾਦੀਆਂ ਦੀ ਸਰਪ੍ਰਸਤੀ ਕਰਨ ਵਾਲੇ ਆਪਣੀ ਭੁਲ ਦਾ ਅਹਿਸਾਸ ਕਰ ਲੈਣ ਤਾਂ ਉਹਨਾਂ ਦੀ ਸ਼ਹਾਦਤ ਜਾਇਆ ਨਹੀਂ ਜਾਵੇਗੀ।

ਲੋਕਾਂ ਦੇ ਹਿਤਾਂ ਲਈ ਲਗਾਤਾਰ ਸੰਘਰਸ਼ ਕਰਨ ਵਾਲੇ ਅਸੂਲਾਂ ਨਾਲ ਕੋਈ ਸਮਝੌਤਾ ਨਾ ਕਰਨ ਵਾਲੇ ਆਪਣੇ ਸਾ: ਦਰਸ਼ਨ ਸਿੰਘ ਦੇ ਚਰਨਾਂ ਵਿਚ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਹੋਇਆਂ ਉਹਨਾਂ ਨੂੰ ਨਮਸਕਾਰ ਕਰਦਾ ਹਾਂ। ਉਹਨਾਂ ਦਾ ਜੀਵਨ ਸ਼ਾਨਦਾਰ ਸੀ, ਉਹਨਾਂ ਦੀ ਮੌਤ ਉਹਨਾਂ ਦੇ ਜੀਵਨ ਨਾਲੋਂ ਵੀ ਵੱਧ ਸ਼ਾਨਦਾਰ ਹੈ!

'ਯਸ਼'

---

## ਅਜੇ ਤੇਰੇ ਜਾਣ ਦਾ ਮੌਸਮ ਨਹੀਂ ਸੀ

(ਸ. ਸ. ਮੀਸ਼ਾ ਦੀ ਯਾਦ ਨੂੰ ਸਮਰਪਣ)

—"ਪਰਵਾਨਾ" ਪ੍ਰੀਤਣ—

ਚਲੇ ਜਾਣਾ ਇਸ ਤਰ੍ਹਾਂ ਹਮਦਮ ਨਹੀਂ ਸੀ.
ਅਜੇ ਤੇਰੇ ਜਾਣ ਦਾ ਮੌਸਮ ਨਹੀਂ ਸੀ.
ਘਲੇ ਹਾਂ ਭਾਵੇਂ ਜ਼ਖਮਾਂ ਦੀ ਭੀੜ ਦੇ ਵਿਚ.
ਡਿੱਠਾ ਇਸ ਤੋਂ ਵੱਡਾ ਕਦੇ ਜ਼ਖਮ ਨਹੀਂ ਸੀ.
ਮੇਰੇ ਇਕੱਲੇ ਕਦਮ ਅੱਜ ਧਾਹੀਂ ਰੋ ਪਏ,
ਤੇਰੇ ਬਿਨ ਮੇਰਦਾ ਹਮਕਦਮ ਨਹੀਂ ਸੀ.
ਸ਼ਾਮ ਸਿਖਰ ਦੁਪਹਿਰ ਦੇ ਤੁਰ ਜਾਣਦਾ ਹੈ,
ਸ਼ਾਮਾਂ ਤੁਰ ਜਾਂਦੀਆਂ ਤਾਂ ਗ਼ਮ ਨਹੀਂ ਸੀ
ਯਾਰਾਂ ਤਾਂ ਰੋਣਾ ਸੀ ਦੁਸ਼ਮਣ ਵੀ ਭੁੱਬਾਂ ਮਾਰਦੇ,
ਦੱਸ ਕਿਸ ਦੁਸ਼ਮਣ ਦਾ ਤੂੰ ਮਹਿਰਮ ਨਹੀਂ ਸੀ.
ਚੰਨ ਤਾਰੇ ਤੇ ਕੀ ਬੀਤੀ ਹੋਏਗੀ ਰਾਤ 'ਤੇ,
ਰੋਈ ਕਦੇ ਫੁੱਲਾਂ ਤੇ ਸ਼ਬਨਮ ਨਹੀਂ ਸੀ.
ਕਾਲੇ ਹਾਸ਼ੀਏ ਵਿਚ ਤੜਪੀਆਂ ਅਨੇਕਾਂ ਸੁਰਖੀਆਂ,
ਕਿਸ ਅੱਖਰ ਦੇ ਸੀਨੇ ਵਿਚ ਜ਼ਖਮ ਨਹੀਂ ਸੀ.
ਚਲੇ ਜਾਣਾ ਇਸ ਤਰ੍ਹਾਂ ਹਮਦਮ ਨਹੀਂ ਸੀ.
ਅਜੇ ਤੇਰੇ ਜਾਣ ਦਾ ਮੌਸਮ ਨਹੀਂ ਸੀ,


ਫੋਟੋ

Passport Photos 5 Mins. Service

Quality Portraits

Our Bussiness Weddings

Super Photo Studio

9375 - 120th St. (Scott Rd.) Delta



Memories Restored

ਅਸੀਂ ਪੁਰਾਣੀਆਂ ਫਟੀਆਂ ਫੋਟੋਆਂ ਮੁੜ ਨਵੀਆਂ ਕਰਦੇ ਹਾਂ — ਬਲੈਕ ਐਂਡ ਵਾਈਟ ਫੋਟੋਆਂ ਕੱਲਰ ਕੀਤੀਆਂ ਜਾਂਦੀਆਂ ਹਨ

Off. 589-4668

Res. 596-3770

ਡੇਲਟਾ ਤੇ ਸਰੀ ਨਿਵਾਸੀਓ

# Grand Opening

ਸਪੈਸ਼ਲ ਸੇਲ

# TRU FOODS

ਸਪੈਸ਼ਲ ਸੇਲ

## ਟਰੂ ਫੂਡਜ਼

10053 - 136A St., SURREY, B.C. **Ph. 584-7011**

| | | | | |
|---|---|---|---|---|
| Vegetable Oil<br>ਵੈਜੀਟੇਬਲ ਤੇਲ<br>16 lit. $12.49 | Vegetable Oil<br>ਵੈਜੀਟੇਬਲ ਤੇਲ<br>3 lit. 2.49 | Manh, Moong, Black Chana Peas Daal<br>4 lb. 1.99 | Sevian<br>ਆਂਡਿਆਂ ਤੋਂ ਬਗੈਰ ਸੇਵੀਆਂ<br>2 pkg. 99¢ | Punjabi Tinda<br>ਪੰਜਾਬੀ ਟੀਂਡਾ<br>tin 99¢ |
| Check Peas<br>ਚਿਟੇ ਛੋਲੇ<br>tin 89¢ | Panipat Pachranga Achar<br>ਪਚਰੰਗਾ ਆਚਾਰ<br>tin 1.89 | Dhania<br>ਧਨੀਆ<br>lb. 99¢ | Fresh Chicken Legs<br>1.19 | Fresh Local Goat Meat<br>ON SPECIAL |
| Mazola Corn Oil<br>ਮਜ਼ੌਲਾ ਮੱਕੀ ਦਾ ਤੇਲ<br>3 lit. 5.99 | Pea Flour<br>ਮਟਰਾਂ ਦਾ ਆਟਾ<br>2 kg. 1.99 | Seven up & Peppsi<br>750 ml.<br>On Special | Corn Oil St. Lawrance<br>3 lit. 5.25 | Par Boiled Rice<br>bag 10 kg.<br>6.75 |
| Chana Flour<br>ਛੋਲਿਆਂ ਦਾ ਆਟਾ<br>2 kg. 2.89 | Vegetable Ghee<br>ਵੈਜੀਟੇਬਲ ਘੀ<br>15 kg. tin.<br>$30.50 | B.C. Sugar<br>ON Special | Nabob Tea<br>ਨਵਾਬ ਚਾਹਪੱਤੀ<br>120 pkt.<br>3.89 | ਬਾਕੀ ਸਟੋਰ ਵਿਚ<br>ਆ ਕੇ ਦੇਖੋ |

ਆਪ ਨੂੰ ਤਾਜ਼ਾ ਮਠਿਆਈ ਅਤੇ ਸਮੋਸੇ ਮਿਲ ਸਕਦੇ ਹਨ। ਹਿੰਦੀ, ਪੰਜਾਬੀ ਦੀਆਂ ਵੀਡੀਓ ਮੂਵੀਆਂ ਦੇਖਣ ਲਈ ਅਤੇ ਨਵੇਂ ਗੀਤਾਂ ਦੀ ਕਸੈਟ ਸੁਣਨ ਲਈ ਖਰੀਦ ਸਕਦੇ ਹੋ।

## ਇਹ ਗਰੈਂਡ ਓਪਨਿੰਗ ਦਿਨ ਸ਼ਨਿਚਰਵਾਰ 18 ਅਕਤੂਬਰ 1986

ਓਪਨਿੰਗ ਤੇ ਖਾਣ ਪੀਣ ਦਾ ਪ੍ਰਬੰਧ ਵੀ ਹੋਵੇਗਾ। ਟਰੂ ਫੂਡਜ਼ ਵਾਲੇ ਆਪਣੇ ਦੋਸਤਾਂ, ਰਿਸ਼ਤੇਦਾਰਾਂ ਅਤੇ ਗਾਹਕਾਂ ਨੂੰ ਆਉਣ ਦਾ ਸੱਦਾ ਦਿੰਦੇ ਹਨ। ਸਾਫ ਸੁਥਰੀ ਗਰੌਸਰੀ ਦਾ ਭੰਡਾਰ ਟਰੂ ਫੂਡਜ਼




ਵਿਆਹ ਸ਼ਾਦੀਆਂ ਅਤੇ ਅਖੰਡਪਾਠ ਦੀ ਗਰੌਸਰੀ ਤੇ ਖਾਸ ਡਿਸਕਾਊਂਟ ਦਿਤਾ ਜਾਂਦਾ ਹੈ

## ਇਹ ਸੇਲ ਦੀਵਾਲੀ ਤੱਕ ਚੱਲੇਗੀ

# ਕਾਮਰੇਡ ਕੈਨੇਡੀਅਨ ਦੀ ਚਿਖਾ ਉਤੇ ਕੀਤੇ ਪ੍ਰਣ

ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ ਦੀ ਚਿਤਾ ਨੂੰ 26 ਸਤੰਬਰ ਸ਼ਾਮ ਸਾਢੇ ਪੰਜ ਵਜੇ ਅਗਨੀ ਦਿਖਾ ਦਿਤੀ। ਉਸ ਵੇਲੇ ਵੀਹ ਪੱਚੀ ਹਜ਼ਾਰ ਦਾ ਜਨ ਸਮੂਹ 'ਦਰਸ਼ਨ ਤੇਰੀ ਸੋਚ ਤੇ ਪਹਿਰਾ ਦਿਆਂਗੇ ਠੋਕ ਕੇ' ਤੇ ਉਸ ਦੇ ਅਮਰ ਰਹਿਣ ਦੇ ਅਕਾਸ਼ ਗੂੰਜਾਊ ਨਾਹਰੇ ਲਾ ਰਿਹਾ ਸੀ। ਕਾਮਰੇਡ ਦਰਸ਼ਨ ਦੇ ਸਰੀਰ ਦੇ ਅਸੀਂ ਮੁੜ ਕਦੇ ਦਰਸ਼ਨ ਨਹੀਂ ਕਰ ਸਕਣੇ ਪਰ ਉਸ ਦੇ ਵਿਚਾਰਾਂ ਦੀ ਜੋਤੀ, ਮਾਰਕਸਵਾਦ ਦੀ ਵਿਚਾਰਧਾਰਾ, ਹੋਰ ਲਟ ਲਟ ਜਲੇਗੀ ਕਿਉਂਕਿ ਉਸ ਜਿਹੇ ਮਹਾਨ ਸ਼ਹੀਦਾਂ ਦੀ ਘਾਲਣਾ ਸਦਕਾ ਵਧੇਰੇ ਤੋਂ ਵਧੇਰੇ ਲੋਕ ਉਸ ਵੱਲ ਖਿਚੇ ਆ ਰਹੇ ਹਨ।

ਰਾਸ਼ਟਰਪਤੀ ਵਲੋਂ ਗਵਰਨਰ ਪੰਜਾਬ ਸ੍ਰੀ ਸਿਧਾਰਥ ਸ਼ੰਕਰ ਰੇਅ ਨੇ ਅਤੇ ਪ੍ਰਧਾਨ ਮੰਤਰੀ ਵਲੋਂ ਗ੍ਰਹਿ ਮੰਤਰੀ ਸ੍ਰੀ ਬੂਟਾ ਸਿੰਘ ਨੇ ਉਸ ਦੀ ਦਿਹ ਤੇ ਫੁਲ ਚੜ੍ਹਾਏ। ਭਾਰਤੀ ਕਮਿਊਨਿਸਟ ਪਾਰਟੀ, ਕਮਿਊਨਿਸਟ ਪਾਰਟੀ (ਮਾਰਕਸਵਾਦੀ), ਕਾਂਗਰਸ ਤੇ ਅਕਾਲੀ ਦਲ ਦੇ ਆਗੂਆਂ ਨੇ ਵੀ ਫੁਲਾਂ ਦੇ ਹਾਰ ਰਖੇ। ਉਸ ਦੀ ਦਿਹ ਦੇ ਸਾਹਮਣੇ ਵਾਲੇ ਮੰਚ ਤੋਂ ਇਹਨਾਂ ਪਾਰਟੀਆਂ ਦੇ ਆਗੂਆਂ ਨੇ ਇਕ ਸੁਰ ਹੋ ਕੇ ਆਪਣੇ ਇਸ ਇਰਾਦੇ ਦਾ ਪ੍ਰਗਟਾ ਕੀਤਾ ਕਿ ਉਹ ਵਖਵਾਦ ਤੇ ਦਹਿਸ਼ਤਗਰਦੀ ਵਿਰੁਧ ਘੋਲ ਨੂੰ ਇਕਮੁਠ ਹੋ ਕੇ ਅਗੇ ਵਧਾਉਣਗੇ।

ਇਸ ਗੱਲ ਨੂੰ ਹੁਣ ਹਰ ਕੋਈ ਮੰਨ ਰਿਹਾ ਹੈ ਕਿ ਭਾਰਤੀ ਕਮਿਊਨਿਸਟ ਪਾਰਟੀ ਇਸ ਸਮੇਂ ਦੀ ਮੁਖ ਲੜਾਈ (ਦਹਿਸ਼ਤਵਾਦ ਵਿਰੁਧ ਲੜਾਈ) ਵਿਚ ਸਭ ਤੋਂ ਅੱਗੇ ਹੈ। ਵਖਵਾਦ ਤੇ ਦਹਿਸ਼ਤਵਰਦੀ ਵਿਰੁਧ ਲੜਾਈ ਸਾਰੇ ਦੇਸ਼ ਦੀ ਹੈ, ਇਹ ਇਕ ਪਾਰਟੀ ਦਾ ਕਾਰਜ ਨਹੀਂ ਹੈ ਤੇ ਨਾ ਕੋਈ ਪਾਰਟੀ ਇਕੱਲੀ ਇਸ ਨੂੰ ਜਿੱਤ ਸਕਦੀ ਹੈ। ਪਰ ਇਕ ਛੋਟੀ ਪਾਰਟੀ ਹੁੰਦਿਆਂ ਸੀ. ਪੀ. ਆਈ. ਸਭ ਤੋਂ ਅਗੇ ਕਿਵੇਂ ਪਰਵਾਨ ਹੋਈ ਹੈ? ਇਸ ਲਈ ਕਿ ਇਸ ਦੀ ਵਿਚਾਰਧਾਰਾ ਸ਼ੁਧ ਤੇ ਸਾਫ ਹੈ, ਇਸ ਦੇ ਵਰਕਰ ਦੇਸ਼ ਭਗਤੀ ਤੇ ਜਨਤਾ ਦੀ ਸਦੀਵੀ ਨਜ਼ਾਤ ਦੇ ਪਵਿਤਰ ਜਜ਼ਬਿਆਂ ਨਾਲ ਸਰਸ਼ਾਰ ਹਨ, ਇਹਨਾਂ ਅੰਦਰ ਨਿਜਵਾਦ ਤੇ ਜ਼ਾਤੀ ਲਾਭਾਂ ਦੀ ਹੋੜ ਨਹੀਂ ਹੈ, ਇਹ ਮਜ਼ਦੂਰ ਜਮਾਤ ਤੇ ਕਿਰਤੀ ਜਨਤਾ ਦੇ ਪ੍ਰਤੀਨਿਧ ਹਨ। ਕਮਿਊਨਿਸਟ ਲਹਿਰ ਜਿਤਨੀਆਂ ਕੁਰਬਾਨੀਆਂ ਤੇ ਸ਼ਹੀਦੀਆਂ ਹੋਰ ਕਿਸੇ ਲਹਿਰ ਦੇ ਹਿਸੇ ਨਹੀਂ ਆਈਆਂ।

ਦਹਿਸ਼ਤਵਰਦਾਂ ਉਤੇ ਕਮਿਊਨਿਸਟ ਪਾਰਟੀ ਨੇ ਅਜੇ ਤੱਕ ਕੋਈ ਜਿਸਮਾਨੀ ਵਾਰ ਨਹੀਂ ਕੀਤਾ। ਫੇਰ ਦਹਿਸ਼ਤਗਰਦ ਇਸ ਪਾਰਟੀ ਉਤੇ ਕਿਉਂ ਸਭ ਤੋਂ ਵੱਧ ਮਾਰੂ ਵਾਰ ਕਰ ਰਹੇ ਹਨ? ਇਹ ਇਸ ਕਰਕੇ ਹੋ ਰਿਹਾ ਹੈ ਕਿ ਕਮਿਊਨਿਸਟ ਦਹਿਸ਼ਤਗਰਦੀ ਵਿਰੁਧ ਅਸਲੀ ਕਾਰਗਰ ਲੜਾਈ ਲੜ ਰਹੇ ਹਨ ਉਹ ਜਨਤਾ ਅੰਦਰ ਦਹਿਸ਼ਤਗਰਦੀ ਦੇ ਅਸਲੇ ਨੂੰ ਨੰਗਾ ਕਰਕੇ ਉਸ ਦੀ ਜੜ੍ਹਾਂ ਨੂੰ ਖੋਖਲਾ ਕਰ ਰਹੇ ਹਨ। ਜੇ ਆਮ ਸਿਖ ਜਨਤਾ ਸਮਝ ਜਾਏ ਕਿ ਇਹ ਦਹਿਸ਼ਤਗਰਦ ਸਿੱਖੀ ਵਾਸਤੇ ਨਹੀਂ ਲੜ ਰਹੇ, ਉਸ ਦੀਆਂ ਨਰੋਈਆਂ ਰਵਾਇਤਾਂ ਅਤੇ ਪ੍ਰੰਪਰਾਵਾਂ ਨੂੰ ਕਲੰਕਤ ਕਰ ਰਹੇ ਹਨ ਤਾਂ ਦਹਿਸ਼ਤਗਰਦਾਂ ਦੀ ਢੋਈ ਖਤਮ ਹੋ ਜਾਂਦੀ ਹੈ। ਅਗਲੀ ਗੱਲ ਇਹ ਹੈ ਕਿ ਦਹਿਸ਼ਤਗਰਦ ਤੇ ਉਹਨਾਂ ਦੇ ਪ੍ਰਿਤਪਾਲਕ ਸਾਮਰਾਜੀ ਜਾਣਦੇ ਹਨ ਕਿ ਇਹ ਕਮਿਊਨਿਸਟ ਹੀ ਹਨ ਜੋ ਜਨਤਕ ਪਰਚਾਰ ਤੇ ਲਾਮਬੰਦੀ ਕਰਨ ਵਾਸਤੇ ਦੂਜੀਆਂ ਰਾਜਸੀ ਪਾਰਟੀਆਂ ਤੇ ਸੰਸਥਾਵਾਂ ਨੂੰ ਵੀ ਇਸ ਸਵਾਲ ਤੇ ਇਕ ਮੁਠ ਕਰਨ ਦਾ ਸੱਦਾ ਰਹੇ ਹਨ।

ਕਾਮਰੇਡ ਕੈਨੇਡੀਅਨ ਇਸ ਵੇਲੇ ਇਸ ਕਾਰਜ ਵਿਚ ਵਧ ਚੜ੍ਹ ਕੇ ਹਿੱਸਾ ਲੈ ਰਹੇ ਸਨ। ਇਸ ਕਰਕੇ ਉਹਨਾਂ ਦੀ ਸ਼ਹੀਦੀ ਨੇ ਚੰਡੀਗੜ੍ਹ ਤੇ ਦਿੱਲੀ ਤਕ ਦੇ ਤਖ਼ਤ ਹਿਲਾ ਦਿਤੇ। ਕੇਂਦਰੀ ਸਰਕਾਰ ਤੇ ਪੰਜਾਬ ਸਰਕਾਰ ਦੇ ਪ੍ਰਤੀਨਿਧ ਵੀ ਆਏ ਜੋ ਦੋ ਵੱਡੀਆਂ ਪਾਰਟੀਆਂ ਕਾਂਗਰਸ ਅਤੇ ਅਕਾਲੀ ਪਾਰਟੀ ਦੇ ਆਗੂ ਵੀ ਹਨ। ਸੀ. ਪੀ. ਆਈ. (ਐਮ) ਦੇ ਸਾਥੀਆਂ ਅੰਦਰ ਤਾਂ ਉਹੀ ਵਿਚਾਰ ਤੇ ਖ਼ੂਨ ਮੌਜੂਦ ਹੈ ਜੋ ਸੀ. ਪੀ. ਆਈ. ਦਾ ਹੈ। ਉਪਰੋਕਤ ਦੋ ਵੱਡੀਆਂ ਤੇ ਹਾਕਮ ਪਾਰਟੀਆਂ ਦੇ ਆਗੂਆਂ ਦਾ ਆਉਣਾ ਸਾਡੇ ਮਹਾਨ ਸ਼ਹੀਦ ਕੈਨੇਡੀਅਨ ਤੇ ਉਸ ਦੀ ਪਾਰਟੀ ਦੇ ਵਿਢੇ ਮਹਾਨ ਕਾਰਜ ਲਈ ਦਾਦ ਦੇਣਾ ਹੀ ਸਮਝਿਆ ਜਾ ਸਕਦਾ ਹੈ।

ਸਾਡੀ ਦਿਲੀ ਕਾਮਨਾ ਹੈ ਕਿ ਇਹਨਾਂ ਦੋਹਾਂ ਪਾਰਟੀਆਂ ਦੇ ਵੱਡੇ ਆਗੂ ਕਾਮਰੇਡ ਕੈਨੇਡੀਅਨ ਦੀ ਚਿਤਾ ਉਤੇ ਖੜੋਕੇ ਆਪਣੇ ਉਚਾਰੇ ਸ਼ਬਦਾਂ ਨੂੰ ਆਪਣਾ ਇਸ ਸਮੇਂ ਦਾ ਦਿਤਾ ਵਚਨ ਸਮਝਣਗੇ। ਸ਼ਾਲਾ! ਇਸ ਚਿਤਾ ਦੀ ਅਗਨੀ ਉਹਨਾਂ ਆਗੂਆਂ ਦੇ ਮਨਾਂ ਅੰਦਰ ਐਸੀ ਅਗਨੀ ਪੈਦਾ ਕਰੇ ਜੋ ਵਕਤੀ ਤੁਅਸਬਾਂ ਨੂੰ ਸਾੜ ਕੇ ਸਵਾਹ ਕਰ ਦੇਵੇ ਅਤੇ ਇਹਨਾਂ ਪਾਰਟੀਆਂ ਦੇ ਆਗੂ ਵੱਖਵਾਦ ਤੇ ਦਹਿਸ਼ਤਗਰਦੀ ਵਿਰੁਧ ਇਕ ਮਨ ਇਕ ਚਿਤ ਹੋ ਕੇ ਆਪਣੀਆਂ ਜਥੇਬੰਦੀਆਂ ਨੂੰ ਮੈਦਾਨ ਵਿਚ ਉਤਾਰਨ। ਇਕ ਸਾਂਝੀ ਵਿਚਾਰਧਾਰਕ ਤੇ ਸਿਆਸੀ ਮੁਹਿਮ ਉਸਾਰਨਾ ਹੀ ਕਾਮਰੇਡ ਕੈਨੇਡੀਅਨ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

* * * *

# ਅਕਾਲੀ ਧੜਿਆਂ ਵਿਚਕਾਰ ਸਮਝੌਤੇ ਦੀ ਚਰਚਾ

—ਚੈਨ ਸਿੰਘ ਚੈਨ—

ਬਰਨਾਲਾ ਤੇ ਬਾਦਲ ਅਕਾਲੀ ਧੜਿਆਂ ਵਿਚਕਾਰ ਏਕਤਾ ਦੀ ਕਾਫੀ ਚਰਚਾ ਹੋ ਰਹੀ ਹੈ। ਹੋ ਸਕਦਾ ਹੈ ਕਿ ਇਸ ਵਿਚ ਕੇਂਦਰ ਦਾ ਵੀ ਕੋਈ ਵਿੰਗਾ ਟੇਢਾ ਆਪਣੇ ਮੰਤਵ ਲਈ ਦਖਲ ਹੋਵੇ। ਪਰ ਬਹੁਤਾ ਕਰਕੇ ਸਿੰਘ ਸਾਹਿਬਾਨ ਸਰਗਰਮ ਹਨ। ਜਿਨ੍ਹਾਂ ਦਾ ਬਹੁਤਾ ਜ਼ੋਰ ਕੇਂਦਰ ਸਰਕਾਰ ਦੀਆਂ ਕਥਿਤ ਵਧੀਕੀਆਂ ਉਤੇ ਹੈ।

ਦਿਲੀਓਂ ਪਰਤਕੇ ਸ੍ਰੀ ਪ੍ਰਕਾਸ਼ ਸਿੰਘ ਬਾਦਲ ਨੇ ਵੀ ਘਟੋ ਘਟ ਪੰਜ ਨੁਕਤੀਆ ਪਰੋਗਰਾਮ ਪੇਸ਼ ਕੀਤਾ ਹੈ ਜਿਸ ਦੇ ਅਧਾਰ ਤੇ ਉਹ ਏਕਤਾ ਉਸਾਰਨਾ ਚਾਹੁੰਦੇ ਹਨ। ਉਹ ਪੰਜ ਨੁਕਤੇ ਸਿੰਘ ਸਾਹਿਬਾਨ ਦੇ ਨੁਕਤਿਆਂ ਨਾਲੋਂ ਬਹੁਤੇ ਵੱਖਰੇ ਨਹੀਂ ਹਨ।'ਇਕ ਗਲ ਦਾ ਫਰਕ ਹੈ। ਸਿੰਘ ਸਾਹਿਬਾਨ ਸਾਰੇ ਨਜ਼ਰਬੰਦਾਂ ਦੀ ਰਿਹਾਈ ਮੰਗਦੇ ਹਨ ਪਰ ਸ੍ਰੀ ਬਾਦਲ ਸਾਰੇ ਗ੍ਰਿਫਤਾਰ ਹੋਇਆਂ ਨੂੰ ਰਿਹਾ ਕਰਨ ਦੀ ਗੱਲ ਕਰਦੇ ਹਨ ਅਰਥਾਤ ਸ੍ਰੀ ਬਾਦਲ ਕਾਤਲਾਂ ਤੇ ਡਾਕੇ ਖੋਹਾਂ ਕਰਨ ਵਾਲਿਆਂ ਦੀ ਵੀ ਮੁਆਫੀ ਚਾਹੁੰਦੇ ਹਨ।

ਠੀਕ ਹੈ ਕਿ ਸਰੀ ਬਾਦਲ ਨੇ ਦੋ ਤਿੰਨ ਗੱਲਾਂ ਪਹਿਲੀ ਵੇਰ ਸਪਸ਼ਟ ਤੌਰ ਤੇ ਆਖੀਆਂ ਹਨ ਕਿ ਉਹ ਖਾਲਿਸਤਾਨ ਤੇ ਦਹਿਸ਼ਤ-ਪਸੰਦਾਂ ਦੇ ਬਿਲਕੁਲ ਹਾਮੀ ਨਹੀਂ, ਉਹ ਹਿੰਦੂ-ਸਿਖ ਏਕਤਾ ਲਈ ਵਚਨਬੱਧ ਹਨ ਅਤੇ ਹਿੰਦੂਆਂ ਦੀ ਹਿਜਰਤ ਪੰਜਾਬ ਨੂੰ ਬੰਦ ਵੇਖਣਾ ਚਾਹੁੰਦੇ ਹਨ। ਸ੍ਰੀ ਬਰਨਾਲਾ ਨੇ ਸ੍ਰੀ ਬਾਦਲ ਦੇ ਇਸ ਸਟੈਂਡ ਨੂੰ ਜੀ ਆਇਆਂ ਆਖਿਆ ਹੈ। ਜੇ ਸ੍ਰੀ ਬਾਦਲ ਚੰਗੇ ਪਾਸੇ ਨੂੰ ਆਪਣੇ ਸਟੈਂਡ ਅੰਦਰ ਮੋੜਾ ਦੇਣ ਤਾਂ ਸਾਨੂੰ ਵੀ ਬੜੀ ਖੁਸ਼ੀ ਹੋਵੇਗੀ। ਪਰ ਜਦ ਉਹ ਸਾਰੇ ਗ੍ਰਿਫਤਾਰ ਹੋਇਆਂ ਦੀ ਰਿਹਾਈ ਦੀ ਮੰਗ ਕਰਦੇ ਹਨ ਤਾਂ ਆਪਣੀਆਂ ਚੰਗੀਆਂ ਗੱਲਾਂ ਉਤੇ ਪਾਣੀ ਫੇਰ ਦੇਂਦੇ ਹਨ। ਦੂਜੇ ਬੰਨੇ ਸ੍ਰੀ ਬਾਦਲ ਸ੍ਰੀ ਸੁਰਜੀਤ ਸਿੰਘ ਬਰਨਾਲਾ ਨੂੰ ਕੇਂਦਰ ਦੀ ਕਠਪੁਤਲੀ ਦਸ ਕੇ ਭੰਡਦੇ ਹਨ ਅਤੇ ਆਪਣੇ ਉਸੇ ਸਟੈਂਡ ਤੇ ਖੜੇ ਹਨ ਕਿ ਸ੍ਰੀ ਬਰਨਾਲਾ ਮੁਖ ਮੰਤਰੀ ਪਦ ਅਤੇ ਅਕਾਲੀ ਦਲ ਦੀ ਪ੍ਰਧਾਨਗੀ ਤੋਂ ਅਸਤੀਫਾ ਦੇਣ ਤਦ ਹੀ ਏਕਤਾ ਦੀ ਗੱਲ ਹੋ ਸਕਦੀ ਹੈ। ਉਹ ਸ੍ਰੀ ਬਰਨਾਲਾ ਨਾਲ ਬੁਨਿਆਦੀ ਮਤਭੇਦ ਇਹੀ ਦਸਦੇ ਹਨ ਕਿ ਸ੍ਰੀ ਬਰਨਾਲਾ ਨੇ ਦਰਬਾਰ ਸਾਹਿਬ ਅੰਦਰ ਹਥਿਆਰਬੰਦ ਦਸਤੇ ਭੇਜ ਕੇ ਪੰਥਕ ਰਵਾਇਤਾਂ ਨੂੰ ਭੰਗ ਕੀਤਾ ਹੈ"। ਸ੍ਰੀ ਬਾਦਲ ਦਾ ਇਹ ਸੈਂਟਡ ਵੀ ਵਖਵਾਦੀ ਦਹਿਸ਼ਤ-ਪਸੰਦਾਂ ਦੀ ਵਕਾਲਤ ਹੀ ਹੈ ਕਿਉਂਕਿ ਉਹ ਉਹਨਾਂ ਵਲੋਂ ਦਰਬਾਰ ਸਾਹਿਬ ਦੀ ਦੁਰਵਰਤੋਂ ਕਰਨ ਅਤੇ ਉਥੋਂ ਖਾਲਿਸਤਾਨ ਦਾ ਦੇਸ਼ਧਰੋਹੀ ਨਾਅਰਾ ਦੇਣ ਨੂੰ "ਪੰਥਕ ਰਵਾਇਤ" ਦੇ ਅਨੁਕੂਲ ਸਮਝਦੇ ਹਨ।

ਅਸੀਂ ਅਕਾਲੀ ਧੜਿਆਂ ਦੀ ਏਕਤਾ ਦੇ ਹਾਮੀ ਹਾਂ ਜੇ ਉਹ ਦੇਸ਼ ਦੀ ਏਕਤਾ ਤੇ ਅਖੰਡਤਾ ਲਈ, ਸਿਖੀ ਦੀਆਂ ਨਰੋਈਆਂ ਰਵਾਇਤਾਂ ਦੇ ਅਧਾਰ ਉਤੇ ਅਤਿਵਾਦ, ਵਖਵਾਦ ਤੇ ਫਿਰਕਾਪ੍ਰਸਤੀ ਦੇ ਵਿਰੁਧ ਅਤੇ ਪੰਜਾਬੀਆਂ ਦੇ ਸੇਕੂਲਰ ਏਕੇ ਤੇ ਸਾਂਝੇ ਹੱਕਾਂ ਲਈ ਹੋਵੇ।

ਇਸ ਸਬੰਧ ਵਿਚ ਸ੍ਰੀ ਸੁਰਜੀਤ ਸਿੰਘ ਬਰਨਾਲਾ ਦਾ ਇਹ ਸਟੈਂਡ ਬਿਲਕੁਲ ਠੀਕ ਹੈ ਕਿ ਪੰਜਾਬ ਸਮਝੌਤੇ ਨੂੰ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਅਗਵਾਈ ਨੂੰ ਸਵੀਕਾਰ ਕਰਨ ਦੇ ਅਧਾਰ ਉਤੇ ਏਕਤਾ ਹੋਣੀ ਚਾਹੀਦੀ ਹੈ। ਸ੍ਰੀ ਬਾਦਲ ਨੇ ਇਸ ਅਧਾਰ ਦਾ ਮਖੌਲ ਉਡਾਇਆ ਹੈ ਅਤੇ ਆਖਿਆ ਹੈ ਕਿ "ਰਾਜੀਵ-ਲੌਂਗੋਵਾਲ ਸਮਝੌਤਾ ਹੈ ਕਿਥੇ? ਉਹ ਤਾਂ ਮਰ ਚੁਕਾ ਹੈ। ਸ੍ਰੀ ਬਲਵੰਤ ਸਿੰਘ ਅਨੁਸਾਰ ਹੀ ਉਸਦੀਆਂ ਗਿਆਰਾਂ ਦੀਆਂ ਗਿਆਰਾਂ ਮੱਦਾਂ ਉਤੇ ਅਮਲ ਨਹੀਂ ਹੋਇਆ।" ਸ੍ਰੀ ਬਾਦਲ ਦੀ ਇਹ ਟਕੋਰ ਬੇਮਤਲਬ ਹੈ। ਜੇ ਉਸ ਸਮਝੌਤੇ ਉਤੇ ਅਮਲ ਨਹੀਂ ਹੋਇਆ ਤਾਂ ਉਸਨੂੰ ਲਾਗੂ ਕਰਾਉਣਾ ਹੀ ਆਪਸੀ ਸਮਝੌਤੇ ਦੀ ਮੁਖ ਗੱਲ ਹੋ ਸਕਦੀ ਹੈ। ਉਹ ਸਮਝੌਤਾ ਮਰਿਆ ਨਹੀਂ, ਮਧੋਲਿਆ ਪਿਆ ਹੈ। ਸਾਰੇ ਪੰਜਾਬੀ ਉਸਨੂੰ ਲਾਗੂ ਕਰਾਉਣ ਲਈ ਇਕਮੁਠ ਹੋ ਜਾਣ ਤਾਂ ਉਹ ਸਮਝੌਤਾ ਪੰਜਾਬ ਦੇ ਮਸਲੇ ਦੇ ਹੱਲ ਦਾ ਰਾਹ ਖੋਲਦਾ ਹੈ।

ਪਰ ਸ੍ਰੀ ਬਾਦਲ ਨੇ ਅਗਲੇ ਹੀ ਸਾਹ ਵਿਚ ਆਖ ਦਿਤਾ ਕਿ "ਇਹ ਸਮਝੌਤਾ ਕਿਸੇ ਵੀ ਪੱਖ ਤੋਂ ਪੰਜਾਬ ਦਾ ਭਲਾ ਨਹੀਂ ਕਰ ਸਕਦਾ। ਜਿਤਨਾ ਉਸ ਉਤੇ ਅਮਲ ਦਾ ਜਤਨ ਹੋਵੇਗਾ, ਪੰਜਾਬ ਦੇ ਲਾਭਾਂ ਦੀ ਹਾਨੀ ਹੋਵੇਗੀ", ਇਸ ਤਰ੍ਹਾਂ ਸ੍ਰੀ ਬਾਦਲ ਇਸ ਸਮਝੌਤੇ ਦੇ ਹੀ ਵਿਰੁਧ ਹਨ। ਫੇਰ ਉਹਨਾਂ ਨੂੰ ਇਸ ਸਮਝੌਤੇ ਦੇ ਮਰਨ ਤੇ ਲਾਗੂ ਨਾ ਹੋਣ ਦੀਆਂ ਸ਼ਕਾਇਤਾਂ ਦੀ ਕੀ ਲੋੜ ਸੀ!

ਜਦ ਤਕ ਸ੍ਰੀ ਬਾਦਲ ਠਹਿਰੇ ਵਿਚ ਫਿਰਦੇ ਹਨ, ਉਹਨਾਂ ਨਾਲ ਏਕਤਾ ਦੀ ਗੱਲ ਕਰਨੀ ਫਜ਼ੂਲ ਹੈ।

* * * *

# ਗੋਰਖਾਲੈਂਡ ਤੇ ਕੇਂਦਰ ਸਰਕਾਰ

ਗੋਰਖਾ ਕੌਮੀ ਆਜ਼ਾਦੀ ਫਰੰਟ ਨਾਉਂ ਦੀ ਜਥੇਬੰਦੀ ਵਲੋਂ ਪੱਛਮੀ ਬੰਗਾਲ ਦੇ ਉਤਰੀ ਪਹਾੜੀ ਖੇਤਰ ਅੰਦਰ ਗੋਰਖਾਲੈਂਡ ਕਾਇਮ ਕਰਨ ਦੀ ਮੰਗ ਉਤੇ ਦੇਸ਼ ਅਤੇ ਰਾਜ ਦੇ ਸਿਆਸੀ ਹਲਕਿਆਂ ਅੰਦਰ ਬੜੀ ਹਲਚਲ ਮੱਚੀ ਹੋਈ ਹੈ।
ਕੇਂਦਰ ਅਤੇ ਰਾਜ ਸਰਕਾਰ ਵਿਚਕਾਰ ਵੀ ਲੈ ਦੇ ਰਹੀ ਹੈ।

ਪੱਛਮੀ ਬੰਗਾਲ ਦੀ ਖੱਬੇ ਫਰੰਟ ਦੀ ਸਰਕਾਰ ਇਸ ਮੰਗ ਨੂੰ ਕੌਮ ਵਿਰੋਧੀ ਦਸਦੀ ਹੈ ਪਰ ਪ੍ਰਧਾਨ ਮੰਤਰੀ ਨੇ ਇਸ ਰਾਜ ਦੇ ਦੌਰੇ ਸਮੇਂ ਆਖਿਆ ਹੈ ਕਿ ਉਹ ਇਸ ਮੰਗ ਨੂੰ ਕੌਮ ਵਿਰੋਧੀ ਨਹੀਂ ਮੰਨਦੇ, ਫੁਟ ਪਾਊ ਜ਼ਰੂਰ ਸਮਝਦੇ ਹਨ। ਉਹਨਾਂ ਤੇ ਗ੍ਰਹਿ ਮੰਤਰੀ ਬੂਟਾ ਸਿੰਘ ਨੇ ਇਸ ਗੋਰਖਾਲੈਂਡ ਦੇ ਅੰਦੋਲਨ ਲਈ ਰਾਜ ਸਰਕਾਰ ਨੂੰ ਜ਼ਿਮੇਵਾਰ ਠਹਿਰਾਇਆ ਹੈ। ਉਹਨਾਂ ਦਾ ਕਹਿਣਾ ਹੈ ਕਿ ਇਹ ਅੰਦੋਲਨ ਦੀ ਜੜ ਉਸ ਖੇਤਰ ਦੀ ਆਰਥਕ ਮੰਦਹਾਲੀ ਵਿਚ ਹੈ ਜਿਸਨੂੰ ਦੂਰ ਕਰਨ ਲਈ ਰਾਜ ਸਰਕਾਰ ਨੇ ਕੋਈ ਧਿਆਨ ਨਹੀਂ ਦਿਤਾ ਇਸ ਤਰ੍ਹਾਂ ਕੇਂਦਰੀ ਸਰਕਾਰ ਇਸ ਅੰਦੋਲਨ ਲਈ ਫਿਕਰਮੰਦ ਨਹੀਂ ਹੈ ਤੇ ਪ੍ਰਧਾਨ ਮੰਤਰੀ ਨੇ ਆਖਿਆ ਹੈ ਕਿ ਕੇਂਦਰ ਤਦ ਹੀ ਦਖਲ ਦੇਵੇਗਾ ਜਦ ਉਹ ਵੱਖਵਾਦੀ ਰੂਪ ਧਾਰਨ ਕਰੇਗਾ।

ਅਸੀਂ ਇਥੇ ਇਸ ਅੰਦੋਲਨ ਦੀ ਖਤਰਨਾਕੀ ਦੇ ਦਰਜੇ ਬਾਰੇ ਥਰਮਾਮੀਟਰ ਨਹੀਂ ਲਾ ਰਹੇ ਪਰ ਗਲ ਬਿਲਕੁਲ ਸਪਸ਼ਟ ਹੈ ਕਿ ਕੇਂਦਰ ਸਰਕਾਰ ਇਸ ਅੰਦੋਲਨ

ਬਾਕੀ ਪੰਨਾ 22 ਤੇ

## ਰੰਗਾਂ ਦਾ ਸਾਗਰ

ਸੁਰਜੀਤ ਰਾਮਪੁਰੀ
(ਮੁਹਿੰਦਰ ਦੀਪ ਗਰੇਵਾਲ ਦਾ ਕਾਵਿ-ਚਿੱਤਰ)

ਲਹਿਰਦਾ, ਰੰਗਾਂ ਦਾ ਸਾਗਰ
ਰੂਪ ਪਲ ਪਲ ਵਿਚ ਵਟਾਵੇ...

ਚਾਨਣੀ ਦੀ ਵੀਣਾ ਛਣਕੇ
ਚੰਦ ਕਲਪਨਾ ਦੀ ਕੁੜੀ
ਕੋਈ ਗੀਤ ਛੇੜੇ
ਜਿੰਦ ਇਸਦੀ ਗੁਣਗੁਣਾਵੇ...

ਯਾਦ ਦੀ ਕਿਸ਼ਤੀ ਜਦੋਂ ਵੀ
ਉਭਰਦੀ ਹੈ
ਹੌਲੀ ਹੌਲੀ 'ਜਾ ਰੁਮਕਦੀ,
ਫਿਰ ਇਹ ਕੋਈ ਮਾਂਝੀਆਂ ਦਾ
ਗੀਤ ਗਾਵੇ.

ਤੈਰਦੀ ਨਾਓ, ਨਜ਼ਰ ਤੋਂ
ਦੂਰ ਹੋਂਦਾਂ,
ਸੁਨਹਿਰਾ ਫਿਰ ਸਾਰਾ ਪਾਣੀ
ਹੋ ਜਾਵੇ,
ਅੰਬਰ ਨੂੰ ਗਲ ਨਾਲ ਲਾਵੇ.

ਆਸ ਵਾਂਗੂੰ ਫਿਰ ਕੋਈ
ਸੂਰਜ ਹੈ ਉੱਗਦਾ,
ਜਿਸ ਤਰ੍ਹਾਂ ਮਹਿਬੂਬ ਦਾ
ਇਕਰਾਰ ਪੁੱਗਦਾ
ਸੂਰਜਾ ਸਾਗਰ ਦਾ
ਮੱਥਾ ਚੁੰਮ ਜਾਵੇ.

ਪਾਣੀਆਂ 'ਤੇ ਗੀਤਾਂ ਦੇ ਫਿਰ
ਹੰਸ ਲੱਭਣ
ਪੰਛੀ ਉੱਡਣ, ਚਹਿਚਹਾਵਣ,
ਲਹਿਰਾਂ ਮਚਲਣ
ਸੁੰਦ ਫਿਰ ਭਰਦੀ ਕਲਾਵੇ..

ਉੱਪਰੋਂ ਤਾਂ ਸ਼ਾਂਤ ਹੈ ਇਹ
ਵਗਦੀਆਂ ਤਲ ਹੇਠ ਰੌਆਂ
ਉੱਪਰੋਂ ਠੰਡਾ, ਅੰਦਰੋਂ
ਇਹ ਭੁੱਜਦਾ ਜਾਵੇ.

ਤਪਦੀਆਂ ਧੁੱਪਾਂ 'ਚ ਤਪਦਾ
ਠਰਦੀਆਂ ਰੁੱਤਾਂ 'ਚ ਠਰਦਾ
ਫੈਲ ਜਾਵੇ, ਸਿਮਟ ਜਾਵੇ.

ਸੁਲਘਦੀ ਆਥਣ ਜਦੋਂ ਵੀ
ਇਸਦੇ ਕੰਢੇ ਤੇ ਨਹਾਵੇ
ਪਾਣੀਆਂ ਨੂੰ ਅੱਗ ਲਾਵੇ.
ਸੰਧਿਆ ਦੀ ਚਿਖਾ ਉੱਤੇ
ਸੂਰਜਾ ਵੀ ਮੱਚ ਜਾਵੇ.



# ਸ਼ਹੀਦ ਦਰਸ਼ਨ ਸਿੰਘ ਕੈਨੇਡੀਅਨ ਨੂੰ ਸਮਕਾਲੀਆਂ ਵੱਲੋਂ ਸ਼ਰਧਾਂਜਲੀਆਂ



27 ਸਤੰਬਰ ਦੇ ਅਜੀਤ ਦਾ ਸੰਪਾਦਕੀ ਜਿਸ ਦਾ ਸਿਰਲੇਖ "ਸਾਥੀ ਕੈਨੇਡੀਅਨ" ਹੈ :

ਸਾਥੀ ਦਰਸ਼ਨ ਸਿੰਘ ਕੈਨੇਡੀਅਨ ਦੇ ਕਤਲ ਨਾਲ ਕਈ ਵਰ੍ਹਿਆਂ ਤੋਂ ਪੰਜਾਬ ਵਿਚ ਵਾਪਰ ਰਿਹਾ ਦੁਖਾਂਤ ਹੋਰ ਡੂੰਘਾ ਹੋ ਗਿਆ ਹੈ। ਕੈਨੇਡੀਅਨ ਬਹੁਤ ਲੰਬੇ ਅਰਸੇ ਤਕ ਕਮਿਊਨਿਸਟ ਲਹਿਰ ਨਾਲ ਜੁੜੇ ਹੀ ਨਹੀਂ ਰਹੇ ਸਗੋਂ ਉਹ ਪੰਜਾਬ ਵਿਚ ਇਸ ਲਹਿਰ ਦੇ ਆਗੂਆਂ ਵਿਚੋਂ ਸਨ। ਉਹਨਾਂ ਦੇ ਜੀਵਨ ਵੱਲ ਵੇਖਿਆਂ ਇਹ ਅਹਿਸਾਸ ਭਲੀ ਭਾਂਤ ਹੋ ਜਾਂਦਾ ਹੈ ਕਿ ਉਹ ਹਮੇਸ਼ਾਂ ਹੀ ਸੰਘਰਸ਼ਸ਼ੀਲ ਰਹੇ। ਪਿਛਲੇ ਕੁਝ ਵਰ੍ਹੇ ਉਹ ਕਾਫੀ ਬਿਮਾਰ ਰਹੇ ਸਨ ਪਰ ਉਸ ਅਰਸੇ ਵਿਚ ਵੀ ਉਹਨਾਂ ਕਿਸੇ ਨਾ ਕਿਸੇ ਢੰਗ ਨਾਲ ਲੋਕਾਂ ਨਾਲ ਸੰਪਰਕ ਬਣਾਈ ਰੱਖਿਆ। ਉਹ ਸੂਬਾ ਪੱਧਰ, ਰਾਸ਼ਟਰੀ ਪੱਧਰ ਤਕ ਵੀ ਆਪਣੀ ਸੋਚ ਤੇ ਅਮਲਾਂ ਨੂੰ ਫੈਲਾਉਣ ਲਈ ਯਤਨਸ਼ੀਲ ਸਨ ਪਰ ਇਸਦੇ ਨਾਲ ਨਾਲ ਉਹ ਆਪਣੇ ਆਲੇ ਦੁਆਲੇ ਦੇ ਲੋਕਾਂ ਦੇ ਦੁਖਾਂ ਤਕਲੀਫਾਂ ਦੇ ਵੀ ਪੂਰੇ ਭਾਈਵਾਲ ਸਨ। ਆਪਣੇ ਇਲਾਕੇ ਦੀਆਂ ਸਮਸਿਆਵਾਂ ਨੂੰ ਦੂਰ ਕਰਵਾਉਣ ਲਈ ਵੀ ਉਹ ਅਖੀਰ ਤਕ ਜੂਝਦੇ ਰਹੇ। ਇਹ ਗੱਲ ਸਾਡੇ ਅਤੇ ਹੋਰ ਬਹੁਤ ਸਾਰੇ ਲੋਕਾਂ ਦੇ ਚੇਤੇ ਵਿਚ ਤਾਜ਼ਾ ਹੈ ਕਿ ਕਿਵੇਂ ਉਹ ਹੁਸ਼ਿਆਰਪੁਰ ਦੇ ਇਲਾਕੇ ਵਿਚ ਬਣ ਰਹੀ ਫੌਜੀ ਛਾਉਣੀ ਕਾਰਨ ਪ੍ਰਭਾਵਿਤ ਹੋਏ ਪਰਿਵਾਰਾਂ ਨੂੰ ਇਨਸਾਫ ਦੁਆਉਣ ਲਈ ਦੌੜ ਭੱਜ ਕਰਦੇ ਰਹੇ। ਇਸ ਲਈ ਉਹ ਲਗਪਗ ਸਭ ਸਬੰਧਿਤ ਅਹੁਦੇਦਾਰਾਂ ਅਤੇ ਵਿਅਕਤੀਆਂ ਨੂੰ ਮਿਲੇ। ਪਬਲਿਕ ਦਾ ਧਿਆਨ ਇਧਰ ਖਿਚਣ ਲਈ ਅਖਬਾਰਾਂ ਵਿਚ ਲੇਖ ਲਿਖੇ, ਚਿੱਠੀ ਪੱਤਰ ਕੀਤਾ ਅਤੇ ਵੱਡੀ ਪੱਧਰ ਤੇ ਰੈਲੀਆਂ ਦਾ ਆਯੋਜਨ ਵੀ ਕੀਤਾ। ਇਹ ਤਾਂ ਸਿਰਫ ਇਕ ਮਿਸਾਲ ਹੀ ਹੈ। ਹਮੇਸ਼ਾਂ ਹੀ ਉਹ ਯਤਨ ਕਰਦੇ ਰਹੇ ਕਿ ਨਾ ਸਿਰਫ ਉਹ ਲੋਕਾਂ ਦੇ ਦੁਖਾਂ ਦਰਦਾਂ ਦੇ ਹੀ ਭਾਈਵਾਲ ਬਣਨ ਸਗੋਂ ਸਮੇਂ ਦੀਆਂ ਲੋਕ ਲਹਿਰਾਂ ਨਾਲ ਵੀ ਜੁੜੇ ਰਹਿਣ। ਹਰ ਸਮੇਂ ਉਹਨਾਂ ਆਪਣੇ ਕੀਤੇ ਜਾਣ ਵਾਲੇ ਅਮਲਾਂ ਪ੍ਰਤੀ ਪਹਿਲਾਂ ਚੇਤੰਨ ਰੂਪ ਵਿਚ ਸੋਚਿਆ ਅਤੇ ਫੇਰ ਉਸ ਬਾਰੇ ਸਪੱਸ਼ਟ ਸਟੈਂਡ ਲਿਆ ਤੇ ਉਸਤੇ ਦ੍ਰਿੜਤਾ ਨਾਲ ਪਹਿਰਾ ਦਿਤਾ। ਪੰਜਾਬ ਦੇ ਦੁਖਾਂਤ ਵਿਚ ਉਹ ਦੇਸ਼ ਦੀ ਅਖੰਡਤਾ ਅਤੇ ਆਪਸੀ ਭਾਈਚਾਰਕ ਸਾਂਝ ਲਈ ਪਹਿਰਾ ਦਿੰਦੇ ਰਹੇ। ਇਸ ਸਮੇਂ ਚਾਹੇ ਉਹ ਪੂਰੀ ਤਰ੍ਹਾਂ ਸਿਹਤਮੰਦ ਨਹੀਂ ਸਨ ਪਰ ਫਿਰ ਵੀ ਉਹਨਾਂ ਦੀ ਆਵਾਜ਼ ਬਹੁਤ ਉਚੀ ਸੁਰ ਵਾਲੀ ਸੀ। ਅਜਿਹੀ ਆਵਾਜ਼ ਵਿਚ ਲੋਕਾਂ ਨੂੰ ਪ੍ਰਭਾਵਿਤ ਕਰਨ ਦੀ ਸ਼ਕਤੀ ਬਹੁਤ ਜ਼ਿਆਦਾ ਹੁੰਦੀ ਹੈ।

ਉਹ ਹਮੇਸ਼ਾਂ ਹੀ ਕਮਿਊਨਿਸਟ ਰਹੇ, ਇਸੇ ਵਿਚਾਰਧਾਰਾ ਦੇ ਵਿਕਾਸ ਤੇ ਪ੍ਰਚਾਰ ਲਈ ਉਹ ਜੂਝਦੇ ਰਹੇ ਅਤੇ ਅਖੀਰ ਤੱਕ ਇਹਨਾਂ ਅਸੂਲਾਂ ਤੇ ਹੀ ਡਟੇ ਰਹੇ। ਸਾਥੀ ਕੈਨੇਡੀਅਨ ਦਾ ਜੀਵਨ ਸਾਦਗੀ, ਸੰਘਰਸ਼ ਅਤੇ ਪ੍ਰਤੀਬਧਤਾ ਲਈ ਇਕ ਮਿਸਾਲ ਵਜੋਂ ਪੇਸ਼ ਕੀਤਾ ਜਾ ਸਕਦਾ ਹੈ ਜਿਸ ਤੇ ਉਹਨਾਂ ਦੀ ਪਾਰਟੀ ਅਤੇ ਪੰਜਾਬ ਦੇ ਲੋਕ ਮਾਣ ਕਰ ਸਕਦੇ ਹਨ। ਅਸੀਂ ਸਾਥੀ ਜੀ ਦੀ ਪਿਆਰੀ ਸ਼ਖਸੀਅਤ ਨੂੰ ਨਿੱਘੀ ਸ਼ਰਧਾਂਜਲੀ ਭੇਂਟ ਕਰਦੇ ਹਾਂ।

* * * *

27 ਸਤੰਬਰ ਦੇ "ਲੋਕ ਲਹਿਰ" ਨੇ ਆਪਣੇ ਸੰਪਾਦਕੀ "ਇਕ ਸ਼ਰਧਾਂਜਲੀ : ਦਰਸ਼ਨ ਸਿੰਘ ਕੈਨੇਡੀਅਨ" ਵਿਚ ਲਿਖਿਆ ਹੈ :

ਸੀ. ਪੀ. ਆਈ. ਆਪਣੇ ਤੌਰ ਤੇ ਅਤੇ ਅਤਿਵਾਦੀ-ਵਖਵਾਦੀ ਸ਼ਕਤੀਆਂ ਵਿਰੁਧ ਲੜਾਈ ਦੇ ਰਹੀਆਂ ਹੋਰ ਪਾਰਟੀਆਂ ਅਤੇ ਸ਼ਕਤੀਆਂ ਨਾਲ ਮਿਲਕੇ ਜਿਹੜੀ ਮੁਹਿਮ ਵੱਖਵਾਦੀ ਤੇ ਦੇਸ਼ ਧਰੋਹੀ ਸ਼ਕਤੀਆਂ ਵਿਰੁਧ ਚਲਾਉਂਦੀ ਚਲੀ ਆ ਰਹੀ ਹੈ ਉਸ ਵਿਚ ਸਾਥੀ ਦਰਸ਼ਨ ਸਿੰਘ ਕੈਨੇਡੀਅਨ ਬੜਾ ਹੀ ਅਹਿਮ ਰੋਲ ਅਦਾ ਕਰਦੇ ਚਲੇ ਆ ਰਹੇ ਸਨ। ਉਹ ਨਾ ਕੇਵਲ ਆਪਣੀਆਂ ਲਿਖਤਾਂ ਰਾਹੀਂ ਹੀ ਇਹਨਾਂ ਦੇਸ਼ ਧਰੋਹੀ ਅਤੇ ਸਾਮਰਾਜੀ ਸ਼ਹਿ ਤੇ ਮਦਦ ਪ੍ਰਾਪਤ ਸ਼ਕਤੀਆਂ ਨੂੰ ਲੋਕਾਂ ਵਿਚ ਬੁਰੀ ਤਰ੍ਹਾਂ ਨੰਗਾ ਕਰਦੇ ਚਲੇ ਆ ਰਹੇ ਸਨ ਸਗੋਂ ਸੂਬੇ ਅੰਦਰ ਫਿਰਕੂ ਏਕਤਾ ਅਤੇ ਅਮਨ ਲਈ ਚਲਦੀ ਆ ਰਹੀ ਮੁਹਿਮ ਵਿਚ ਵੀ ਇਹਨਾਂ ਤੱਤਾਂ ਨੂੰ ਭੰਡਦੇ ਤੇ ਵੰਗਾਰਦੇ ਚਲੇ ਆ ਰਹੇ ਸਨ।

ਅਜੇ ਪਿਛਲੇ ਦਿਨੀਂ ਹੀ ਉਹਨਾਂ ਨੇ ਅਤਿਵਾਦੀ-ਵਖਵਾਦੀ ਸ਼ਕਤੀਆਂ ਵਿਰੁਧ ਮੁਹਿਮ ਵਜੋਂ ਅਤੇ ਅਤਿਵਾਦੀਆਂ ਵਲੋਂ ਸ਼ਹੀਦ ਕਰ ਦਿਤੇ ਗਏ ਸੀ. ਪੀ. ਆਈ. ਦੇ ਸਾਥੀਆਂ ਦੀ ਯਾਦ ਵਿਚ ਰਖੇ ਗਏ ਇਕੱਠਾਂ ਨੂੰ ਕਸਬਾ ਤਰਨਤਾਰਨ, ਪੱਟੀ ਅਤੇ ਪਿੰਡ ਚੀਮਾਂ ਬਾਠ (ਨੇੜੇ ਰਈਆ) ਵਿਖੇ ਸੰਬੋਧਨ ਕੀਤਾ ਸੀ। ਇਹਨਾਂ ਸਮਾਗਮਾਂ ਵਿਚ ਉਹਨਾਂ ਨੇ ਪੰਜਾਬ ਦੀ ਅਤਿਵਾਦੀ-ਵਖਵਾਦੀ ਲਹਿਰ ਦਾ ਵੀ ਵਿਸ਼ਲੇਸ਼ਨ ਕੀਤਾ ਸੀ ਅਤੇ ਖਾਲਿਸਤਾਨੀ ਨਾਹਰੇ ਦਾ ਵੀ।

ਅਤਿਵਾਦੀ-ਵੱਖਵਾਦੀ ਸ਼ਕਤੀਆਂ ਵਿਰੁਧ ਚਲਦੀ ਆ ਰਹੀ ਸੁਬਾਗੀਰ ਮੁਹਿਮ ਵਿਚ ਆਪਣਾ ਹਿਸਾ ਪਾਉਣ ਤੋਂ ਬਿਨਾਂ ਸਾਥੀ ਦਰਸ਼ਨ ਸਿੰਘ ਕੈਨੇਡੀਅਨ ਆਪਣੀ ਮੰਦੀ ਸਿਹਤ ਦੇ ਬਾਵਜੂਦ ਆਪਣੇ ਇਲਾਕੇ ਵਿਚ ਵੀ ਇਹਨਾਂ ਤੱਤਾਂ ਵਿਰੁਧ ਸਰਗਰਮ ਮੁਹਿੰਮ ਚਲਾਉਂਦੇ ਆ ਰਹੇ ਸਨ। ਜਦੋਂ ਇਕ ਹੀ ਫਿਰਕੇ ਦੇ ਲੋਕਾਂ ਨੂੰ ਕਤਲ ਕਰਨ ਦੀਆਂ ਘਟਨਾਵਾਂ ਕਾਰਨ ਸ਼ਹਿਰਾਂ ਤੇ ਕਸਬਿਆਂ ਵਿਚ ਕੁਝ ਸ਼ਰਾਰਤੀ ਤੱਤਾਂ ਵਲੋਂ ਫਿਰਕੂ ਖਿਚਾਅ ਵਧਾਉਣ ਦੀ ਕੋਸ਼ਿਸ਼ ਕੀਤੀ ਗਈ ਤਾਂ ਸਾ: ਦਰਸ਼ਨ ਸਿੰਘ ਕੈਨੇਡੀਅਨ ਨੇ ਹੋਰ ਖੱਬੀਆਂ ਤੇ ਨਰੋਈਆਂ ਸ਼ਕਤੀਆਂ ਨਾਲ ਮਿਲ ਕੇ ਫਿਰਕੂ ਏਕਤਾ ਤੇ ਅਮਨ ਦੀ ਡਟਕੇ ਰਾਖੀ ਕੀਤੀ।

ਗੱਲ ਕੀ ਸਾਥੀ ਦਰਸ਼ਨ ਸਿੰਘ ਕੈਨੇਡੀਅਨ ਅਤਿਵਾਦੀ-ਵਖਵਾਦੀ ਤੱਤਾਂ ਵਿਰੁੱਧ ਮੁਹਿਮ ਵਿਚ ਮੋਹਰੇ ਹੋ ਕੇ ਆ ਰਹੇ ਸਨ ਅਤੇ ਕਿਸੇ ਵੀ ਕਿਸਮ ਦਾ ਡਰ ਭੈਅ ਉਹਨਾਂ ਦੀ ਖੱਲੜੀ ਵਿਚ ਨਹੀਂ ਸੀ।

ਅਤਿਵਾਦੀ-ਵੱਖਵਾਦੀ ਸ਼ਕਤੀਆਂ ਵਿਰੁਧ ਇਸ ਤਰ੍ਹਾਂ ਹਰ ਫਰੰਟ ਉਤੇ ਦ੍ਰਿੜ ਲੜਾਈ ਦੇਣ ਨੂੰ ਮੁਖ ਰਖਦਿਆਂ ਉਹ ਇਹਨਾਂ ਸ਼ਕਤੀਆਂ ਨੂੰ ਡਾਢੇ ਚੁਭਦੇ ਚਲੇ ਆ ਰਹੇ ਸਨ। ਇਹੋ ਕਾਰਨ ਸੀ ਕਿ ਇਹਨਾਂ ਨੇ ਮੌਕਾ ਤਾੜ ਕੇ ਉਹਨਾਂ ਉਤੇ ਵਾਰ ਕੀਤਾ ਤੇ ਉਹਨਾਂ ਨੂੰ ਸ਼ਹੀਦ ਕਰ ਦਿਤਾ।

ਸਾਥੀ ਦਰਸ਼ਨ ਸਿੰਘ ਕੈਨੇਡੀਅਨ ਦਹਿਸ਼ਤਗਰਦੀ ਵਿਰੁਧ ਸਰਗਰਮ ਲੜਾਈ ਲੜਦਿਆਂ ਸੂਰਮਿਆਂ ਦੀ ਮੌਤ ਮਰੇ ਹਨ।

ਦਹਿਸ਼ਤਗਰਦੀ ਵਿਰੁਧ ਸੀ. ਪੀ. ਆਈ. ਵਲੋਂ ਜਿਹੜੀ ਨਿਰੰਤਰ ਲੜਾਈ ਦਿਤੀ ਜਾ ਰਹੀ ਹੈ ਉਸ ਵਿਚ ਸ਼ਹੀਦ ਹੋਣ ਵਾਲੇ ਸਾਥੀਆਂ ਦੀ ਸੂਚੀ ਉਹਨਾਂ ਦਾ ਨੰਬਰ ਭਾਵੇਂ ਸੋਲਵਾਂ ਹੈ ਪਰ ਉਹ ਸੀ. ਪੀ. ਆਈ. ਦੇ ਪਹਿਲੀ ਸਫਾ ਦੇ ਆਗੂਆਂ ਵਿਚੋਂ ਸੀ।

ਸਾਥੀ ਦਰਸ਼ਨ ਸਿੰਘ ਕੈਨੇਡੀਅਨ ਆਪਣੇ ਪਿਆਰੇ ਵਤਨ ਦੀ ਆਜ਼ਾਦੀ ਲਈ ਦੇਸ਼ ਵਿਚ ਵੀ ਜੂਝੇ ਅਤੇ ਬਦੇਸ਼ਾਂ ਵਿਚ ਵੀ।

1947 ਵਿਚ ਆਪ ਭਾਰਤ ਵਾਪਸ ਆ ਗਏ, ਏਧਰ ਆਉਣ ਤੇ ਕਾਂਗਰਸ ਸਰਕਾਰ ਨੇ ਆਪ ਦੇ ਗ੍ਰਿਫਤਾਰੀ ਵਾਰੰਟ ਜਾਰੀ ਕਰ ਦਿਤੇ ਪਰ ਆਪ ਪੁਲਸ ਦੇ ਹੱਥ ਨਾ ਆਏ ਅਤੇ ਚਾਰ ਸਾਲ ਗੁਪਤਵਾਸ ਰਹਿਕੇ ਕਮਿਊਨਿਸਟ ਲਹਿਰ ਵਿਚ ਕੰਮ ਕੀਤਾ।

ਸਾਥੀ ਕੈਨੇਡੀਅਨ 1951 ਤੋਂ 1963 ਤੱਕ ਕਮਿਊਨਿਸਟ ਪਾਰਟੀ ਦੀ ਜਲੰਧਰ ਜ਼ਿਲਾ ਕਮੇਟੀ ਦੇ ਸੈਕਟਰੀ ਰਹੇ।

1963 ਤੋਂ ਲੈ ਕੇ 1986 ਤੱਕ ਸੀ. ਪੀ. ਆਈ. ਦੀ ਸੂਬਾ ਕੌਂਸਲ ਦੇ ਮੈਂਬਰ ਅਤੇ 1964 ਤੋਂ 1980 ਤੱਕ ਸੀ. ਪੀ. ਆਈ. ਦੀ ਕੌਮੀ ਕੌਂਸਲ ਦੇ ਮੈਂਬਰ ਰਹੇ।

ਸਾਥੀ ਦਰਸ਼ਨ ਸਿੰਘ 1968 ਤੋਂ 1971 ਤੱਕ ਸੀ. ਪੀ. ਆਈ. ਦੀ ਪੰਜਾਬ ਰਾਜ ਕੌਂਸਲ ਦੇ ਸੈਕਟਰੀ ਰਹੇ।

ਸਾਥੀ ਦਰਸ਼ਨ ਸਿੰਘ ਕੈਨੇਡੀਅਨ ਸਿਰੜੀ ਅਤੇ ਸੂਝਵਾਨ ਕਮਿਊਨਿਸਟ

ਬਾਕੀ ਪੰਨਾ 20 ਉਤੇ


This time



MIKE VILLENEUVE
White Rock - Cloverdale

JOAN SMALLWOOD
Guildford - Whalley

BOB BOSE
Newton

New Democrats

ਸਰੀ ਦੇ ਲੋਕਾਂ ਦੀ ਆਵਾਜ਼

ਸਾਡੀ ਮੁਹਿੰਮ ਵਿਚ ਹਿਸਾ ਪਾਓ

MIKE VILLENEUVE
1189 Johnston Road
WHITE ROCK - CLOVERDALE
588-3227

JOAN SMALLWOOD
#143-10090 - 152 Street
GUILDFORD - WHALLEY
581-8989

BOB BOSE
7222 King George Hwy.
NEWTON
591-1221

ਪੰਨਾ 17 ਦੀ ਬਾਕੀ

ਨੇਤਾ ਹੋਣ ਦੇ ਨਾਲ ਨਾਲ ਚੰਗੇ ਲਿਖਾਰੀ ਅਤੇ ਵਧੀਆ ਜਨਤਕ ਬੁਲਾਰੇ ਵੀ ਸਨ। ਆਪ ਦੀ ਤਕਰੀਰ ਦਾ ਹੁਨਰ ਏਨਾ ਕਮਾਲ ਦਾ ਸੀ ਕਿ ਸਰੋਤਿਆਂ ਨੂੰ ਕੀਲ ਲੈਂਦੇ ਸਨ।

ਸਾਥੀ ਕੈਨੇਡੀਅਨ ਕੁਝ ਸਮਾਂ ਪਹਿਲਾਂ ਬਦੇਸ਼ਾਂ ਵਿਚ ਗਏ ਤੇ ਉਥੇ ਖਾਲਿਸਤਾਨ ਦਹਿਸ਼ਤਗਰਦਾਂ ਵਿਰੁਧ ਜ਼ੋਰਦਾਰ ਆਵਾਜ਼ ਉਚੀ ਕੀਤੀ ਅਤੇ ਉਥੇ ਵਸਦੇ ਭਾਰਤੀਆਂ ਨੂੰ ਵੱਖਵਾਦੀ ਦਹਿਸ਼ਤਗਰਦੀ ਵਿਰੁਧ ਮੈਦਾਨ ਵਿਚ ਨਿਤਰਨ ਲਈ ਪ੍ਰੇਰਿਆ।

ਇਸ ਤਰ੍ਹਾਂ ਦਾ ਸੰਗਰਾਮੀਆ ਅਤੇ ਸੰਘਰਸ਼-ਸ਼ੀਲ ਜੀਵਨ ਸੀ ਸਾਥੀ ਦਰਸ਼ਨ ਸਿੰਘ ਕੈਨੇਡੀਅਨ ਦਾ।

ਸਾਥੀ ਦਰਸ਼ਨ ਸਿੰਘ ਕੈਨੇਡੀਅਨ ਨੂੰ ਅਤਿਵਾਦੀ-ਵਖਵਾਦੀ ਤੱਤਾਂ ਵਲੋਂ ਗੋਲੀਆਂ ਦਾ ਨਿਸ਼ਾਨਾ ਬਨਾਉਣਾ ਇਸ ਤੱਥ ਨੂੰ ਹੋਰ ਵੀ ਉਘਾੜਕੇ ਸਾਹਮਣੇ ਲਿਆਉਂਦਾ ਹੈ ਕਿ ਇਹ ਤੱਤ ਆਪਣੀ ਯੁੱਧ-ਨੀਤੀ ਵਿਚ ਜਿਥੇ ਹੋਰ ਵਿਰੋਧ ਕਰਨ ਵਾਲੀਆਂ ਸ਼ਕਤੀਆਂ ਨੂੰ ਨਿਸ਼ਾਨਾ ਬਣਾ ਰਹੇ ਹਨ ਉਥੇ ਇਹ ਕਮਿਊਨਿਸਟ ਲਹਿਰ ਵਲੋਂ ਸਿਆਸੀ ਸਿਧਾਂਤਕ ਵਿਰੋਧ ਜਨਤਕ ਪੱਧਰ ਤੇ ਤਿੱਖਾ ਹੋਣ ਕਾਰਨ ਇਸ ਦੇ ਆਗੂਆਂ ਨੂੰ ਵੀ ਆਪਣਾ ਨਿਸ਼ਾਨਾ ਬਣਾ ਰਹੇ ਹਨ। ਇਸ ਅਵਸਥਾ ਵਿਚ ਅਤਿਵਾਦੀ-ਵੱਖਵਾਦੀ ਤੱਤਾਂ ਵਿਰੁਧ ਜਨਤਕ ਪੱਧਰ ਤੇ ਲਾਮਬੰਦੀ ਕਰਨ ਦੇ ਨਾਲ ਨਾਲ ਹੋਰ ਸਾਰੇ ਹੀ ਲੋੜੀਂਦੇ ਕਦਮ ਪੁਟੇ ਜਾਣੇ ਚਾਹੀਦੇ ਹਨ ਅਤੇ ਲੋੜੀਂਦੀ ਚੌਕਸੀ ਵੀ ਵਧਾਈ ਜਾਣੀ ਚਾਹੀਦੀ ਹੈ।

ਸਾਥੀ ਦਰਸ਼ਨ ਸਿੰਘ ਕੈਨੇਡੀਅਨ ਦਾ ਵਿਛੋੜਾ ਕੇਵਲ ਸੀ. ਪੀ. ਆਈ. ਲਈ ਹੀ ਵੱਡਾ ਘਾਟਾ ਨਹੀਂ, ਸਗੋਂ ਉਹਨਾਂ ਦੀ ਸ਼ਹਾਦਤ ਨਾਲ ਜਮਹੂਰੀ ਲਹਿਰ ਇਕ ਜੁਝਾਰੂ ਸੰਗਰਾਮੀਆਂ ਖੋਹ ਬੈਠੀ ਹੈ ਜਿਸਨੇ ਨਾਂ ਕੇਵਲ ਸੂਬੇ ਦੀ ਧਰਤੀ ਉਤੇ ਚਲੇ ਕਿਸਾਨਾਂ ਮਜ਼ਦੂਰਾਂ ਅਤੇ ਹੋਰ ਮਿਹਨਤੀਆਂ ਦੇ ਸੰਗਰਾਮਾਂ ਵਿਚ ਹੀ ਆਗੂ ਰੋਲ ਅਦਾ ਕੀਤਾ ਸਗੋਂ ਉਹ ਪੰਜਾਬ ਵਿਚ ਅਤਿਵਾਦੀ-ਵੱਖਵਾਦੀ ਤੱਤਾਂ ਵਿਰੁੱਧ ਲੜੇ ਜਾ ਰਹੇ ਸੰਗਰਾਮ ਵਿਚ ਵੀ ਅਹਿਮ ਰੋਲ ਅਦਾ ਕਰ ਰਹੇ ਸਨ।

ਇਸ ਤਰ੍ਹਾਂ ਉਹਨਾਂ ਦੀ ਘਾਟ ਲੰਮੇ ਸਮੇਂ ਤੱਕ ਮਹਿਸੂਸ ਕੀਤੀ ਜਾਵੇਗੀ। ਪਰ ਸੂਬੇ ਅੰਦਰ ਸਾਮਰਾਜੀ ਸ਼ਹਿ ਤੇ ਮਦਦ ਪ੍ਰਾਪਤ ਅਤਿਵਾਦੀ-ਵਖਵਾਦੀ ਸ਼ਕਤੀਆਂ ਵਿਰੁਧ ਜਿਹੜਾ ਸੰਗਰਾਮ ਲੜਿਆ ਜਾ ਰਿਹਾ ਹੈ ਉਸ ਵਿਚ ਅਹਿਮ ਰੋਲ ਅਦਾ ਕਰਦਿਆਂ ਜਿਹੜੀ ਸ਼ਹਾਦਤ ਉਹਨਾਂ ਨੇ ਪਾਈ ਹੈ ਉਸ ਕਾਰਨ ਉਹਨਾਂ ਦਾ ਨਾਂ ਇਕ ਲਹਿਰ ਵਿਰੁਧ ਸੰਗਰਾਮ ਦੇ ਇਤਿਹਾਸ ਵਿਚ ਸਦਾ ਉਭਰਵਾਂ ਰਹੇਗਾ।

ਸਾਥੀ ਦਰਸ਼ਨ ਸਿੰਘ ਕੈਨੇਡੀਅਨ ਨੂੰ ਸੱਚੀ ਸ਼ਰਧਾਂਜਲੀ ਏਹੀ ਹੋ ਸਕਦੀ ਹੈ ਕਿ ਅਸੀਂ ਅਤਿਵਾਦੀ-ਵੱਖਵਾਦੀ ਸ਼ਕਤੀਆਂ ਵਿਰੁਧ ਜਿੰਨਾਂ ਨੂੰ ਬਦੇਸ਼ੀ ਸ਼ਹਿ ਤੇ ਮਦਦ ਪ੍ਰਾਪਤ ਹੈ ਸੰਘਰਸ਼ ਨੂੰ ਹਰ ਪੱਧਰ ਉਤੇ ਤਿਖਾ ਕਰੀਏ ਤੇ ਇਸ ਨੂੰ ਇਕ ਵਿਸ਼ਾਲ ਜਨਤਕ ਸੰਘਰਸ਼ ਬਣਾਈਏ।

ਇਹਨਾਂ ਸ਼ਬਦਾਂ ਨਾਲ ਅਸੀਂ ਸ਼ਹੀਦ ਸਾਥੀ ਨੂੰ ਸ਼ਰਧਾਂਜਲੀ ਭੇਂਟ ਕਰਦੇ ਹਾਂ ਅਤੇ ਦੇਸ਼-ਦੁਸ਼ਮਣ ਅਤਿਵਾਦੀ-ਵਖਵਾਦੀ ਸ਼ਕਤੀਆਂ ਵਿਰੁਧ ਸੰਗਰਾਮ ਵਿਚ ਵਧ ਚੜ੍ਹਕੇ ਭਾਗ ਪਾਉਣ ਦਾ ਅਹਿਦ ਕਰਦੇ ਹਾਂ।



ਸੰਸਕਾਰ ਸਮੇਂ ਜੁੜੇ ਹਜ਼ਾਰਾਂ ਲੋਕਾਂ ਦੇ ਇਕ ਹਿਸੇ ਦਾ ਦ੍ਰਿਸ਼. ਸਾਹਮਣੇ ਕਾਮਰੇਡ ਕੈਨੇਡੀਅਨ ਦੀ ਫੁਲਾਂ ਨਾਲ ਲਦੀ ਦੇਹ.

ਸ਼ਹੀਦ ਸਾਥੀ ਦਰਸ਼ਨ ਸਿੰਘ ਕੈਨੇਡੀਅਨ ਦਾ ਨਾਉਂ ਸਦਾ ਅਮਰ ਰਹੇਗਾ, ਰੌਸ਼ਨ ਸਿਤਾਰੇ ਵਾਂਗ ਚਮਕਦਾ ਰਹੇਗਾ।

* * * *

27 ਸਤੰਬਰ ਦੀ ਜੱਗਬਾਣੀ ਦਾ ਹਿੰਦੂ-ਸਿੱਖ ਏਕਤਾ ਦਾ ਝੰਡਾ ਬਰਦਾਰ ਕਾਮਰੇਡ ਕੈਨੇਡੀਅਨ ਦੇ ਸਿਰਲੇਖ ਹੇਠ ਸੰਪਾਦਕੀ :

ਪੰਜਾਬ ਪੁਲਸ ਦੇ ਡਾਇਰੈਕਟਰ ਜਨਰਲ ਸ੍ਰੀ ਜੇ. ਐਫ. ਰਿਬੇਰੋ, ਸੀ. ਆਰ. ਪੀ. ਐਫ. ਦੇ ਮੁਖੀ ਸ੍ਰੀ ਕੇ. ਪੀ. ਐਸ. ਗਿੱਲ ਅਤੇ ਉਹਨਾਂ ਦੀ ਟੀਮ ਦੀ ਕਾਰਕਰਦਗੀ ਨਾਲ ਪੰਜਾਬ ਦੇ ਹਾਲਾਤ ਵਿਚ ਜਿਹੜਾ ਠਹਿਰਾਅ ਆਇਆ ਸੀ ਉਸ ਨੂੰ ਮੁਖ ਰਖਦਿਆਂ ਹੋਇਆਂ ਦਹਿਸ਼ਤਪਸੰਦਾਂ ਨੇ ਹੁਣ ਫੇਰ ਆਪਣੀ ਰਣਨੀਤੀ ਬਦਲ ਲਈ ਹੈ ਅਤੇ ਹੁਣ ਉਹ ਚੁਣ ਚੁਣ ਕੇ ਲੋਕਾਂ ਨੂੰ ਮਾਰ ਰਹੇ ਹਨ।

ਜਿਹੜੇ ਲੋਕ ਪਿਛਲੇ ਪੰਜ ਸਾਲਾਂ ਤੋਂ ਪੰਜਾਬ ਦੇ ਇਸ ਖੂਨੀ ਦੌਰ ਨੂੰ ਵੇਖਦੇ ਰਹੇ ਹਨ, ਉਹਨਾਂ ਨੂੰ ਇਥੋਂ ਦੀਆਂ ਘਟਨਾਵਾਂ ਵਿਚ ਆਉਣ ਵਾਲੇ ਉਤਰਾਅ ਚੜ੍ਹਾਅ ਨੂੰ ਵੇਖਕੇ ਆਉਣ ਵਾਲੇ ਦਿਨਾਂ ਦੀ ਪੋਜ਼ੀਸ਼ਨ ਦਾ ਪਤਾ ਪਹਿਲਾਂ ਹੀ ਲਗ ਜਾਂਦਾ ਹੈ ਅਤੇ ਤੱਥ ਗਵਾਹ ਹਨ ਕਿ 25 ਸਤੰਬਰ ਨੂੰ ਹੀ ਭਾਰਤੀ ਕਮਿਊਨਿਸਟ ਪਾਰਟੀ ਦੇ ਸਰਕਰਦਾ ਨੇਤਾ ਅਤੇ ਪੰਜਾਬ ਦੇ ਸਾਬਕਾ ਐਮ. ਐਲ. ਏ. ਸ੍ਰੀ ਦਰਸ਼ਨ ਸਿੰਘ ਕੈਨੇਡੀਅਨ ਦੀ ਹਤਿਆ ਨਾਲ ਪੰਜਾਬ ਦੀ ਧਰਤੀ ਇਕ ਵਾਰੀ ਫੇਰ ਲਹੂ ਲੁਹਾਨ ਹੋ ਗਈ ਹੈ।

ਸ੍ਰੀ ਦਰਸ਼ਨ ਸਿੰਘ ਕੈਨੇਡੀਅਨ ਦੀ ਹਤਿਆ ਨੇ ਪੰਜਾਬ ਅਤੇ ਭਾਰਤ ਮਾਤਾ ਦੀ ਗੋਦ ਇਕ ਅਜਿਹੇ ਇਮਾਨਦਾਰ ਅਤੇ ਦੇਸ਼ ਭਗਤ ਸਪੂਤ ਤੋਂ ਖਾਲੀ ਕਰ ਦਿਤੀ ਹੈ ਜਿਸ ਨੇ ਹਮੇਸ਼ਾਂ ਹੀ ਹਿੰਦੂ-ਸਿਖ ਏਕਤਾ, ਪੰਜਾਬ ਦੇ ਅਮਨ ਅਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਦਾ ਪਰਚਮ ਪੂਰੀ ਮਜ਼ਬੂਤੀ ਨਾਲ ਚੁਕੀ ਰਖਿਆ

ਅਸਾਂ ਬਾਰ ਬਾਰ ਇਸ ਗੱਲ ਦਾ ਜ਼ਿਕਰ ਕੀਤਾ ਹੈ ਕਿ ਪੰਜਾਬ ਦੇ ਮਾਮਲੇ ਵਿਚ 1981 ਤੋਂ ਹੁਣ ਤੱਕ ਜੇ ਕਿਸੇ ਪਾਰਟੀ ਨੇ ਸਿੱਧਾ ਅਤੇ ਸਾਫ ਸੁਥਰਾ ਰੋਲ ਅਦਾ ਕੀਤਾ ਹੈ ਅਤੇ ਠੀਕ ਦ੍ਰਿਸ਼ਟੀਕੋਨ ਅਪਣਾਇਆ ਹੈ ਤਾਂ ਉਹ ਪੰਜਾਬ ਦੀ ਭਾਰਤੀ ਕਮਿਊਨਿਸਟ ਪਾਰਟੀ ਹੀ ਹੈ। ਇਸ ਪਾਰਟੀ ਨੇ ਹਮੇਸ਼ਾਂ ਹੀ ਕਿਹਾ ਹੈ ਕਿ ਪੰਜਾਬ ਦੀ ਲੜਾਈ ਨੂੰ ਕਿਸੇ ਇਕ ਫਿਰਦੇ ਦੀ ਲੜਾਈ ਨਾ ਬਣਾਓ ਸਗੋਂ ਉਸ ਨੂੰ ਗੁਰਦੁਆਰਿਆਂ ਵਿਚੋਂ ਕੱਢ ਕੇ ਸਾਰੇ ਪੰਜਾਬੀਆਂ ਦੀ ਲੜਾਈ ਬਣਾਓ।

ਬਾਕੀ ਪੰਨਾ 21 ਉਤੇ




ਇਹ ਸਮਾਂ ਹੈ ................

- ਦੂਜੀ ਭਾਸ਼ਾ ਦੀਆਂ ਸੇਵਾਵਾਂ ਹਾਸਲ ਕਰਨ ਦਾ
- ਘੱਟੋ ਘੱਟ ਚੰਗੀ ਉਜਰਤ ਲੈਣ ਦਾ
- ਫਾਰਮ ਵਰਕਰਾਂ ਅਤੇ ਘਰੇਲੂ ਕਾਮਿਆਂ ਨੂੰ ਵਰਕਰਜ਼ ਕੰਪਨਜ਼ੇਸ਼ਨ ਤੇ ਇੰਪਲਾਇਮਿੰਟ ਸਟੈਂਡਰਡਜ਼ ਪ੍ਰੋਟੈਕਸ਼ਨ ਵਿਚ ਲਿਆਉਣ ਦਾ
- ਵੱਧ ਤੋਂ ਵੱਧ ਵਿਦਿਆ ਦੇ ਮੌਕੇ ਅਤੇ ਵਿਦਿਆਰਥੀਆਂ ਦੀ ਮੱਦਦ ਲਈ ਪ੍ਰੋਗਰਾਮਾਂ ਦਾ

ਇਹ ਸਮਾਂ 22 ਅਕਤੂਬਰ ਨੂੰ ਹੈ ....

ਵੋਟ ਪਾਓ

| | |
|---|---|
| CRAIG, Gavin New Democrat(NDP) | X |
| DUVALL, Elain New Democrat(NDP) | X |

New Democrats
Building Our Future Together!

ਕੰਪੇਨ ਦਫ਼ਤਰ — 6438 Main St. 325-2280

(ਪੰਨਾ 20 ਦੀ ਬਾਕੀ)

ਏਨਾ ਹੀ ਨਹੀਂ ਸਗੋਂ ਪੰਜਾਬ ਦੀ ਭਾਰਤੀ ਕਮਿਊਨਿਸਟ ਪਾਰਟੀ ਹੀ ਉਹ ਪਾਰਟੀ ਹੈ ਜਿਸ ਨੇ ਪੰਜਾਬ ਨੂੰ ਅਤੇ ਇਸ ਦੇਸ਼ ਨੂੰ ਦੁਸ਼ਮਣਾਂ ਦੀਆਂ ਸਾਜ਼ਸ਼ਾਂ ਤੋਂ ਬਚਾਉਣ ਲਈ ਪੂਰੀ ਹਿੰਮਤ ਅਤੇ ਦਲੇਰੀ ਨਾਲ ਥਾਂ ਥਾਂ ਅਮਨ ਮਾਰਚ ਵੀ ਕੀਤੇ, ਵਿਖਾਵੇ ਵੀ ਕੀਤੇ ਅਤੇ ਇਕੱਠ ਵੀ ਕੀਤੇ। ਇਸ ਦਾ ਨਤੀਜਾ ਇਹ ਹੋਇਆ ਕਿ ਇਸ ਪਾਰਟੀ ਦੇ ਨੇਤਾਵਾਂ ਅਤੇ ਵਰਕਰਾਂ ਨੇ ਹੀ ਆਪਣੇ ਪ੍ਰਾਣਾਂ ਦੀਆਂ ਸਭ ਤੋਂ ਵੱਧ ਆਹੂਤੀਆਂ ਪੰਜਾਬ ਨੂੰ ਬਚਾਉਣ ਲਈ ਦਿਤੀਆਂ ਅਤੇ ਸ੍ਰ: ਦਰਸ਼ਨ ਸਿੰਘ ਕੈਨੇਡੀਅਨ ਸਮੇਤ ਹੁਣ ਤੱਕ 16 ਕਮਿਊਨਿਸਟ ਨੇਤਾ ਅਤੇ ਵਰਕਰ ਇਸ ਸੰਘਰਸ਼ ਵਿਚ ਸ਼ਹੀਦ ਹੋ ਗਏ।

ਇਸ ਮੌਕੇ ਤੇ ਅਸੀਂ ਪੰਜਾਬ ਦੇ ਡਾਇਰੈਕਟਰ ਜਨਰਲ ਸ੍ਰੀ ਜੇ. ਐਫ. ਰਿਬੇਰੋ ਨੂੰ ਵੀ ਕਹਿਣਾ ਚਾਹਾਂਗੇ ਕਿ ਜਿਥੇ ਉਹਨਾਂ ਨੇ ਦੂਜੇ ਖਾਸ ਖਾਸ ਲੋਕਾਂ ਦੀ ਸੁਰੱਖਿਆ ਦਾ ਪ੍ਰਬੰਧ ਕੀਤਾ ਹੈ, ਉਥੇ ਉਹ ਕਮਿਊਨਿਸਟ ਨੇਤਾਵਾਂ ਅਤੇ ਵਰਕਰਾਂ ਦੀ ਸੁਰਖਿਆ ਦੇ ਪ੍ਰਬੰਧ ਤੇ ਵੀ ਮੁੜ ਵਿਚਾਰ ਕਰਨ ਅਤੇ ਇਸ ਗੱਲ ਨੂੰ ਯਕੀਨੀ ਬਨਾਣ ਕਿ ਜਿਹੜੇ ਕਮਿਊਨਿਸਟ ਪਿੰਡ-ਪਿੰਡ ਜਾ ਕੇ ਲੋਕਾਂ ਦਾ ਹੌਂਸਲਾ ਵਧਾ ਰਹੇ ਹਨ, ਉਹਨਾਂ ਨੂੰ ਸਹੀ ਦਿਸ਼ਾ ਦੇ ਰਹੇ ਹਨ ਅਤੇ ਨਿੱਹਥੇ ਹੀ ਦਹਿਸ਼ਤਪਸੰਦਾਂ ਨਾਲ ਜੂਝ ਰਹੇ ਹਨ, ਉਹਨਾਂ ਦੀ ਜਾਨ ਨੂੰ ਕਿਸੇ ਤਰ੍ਹਾਂ ਦਾ ਕੋਈ ਨੁਕਸਾਨ ਅਗੋਂ ਨਾ ਹੋਵੇ।

ਇਸੇ ਪਾਰਟੀ ਦੇ ਵਰਕਰ ਪੂਰੀ ਨਿਸ਼ਠਾ ਨਾਲ ਸਿਰ ਤਲੀ ਤੇ ਰਖਕੇ ਹਿੰਦੂ-ਸਿਖ ਏਕਤਾ ਨੂੰ ਹਾਲੇ ਵੀ ਕਾਇਮ ਰੱਖਣ ਲਈ ਸਰਗਰਮ ਹਨ ਅਤੇ ਇਸਦੇ ਲਈ ਕੋਸ਼ਿਸ਼ ਕਰ ਰਹੇ ਹਨ। ਜਿਸ ਤੇਜ਼ੀ ਨਾਲ ਕਮਿਊਨਿਸਟ ਵਰਕਰਾਂ ਅਤੇ ਨੇਤਾਵਾਂ ਦੀਆਂ ਹਤਿਆਵਾਂ ਹੋ ਰਹੀਆਂ ਹਨ ਜੇ ਉਸ ਨੂੰ ਤੁਰੰਤ ਹੀ ਨਾ ਰੋਕਿਆ ਗਿਆ ਤਾਂ ਉਹਨਾਂ ਪਿਛੋਂ ਸ਼ਾਇਦ ਹੀ ਕੋਈ ਏਨੇ ਹੌਂਸਲੇ ਨਾਲ ਹਿੰਦੂਆਂ-ਸਿਖਾਂ ਨੂੰ ਇਕ ਪਲੇਟਫਾਰਮ ਤੇ ਲਿਆਉਣ ਅਤੇ ਦਹਿਸ਼ਤਪਸੰਦਾਂ ਨਾਲ ਜੂਝਣ ਦਾ ਕੰਮ ਕਰ ਸਕੇਗਾ।

* * * *

27 ਸਤੰਬਰ ਦੇ ਪੰਜਾਬੀ ਟਰਿਬਿਊਨ ਦਾ "ਸਦਭਾਵਨਾ ਦੀ ਹਤਿਆ" ਦੇ ਸਿਰਲੇਖ ਹੇਠ ਸੰਪਾਦਕੀ :

ਉਘੇ ਕਮਿਊਨਿਸਟ ਨੇਤਾ ਸ੍ਰੀ ਦਰਸ਼ਨ ਸਿੰਘ ਕੈਨੇਡੀਅਨ ਦੀ ਹਤਿਆ ਤੋਂ ਦੋ ਮਹੱਤਵਪੂਰਨ ਨੁਕਤੇ ਮਿਲਦੇ ਹਨ। ਪਹਿਲਾ ਇਹ ਕਿ ਪੰਜਾਬ ਪੁਲਸ ਦੇ ਡਾਇਰੈਕਟਰ ਜਨਰਲ ਸ੍ਰੀ ਰਿਬੇਰੋ ਦਾ, ਦਹਿਸ਼ਤਪਸੰਦ ਕਾਰਵਾਈਆਂ ਨੂੰ ਠਲ੍ਹ ਪਾਉਣ ਦਾ ਦਾਅਵਾ ਏਨਾ ਠੀਕ ਨਹੀਂ, ਦੂਜਾ ਦਹਿਸ਼ਤਪਸੰਦ ਸ਼ਕਤੀਆਂ ਘਟ ਗਿਣਤੀ ਫਿਰਕੇ ਵਿਚ ਦਹਿਸ਼ਤ ਫੈਲਾਉਣ ਦੇ ਨਾਲ ਨਾਲ ਉਹਨਾਂ ਲੋਕਾਂ ਦਾ ਲਕ ਤੋੜਨ ਤੇ ਆ ਗਈਆਂ ਹਨ ਜਿਹਨਾਂ ਨੂੰ ਉਹਨਾਂ ਦੀਆਂ ਕਾਰਵਾਈਆਂ ਪਰਵਾਨ ਨਹੀਂ।

ਉਹ ਪਿਛਲੇ ਕਈ ਸਾਲਾਂ ਤੋਂ ਕਮਿਊਨਿਸਟ ਨੀਤੀਆਂ ਦੇ ਸਿਰਕੱਢ ਸਮਰਥਕ ਚਲੇ ਆ ਰਹੇ ਸਨ ਜਿਸ ਦੇ ਪ੍ਰਸੰਗ ਵਿਚ ਹਾਲ ਵਿਚ ਹੀ ਕਮਿਊਨਿਸਟ ਪਾਰਟੀ ਨੇ ਚੰਡੀਗੜ੍ਹ ਵਿਚ ਮੁਜ਼ਾਹਰਾ ਕਰਕੇ ਇਹ ਵਚਨ ਵੀ ਲਿਆ ਸੀ ਕਿ ਪਾਰਟੀ ਧਰਮ ਨਿਰਪੇਖ ਕੀਮਤਾਂ ਦੀ ਰਾਖੀ ਕਰੇਗੀ ਅਤੇ ਇਸ ਮੰਤਵ ਲਈ ਪਾਰਟੀ ਨੂੰ ਜੋ ਵੀ ਮੁਲ ਤਾਰਨਾ ਪਵੇਗਾ ਤਾਰੇਗੀ। ਸ੍ਰੀ ਕੈਨੇਡੀਅਨ ਦਾ ਸਿਰ ਇਸ ਵਚਨ ਦਾ ਪਹਿਲਾ ਫੁਲ ਕਿਹਾ ਜਾ ਸਕਦਾ ਹੈ। ਸ੍ਰੀ ਦਰਸ਼ਨ ਸਿੰਘ ਕੈਨੇਡੀਅਨ ਦੀ ਸ਼ਖਸੀਅਤ ਉਸ ਸ਼ਕਤੀ ਅਤੇ ਸੋਚ ਦੀ ਤਰਜਮਾਨੀ ਕਰਦੀ ਸੀ ਜਿਸ ਨੂੰ ਦੁਨੀਆਂ ਦੀ ਲਗਭਗ ਅੱਧੀ ਵਸੋਂ ਉਸਾਰੂ ਸੋਚ ਵਜੋਂ ਪ੍ਰਵਾਨ ਕਰ ਚੁਕੀ ਹੈ। ਉਹਨਾਂ ਦੀ ਪੰਜਾਬ ਦੇ ਹਿੰਦੂ ਅਤੇ ਸਿਖਾਂ ਵਿਚ ਹਰਮਨ ਪਿਆਰਤਾ ਹੀ ਇਸ ਗੱਲ ਦਾ ਸਬੂਤ ਹੈ ਕਿ ਉਹ ਕਿਸੇ ਇਕ ਫਿਰਕੇ ਦੇ ਨਾ ਹੋ ਕੇ ਪੰਜਾਬ ਦੇ ਸਮੁਚੇ ਸਭਿਆਚਾਰ ਅਤੇ ਵਿਕਾਸ ਲਈ ਲੜਦੇ ਸਨ। ਸ੍ਰੀ ਕੈਨੇਡੀਅਨ ਦੀ ਹਤਿਆ ਪੰਜਾਬੀਅਤ ਦੀ ਹਤਿਆ ਹੈ।

* * * *

27 ਸਤੰਬਰ ਦੇ ਰੋਜ਼ਾਨਾ ਪ੍ਰਤਾਪ ਨੇ ਸਾਥੀ ਕੈਨੇਡੀਅਨ ਦੀ ਸ਼ਹਾਦਤ 'ਤੇ ਖਾਸ ਸੰਪਾਦਕੀ "ਸ਼ਹੀਦ-ਕੈਨੇਡੀਅਨ" ਦੇ ਸਿਰਲੇਖ ਹੇਠ ਪ੍ਰਕਾਸ਼ਤ ਕੀਤਾ ਹੈ ਮੂਲ ਰੂਪ ਵਿਚ ਦੇ ਰਹੇ ਹਾਂ।

"ਦਹਿਸ਼ਤਗਰਦੀ ਨੇ ਇਕ ਹੋਰ ਦੇਸ਼ ਭਗਤ ਦੀ ਬਲੀ ਲੈ ਲਈ ਹੈ। ਕਮਿਊਨਿਸਟ ਨੇਤਾ ਦਰਸ਼ਨ ਸਿੰਘ ਕੈਨੇਡੀਅਨ ਨੂੰ ਤਿੰਨ ਦਹਿਸ਼ਤਪਸੰਦਾਂ ਨੇ ਮਾਹਿਲਪੁਰ ਨੇੜੇ ਸ਼ਹੀਦ ਕਰ ਦਿਤਾ। ਉਹ ਬਹੁਤ ਸਮੇਂ ਤੋਂ ਦਹਿਸ਼ਤਪਸੰਦਾਂ ਦੀ ਹਿਟ ਲਿਸਟ ਤੇ ਸਨ। ਜਿੰਨੀ ਸਰਗਰਮੀ ਨਾਲ ਉਹ ਦਹਿਸ਼ਤਗਰਦਾਂ ਵਿਰੁਧ ਮੁਹਿੰਮ ਚਲਾ ਰਹੇ ਸਨ ਸ਼ਾਇਦ ਹੀ ਕੋਈ ਹੋਰ ਨੇਤਾ ਚਲਾ ਰਿਹਾ ਹੋਵੇ। ਪਿਛਲੇ ਹਫਤੇ ਉਹਨਾਂ ਅੰਮ੍ਰਿਤਸਰ ਜ਼ਿਲੇ ਵਿਖੇ ਤਿੰਨ ਭਾਸ਼ਣ ਦਿਤੇ ਉਹਨਾਂ ਨੂੰ ਪਤਾ ਸੀ ਕਿ ਦਹਿਸ਼ਤਪਸੰਦ ਉਹਨਾਂ ਦੇ ਪਿਛੇ ਲਗੇ ਹੋਏ ਹਨ। ਪਰ ਇਹ ਉਹਨਾਂ ਲੋਕਾਂ ਵਿਚੋਂ ਸਨ ਜਿਨ੍ਹਾਂ ਦਾ ਵਿਸ਼ਵਾਸ ਸੀ —

ਜਬ ਸੇ ਸੁਣਾ ਹੈ ਮਰਨੇ ਕਾ
ਨਾਮ ਜ਼ਿੰਦਗੀ ਹੈ।
ਸਰ ਪਰ ਕਫਨ ਲਪੇਟੇ
ਕਾਤਲ ਕੋ ਢੂੰਡਤੇ ਹੈਂ।



ਧਮਕੀਆਂ ਦੇ ਬਾਵਜੂਦ ਉਹਨਾਂ ਆਪਣਾ ਇਕ ਵੀ ਪਰੋਗਰਾਮ ਰੱਦ ਨਾ ਕੀਤਾ। ਜਦ ਉਹਨਾਂ ਦੀ ਹਤਿਆ ਕੀਤੀ ਗਈ ਤਾਂ ਇਕਲੇ ਹੀ ਸਾਈਕਲ ਤੇ ਜਾ ਰਹੇ ਸਨ। ਕੋਈ ਗੰਨਮੈਨ ਅਗੇ ਪਿਛੇ ਨਹੀਂ ਸੀ ਉਹ ਵੀ ਚਾਹੁੰਦੇ ਤਾਂ ਅਗੇ ਪਿਛੇ ਜੀਪਾਂ 'ਚ ਗੰਨਮੈਨ ਰਖ ਸਕਦੇ ਸਨ। ਉਹ ਵੀ ਚਾਹੁੰਦੇ ਤਾਂ ਆਪਣੇ ਪ੍ਰੋਗਰਾਮ ਨੂੰ ਖੁਫੀਆ ਰਖ ਸਕਦੇ ਸਨ ਪਰ ਉਹ ਬਹਾਦਰ ਸਨ ਜਿਸ ਬਹਾਦਰੀ ਨਾਲ ਉਹ ਜੀਉਂਦੇ ਰਹੇ ਉਸੇ ਬਹਾਦਰੀ ਨਾਲ ਉਹ ਸ਼ਹੀਦ ਹੋਏ। ਦਹਿਸ਼ਤਪਸੰਦਾਂ ਵਿਰੁਧ ਲੜਾਈ ਬਹੁਤ ਲੰਮੀ ਹੈ ਨਾ ਜਾਣੇ ਕਿੰਨੇ ਲੋਕਾਂ ਨੂੰ ਇਸ ਵਿਚ ਆਪਣੀ ਬਲੀ ਦੇਣੀ ਹੋਵੇਗੀ। ਜਿਥੋਂ ਤੱਕ ਕਮਿਊਨਿਸਟਾਂ ਦਾ ਸੁਆਲ ਹੈ, ਇਹਨਾਂ ਦੀਆਂ ਆਹੂਤੀਆਂ ਪਹਿਲਾਂ ਵੀ ਬਹੁਤ ਹੋ ਚੁਕੀਆਂ ਹਨ। ਇਸ ਤੋਂ ਪਹਿਲਾਂ 15 ਕਮਿਊਨਿਸਟ ਨੇਤਾ ਸ਼ਹੀਦ ਹੋ ਚੁਕੇ ਹਨ ਪਰ ਇਸ ਦੇ ਬਾਵਜੂਦ ਇਹਨਾਂ ਦਹਿਸ਼ਤਪਸੰਦੀ ਵਿਰੁਧ ਮੁਹਿੰਮ ਪੂਰੇ ਜ਼ੋਰ ਨਾਲ ਚਾਲੂ ਰਖੀ ਹੋਈ ਹੈ। ਅਸਲ ਵਿਚ ਪੰਜਾਬ ਦੇ ਇਸ ਬਾਰੇ ਬਦਕਿਸਮਤ ਘਟਨਾਕਰਮ ਵਿਚ ਕਮਿਊਨਿਸਟ ਪਾਰਟੀ ਦਾ ਰੋਲ ਸਭ ਤੋਂ ਵੱਧ ਸਿਹਤਮੰਦ ਤੇ ਦਲੇਰੀ ਭਰਿਆ ਹੈ ਜਿਸ ਦੀ ਕੀਮਤ ਉਹਨਾਂ ਨੂੰ ਚੁਕਾਣੀ ਪੈ ਰਹੀ ਹੈ।

ਸੁਮੀਤ ਤੋਂ ਲੈ ਕੇ ਦਰਸ਼ਨ ਸਿੰਘ ਕੈਨੇਡੀਅਨ ਤਕ ਸਭ ਇਹ ਵਿਸ਼ਵਾਸ ਰਖਦੇ ਹਨ ਕਿ :

ਹਮ ਬਤ ਤਹਿ ਤੇਰਾ
ਸਰਦਾਰ ਕਹੇਂਗੇ,
ਯਹ ਜੁਰਮ ਜੋ ਜਿੰਦਾ ਹੈ
ਸੌ ਬਾਰ ਕਹੇਂਗੇ।

ਮੈਂ ਕਮਿਊਨਿਸਟ ਸੋਚ ਵਿਚ ਵਿਸ਼ਵਾਸ ਨਹੀਂ ਰਖਦਾ ਕਈ ਵਿਚਾਰਧਾਰਕ ਮਤਭੇਦ ਹਨ। ਪਰ ਇਸਦੇ ਬਾਵਜੂਦ ਪੰਜਾਬ ਬਾਰੇ ਉਹਨਾਂ ਦੀਆਂ ਪਾਲਿਸੀਆਂ ਉਹਨਾਂ ਦੀ ਬਹਾਦਰੀ ਦਾ ਤੇ ਉਹਨਾਂ ਦੀਆਂ ਕੁਰਬਾਨੀਆਂ ਦੀ ਦਿਲੋਂ ਕਦਰ ਕਰਦਾ ਹਾਂ। ਅੱਜ ਕੈਨੇਡੀਅਨ ਨਹੀਂ ਰਹੇ ਉਹ ਸ਼ਹੀਦ ਹੋ ਗਏ।

ਅੱਜ ਜਿਸਦਾ ਕਮਿਊਨਿਸਟ ਸੋਚਣੀ ਤੇ ਵਿਸ਼ਵਾਸ ਨਹੀਂ ਉਸਦਾ ਵੀ ਦੇਸ਼ ਦੇ ਇਸ ਜਾਨਬਾਜ਼ ਸਪੂਤ ਨੂੰ ਲਾਲ ਸਲਾਮ।

—ਚੰਦਰ ਮੋਹਨ

* * * *

ਰੋਜ਼ਾਨਾ ਮਿਲਾਪ ਨੇ "ਸ਼ਾਨ ਸੇ ਜੀਏ — ਸ਼ਾਨ ਸੇ ਮਰੇ" ਨਾਂ ਦਾ ਸੰਪਾਦਕੀ ਦਰਸ਼ਨ ਸਿੰਘ ਕੈਨੇਡੀਅਨ ਦੀ ਸ਼ਹਾਦਤ ਤੇ ਲਿਖਿਆ ਹੈ ਅਸੀਂ ਉਸ ਨੂੰ ਅੰਸ਼ਕ ਰੂਪ ਵਿਚ ਛਾਪ ਰਹੇ ਹਾਂ।

"ਦਰਸ਼ਨ ਸਿੰਘ ਕੈਨੇਡੀਅਨ ਵੀ ਜਾਮੇ ਸ਼ਹਾਦਤ ਨੋਸ਼ ਕਰ ਗਏ — ਬੇਸ਼ੁਮਾਰ ਗ੍ਰਿਫਤਾਰੀਆਂ ਤੇ ਮੁਕਾਬਲਿਆਂ ਵਿਚ ਮੌਤਾਂ ਦੇ ਬਾਵਜੂਦ ਅਤਿਵਾਦੀ ਜਿਸ ਨੂੰ ਜਦ ਵੀ ਚਾਹੁੰਦੇ ਹਨ ਉਸ ਨੂੰ ਤਦ ਹੀ ਮਾਰ ਦਿੰਦੇ ਹਨ। ਉਹ ਗਿਣ ਗਿਣ ਕੇ ਹੀ ਕਤਲ ਨਹੀਂ ਕਰਦੇ ਬਲਕਿ ਚੁਣ ਚੁਣਕੇ ਵੀ ਮਾਰਦੇ ਹਨ। ਕਮਿਊਨਿਸਟ ਕਾਰਕੁਨ ਉਹਨਾਂ ਦਾ ਖਾਸ ਨਿਸ਼ਾਨਾ ਹਨ। ਹੁਣ ਤੱਕ 15 ਸਰਕਰਦਾ ਕਮਿਊਨਿਸਟ ਅਤਿਵਾਦੀਆਂ ਦਾ ਸ਼ਿਕਾਰ ਹੋ ਚੁਕੇ ਹਨ। ਦਰਸ਼ਨ ਸਿੰਘ ਕੈਨੇਡੀਅਨ ਸੋਲ੍ਹਵੇਂ ਹਨ। ਅਤਿਵਾਦੀ ਕਮਿਊਨਿਸਟ ਕਾਰਕੁਨਾਂ ਨੂੰ ਇਸ ਲਈ ਚੁਣ ਚੁਣਕੇ ਮਾਰ ਰਹੇ ਹਨ ਕਿਉਂਕਿ ਉਹ ਪਿੰਡਾਂ ਵਿਚ ਕੇਵਲ ਅਤਿਵਾਦੀਆਂ ਦੇ ਵਿਰੁਧ ਅਵਾਜ਼ ਹੀ ਉਚੀ ਨਹੀਂ ਕਰਦੇ ਬਲਕਿ ਫਿਰਕਾਪ੍ਰਸਤੀ ਦੇ ਵਿਰੁਧ ਪੂਰੇ ਜ਼ੋਰ ਨਾਲ ਸੰਘਰਸ਼ ਵੀ ਕਰਦੇ ਹਨ .......

ਸ੍ਰੀ ਦਰਸ਼ਨ ਸਿੰਘ ਤਾਂ ਸ਼ਹੀਦ ਹੋ ਗਏ, ਜਿਸ ਆਦਮੀ ਦਾ ਸਾਰਾ ਜੀਵਨ ਦੇਸ਼ ਤੇ ਜਨਤਾ ਦੀ ਸੇਵਾ ਵਿਚ ਗੁਜਾਰਿਆ ਹੋਵੇ, ਜਿਸ ਨੇ ਕੇਵਲ ਆਪਣੇ ਦੇਸ਼ ਵਿਚ ਹੀ ਨਹੀਂ ਬਦੇਸ਼ਾਂ ਵਿਚ ਵੀ ਗੁਲਾਮੀ ਦੀਆਂ ਜੰਜੀਰਾਂ ਕੱਟਣ ਲਈ ਲਗਾਤਾਰ ਸੰਘਰਸ਼ ਕੀਤਾ ਹੋਵੇ। ਉਸ ਦੀ ਇਸ ਤੋਂ ਵਧੀਆ ਮੌਤ ਨਹੀਂ ਹੋ ਸਕਦੀ! ਦਰਸ਼ਨ ਸਿੰਘ ਤਾਂ ਅਮਰ ਹੋ ਗਏ। ਪਰ ਸੁਆਲ ਇਹ ਹੈ ਕਿ ਕਿੰਨੇ ਹੋਰ ਲੋਕਾਂ ਨੂੰ ਦਰਸ਼ਨ ਸਿੰਘ ਬਣਨਾ ਪਵੇਗਾ? ਇਸ ਵਿਚ ਕੋਈ ਸ਼ੱਕ ਨਹੀਂ ਕਿ ਅਤਿਵਾਦੀਆਂ ਵਿਰੁਧ ਸਖਤ ਕਾਰਵਾਈ ਹੋ ਰਹੀ ਹੈ। ਕੁਝ ਮਰ ਗਏ ਹਨ, ਕਾਫੀ ਪਕੜੇ ਗਏ ਹਨ, ਪਰ ਕਿਧਰੇ ਅਜਿਹਾ ਤਾਂ ਨਹੀਂ ਕਿ ਪੰਜਾਬ ਸਰਕਾਰ ਨੂੰ ਅਤਿਵਾਦੀਆਂ ਦੀ ਤਾਕਤ ਦਾ ਅੰਦਾਜ਼ਾ ਲਾਉਣ ਵਿਚ ਕੋਈ ਗਲਤੀ ਹੋਈ ਹੋਵੇ ......

ਦਰਸ਼ਨ ਸਿੰਘ ਕੈਨੇਡੀਅਨ ਇਕ ਅਜਿਹੇ ਰਾਜਸੀ ਆਗੂ ਸਨ ਜਿਹਨਾਂ ਕਦੇ ਕੋਈ ਕੌੜਾ ਸ਼ਬਦ ਨਹੀਂ ਵਰਤਿਆ। ਕਈ ਸਾਲਾਂ ਤੱਕ ਅਸੀਂ ਪੰਜਾਬ ਵਿਧਾਨ ਸਭਾ ਵਿਚ ਇਕੱਠੇ ਰਹੇ। ਉਹ ਆਪਣੇ ਅਸੂਲਾਂ ਦੇ ਜਿੰਨੇ ਪੱਕੇ ਸਨ ਉਸ ਤੋਂ ਵੀ ਵੱਧ ਹਲੀਮ ਤੇ ਮਿਠ ਬੋਲੜੇ ਸਨ।

ਉਹ ਸਹੀ ਅਰਥ ਵਿਚ ਜਨਤਕ ਆਗੂ ਸਨ। ਇਸ ਤੋਂ ਵੀ ਵੱਧ ਉਹ ਅਸੂਲਪ੍ਰਸਤ ਸਨ। ਕਿਸੇ ਵੀ ਕੀਮਤ ਤੇ ਉਹ ਅਸੂਲਾਂ ਨਾਲ ਸਮਝੌਤਾ ਕਰਨ ਲਈ ਤਿਆਰ ਨਹੀਂ ਸਨ। ਇਕ ਅਜਿਹੇ ਆਦਮੀ ਨੂੰ ਮੌਤ ਦੇ ਘਾਟ ਉਤਾਰ ਕੇ ਅਤਿਵਾਦੀਆਂ ਨੇ ਦਰਸ਼ਨ ਸਿੰਘ ਦਾ ਕੁਝ ਨਹੀਂ ਵਿਗਾੜਿਆ। ਉਹਨਾਂ ਨੂੰ ਤਾਂ ਅਮਰ ਕਰ ਦਿਤਾ ਹੈ ਪਰ ਪੰਜਾਬ ਦੇ ਲੋਕਾਂ ਦਾ ਏਨਾ ਨੁਕਸਾਨ ਕਰ ਦਿਤਾ ਹੈ ਕਿ ਜਿਸ ਦੀ ਪੂਰਤੀ ਸੰਭਵ ਨਹੀਂ।

ਦਰਸ਼ਨ ਸਿੰਘ ਜੀ ਦੀ ਹਤਿਆ ਕੇਵਲ ਕਮਿਊਨਿਸਟ ਪਾਰਟੀ ਲਈ ਹੀ ਇਕ ਵੰਗਾਰ ਨਹੀਂ ਬਲਕਿ ਪੰਜਾਬ ਦੇ ਉਹਨਾਂ ਸਾਰੇ ਲੋਕਾਂ ਜਿਹੜੇ ਦੇਸ਼ ਵਿਚ ਪ੍ਰਜਾਤੰਤਰ ਦੀਆਂ ਜੜ੍ਹਾਂ ਮਜ਼ਬੂਤ ਵੇਖਣਾ ਚਾਹੁੰਦੇ ਹਨ .....

ਸ੍ਰੀ ਦਰਸ਼ਨ ਸਿੰਘ ਦੀ ਸ਼ਹਾਦਤ ਤੋਂ ਮਗਰੋਂ ਵੀ ਜੇਕਰ ਅਤਿਵਾਦੀਆਂ ਦੀ ਸਰਪ੍ਰਸਤੀ ਕਰਨ ਵਾਲੇ ਆਪਣੀ ਭੁਲ ਦਾ ਅਹਿਸਾਸ ਕਰ ਲੈਣ ਤਾਂ ਉਹਨਾਂ ਦੀ ਸ਼ਹਾਦਤ ਜਾਇਆ ਨਹੀਂ ਜਾਵੇਗੀ।

ਲੋਕਾਂ ਦੇ ਹਿਤਾਂ ਲਈ ਲਗਾਤਾਰ ਸੰਘਰਸ਼ ਕਰਨ ਵਾਲੇ ਅਸੂਲਾਂ ਨਾਲ ਕੋਈ ਸਮਝੌਤਾ ਨਾ ਕਰਨ ਵਾਲੇ ਆਪਣੇ ਸਾ: ਦਰਸ਼ਨ ਸਿੰਘ ਦੇ ਚਰਨਾਂ ਵਿਚ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਹੋਇਆਂ ਉਹਨਾਂ ਨੂੰ ਨਮਸਕਾਰ ਕਰਦਾ ਹਾਂ। ਉਹਨਾਂ ਦਾ ਜੀਵਨ ਸ਼ਾਨਦਾਰ ਸੀ, ਉਹਨਾਂ ਦੀ ਮੌਤ ਉਹਨਾਂ ਦੇ ਜੀਵਨ ਨਾਲੋਂ ਵੀ ਵੱਧ ਸ਼ਾਨਦਾਰ ਹੈ!

'ਯਸ਼'

---

## ਅਜੇ ਤੇਰੇ ਜਾਣ ਦਾ ਮੌਸਮ ਨਹੀਂ ਸੀ

(ਸ. ਸ. ਮੀਸ਼ਾ ਦੀ ਯਾਦ ਨੂੰ ਸਮਰਪਣ)

—"ਪਰਵਾਨਾ" ਪੁੜੈਣ—

ਚਲੇ ਜਾਣਾ ਇਸ ਤਰ੍ਹਾਂ ਹਮਦਮ ਨਹੀਂ ਸੀ.
ਅਜੇ ਤੇਰੇ ਜਾਣ ਦਾ ਮੌਸਮ ਨਹੀਂ ਸੀ.
ਘਲੇ ਹਾਂ ਭਾਵੇਂ ਜ਼ਖਮਾਂ ਦੀ ਭੀੜ ਦੇ ਵਿਚ.
ਡਿੱਠਾ ਇਸ ਤੋਂ ਵੱਡਾ ਕਦੇ ਜ਼ਖਮ ਨਹੀਂ ਸੀ.
ਮੇਰੇ ਇਕੱਲੇ ਕਦਮ ਅੱਜ ਧਾਹੀਂ ਰੋ ਪਏ,
ਤੇਰੇ ਬਿਨ ਮੇਰਦਾ ਹਮਕਦਮ ਨਹੀਂ ਸੀ.
ਸ਼ਮ ਸਿਖਰ ਦੁਪਹਿਰ ਏ ਤੁਰ ਜਾਣਦਾ ਹੈ,
ਸ਼ਾਮਾਂ ਤੁਰ ਜਾਂਦੀਆਂ ਤਾਂ ਗ਼ਮ ਨਹੀਂ ਸੀ
ਯਾਰਾਂ ਤਾਂ ਰੋਣਾ ਸੀ ਦੁਸ਼ਮਣ ਵੀ ਭੁੱਬਾਂ ਮਾਰਦੇ,
ਕੱਜ ਕਿਸ ਦੁਸ਼ਮਣ ਦਾ ਤੂੰ ਮਹਿਰਮ ਨਹੀਂ ਸੀ.
ਚੰਨ ਤਾਰੇ ਤੇ ਕੀ ਬੀਤੀ ਹੋਏਗੀ ਰਾਤ 'ਤੇ,
ਰੋਈ ਕਦੇ ਫੁੱਲਾਂ ਤੇ ਸ਼ਬਨਮ ਨਹੀਂ ਸੀ.
ਕਾਲੇ ਹਾਸ਼ੀਏ ਵਿਚ ਤੜਪੀਆਂ ਅਨੇਕਾਂ ਸੁਰਖੀਆਂ,
ਕਿਸ ਅੱਖਰ ਦੇ ਸੀਨੇ ਵਿਚ ਜ਼ਖਮ ਨਹੀਂ ਸੀ.
ਚਲੇ ਜਾਣਾ ਇਸ ਤਰ੍ਹਾਂ ਹਮਦਮ ਨਹੀਂ ਸੀ.
ਅਜੇ ਤੇਰੇ ਜਾਣ ਦਾ ਮੌਸਮ ਨਹੀਂ ਸੀ,

---


ਫੋਟੋ

Passport Photos 5 Mins. Service

Quality Portraits

Our Bussiness Weddings



Super Photo Studio

9375 - 120th St. (Scott Rd.) Delta

Memories Restored

ਅਸੀਂ ਪੁਰਾਣੀਆਂ ਫਟੀਆਂ ਫੋਟੋਆਂ ਮੁੜ ਨਵੀਆਂ ਕਰਦੇ ਹਾਂ — ਬਲੈਕ ਐਂਡ ਵਾਈਟ ਫੋਟੋਆਂ ਕੱਲਰ ਕੀਤੀਆਂ ਜਾਂਦੀਆਂ ਹਨ

Off. 589-4668

Res. 596-3770

# ਪੰਜਾਬ ਦੇ ਬਹੁਤੇ ਅਫਸਰ 'ਅੰਗਰੇਜ਼'

ਚੰਡੀਗੜ੍ਹ — ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਨੇ ਪੰਜਾਬ ਸਰਕਾਰ ਨੂੰ ਜ਼ੋਰ ਦੇ ਕੇ ਕਿਹਾ ਹੈ ਕਿ ਸਰਕਾਰੀ ਕਾਰ-ਵਿਹਾਰ ਵਿਚ ਪੰਜਾਬੀ ਨੂੰ ਅਸਰਦਾਰ ਢੰਗ ਨਾਲ ਲਾਗੂ ਕਰਨ ਲਈ ਕਰੜੇ ਆਦੇਸ਼ ਜਾਰੀ ਕੀਤੇ ਜਾਣ ਤੇ ਇਨ੍ਹਾਂ ਦੀ ਉਲੰਘਣਾ ਕਰਨ ਵਾਲੇ ਕਰਮਚਾਰੀਆਂ ਵਿਰੁਧ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇ। ਇਸ ਮੰਤਵ ਲਈ ਜੇ ਰਾਜ ਭਾਸ਼ਾ ਕਾਨੂੰਨ ਵਿਚ ਤਰਮੀਮ ਕਰਨੀ ਪਵੇ ਤਾਂ ਵਿਧਾਨ ਸਭਾ ਦੇ ਅਗਲੇ ਸੈਸ਼ਨ ਵਿਚ ਪਾਸ ਕਰ ਲਈ ਜਾਵੇ।

ਸਾਹਿਤ ਅਕਾਡਮੀ ਦੇ ਪ੍ਰਧਾਨ ਪ੍ਰੋ: ਪ੍ਰੀਤਮ ਸਿੰਘ ਦੀ ਅਗਵਾਈ ਹੇਠ ਇਕ ਵਫਦ ਨੇ ਇਥੇ ਪੰਜਾਂਬ ਦੇ ਸਿਖਿਆ ਮੰਤਰੀ ਸ੍ਰੀ ਬਸੰਤ ਸਿੰਘ ਖਾਲਸਾ ਨੂੰ ਮਿਲ ਕੇ ਕਿਹਾ ਕਿ ਜੇ ਪੰਜਾਬੀ ਲਾਗੂ ਕਰਨ ਦੇ ਰਾਹ ਵਿਚ ਉਚ ਸਰਕਾਰੀ ਅਧਿਕਾਰੀਆਂ ਜਾਂ ਕਰਮਚਾਰੀਆਂ ਦੀ ਟਾਲ-ਮਟੋਲ ਜਾਂ ਅਲਗਰਜ਼ੀ ਅੜਿੱਕਾ ਬਣਦੀ ਹੋਵੇ ਤਾਂ ਮੁਖ ਮੰਤਰੀ ਦੇ ਦਫਤਰ ਵਿਚ ਇਕ ਉਚ-ਪੱਧਰੀ ਸੈਲ ਕਾਇਮ ਕੀਤਾ ਜਾਵੇ ਜਿਹੜਾ ਸਰਕਾਰ ਦੀਆਂ ਹਦਾਇਤਾਂ ਉਤੇ ਅਮਲ ਯਕੀਨੀ ਬਣਾਏ। ਇਸ ਦੇ ਨਾਲ ਹੀ ਵਿਭਾਗੀ ਪੱਧਰ ਅਤੇ ਰਾਜ ਪੱਧਰ ਦੇ ਜਿਹੜੇ ਕਰਮਚਾਰੀ ਪੰਜਾਬੀ ਲਾਗੂ ਕਰਨ ਲਈ ਵਿਸ਼ੇਸ਼ ਹਿੱਸਾ ਪਾਉਣ ਉਨ੍ਹਾਂ ਦਾ ਭਾਸ਼ਾ ਵਿਭਾਗ ਦੇ ਸਾਲਾਨਾ ਸਮਾਗਮ ਸਮੇਂ ਸਨਮਾਨ ਕੀਤਾ ਜਾਇਆ ਕਰੇ।

ਵਫਦ ਨੇ ਸਿਖਿਆ ਮੰਤਰੀ ਦਾ ਧਿਆਨ ਇਸ ਗੱਲ ਵੱਲ ਦੁਆਇਆ ਕਿ ਪੰਜਾਬੀ ਨੂੰ ਰਾਜ ਭਾਸ਼ਾ ਦਾ ਦਰਜਾ ਮਿਲਿਆਂ 18 ਸਾਲ ਬੀਤ ਜਾਣ ਬਾਅਦ ਵੀ ਪੰਜਾਬ ਸਕੱਤਰੇਤ ਵਿਚ ਸਭ ਤੋਂ ਉਪਰਲੀ ਪੱਧਰ ਉਤੇ 80 ਫੀਸਦੀ, ਡਾਇਰੈਕਟੋਰੇਟਾਂ ਵਿਚ ਤਕਰੀਬਨ 50 ਫੀਸਦੀ ਤੇ ਜ਼ਿਲਾ ਪੱਧਰ ਉਤੇ 35 ਫੀਸਦੀ ਕੰਮ ਅੰਗਰੇਜ਼ੀ ਵਿਚ ਹੁੰਦਾ ਹੈ। ਉਨ੍ਹਾਂ ਮੰਗ ਕੀਤੀ ਕਿ ਸਕੱਤਰੇਤ ਵਿਚ, ਪੰਜਾਂਬ ਦੇ ਸਾਰੇ ਸਰਕਾਰੀ ਦਫਤਰਾਂ ਦੇ ਅੰਦਰ ਤੇ ਬਾਹਰ, ਸੜਕਾਂ ਤੇ ਹੋਰਨਾਂ ਮਹੱਤਵਪੂਰਨ ਥਾਵਾਂ ਉਤੇ ਬੋਰਡ, ਸੰਕੇਤ, ਸੂਚਨਾਵਾਂ ਤੇ ਮੀਲ ਪੱਥਰ ਆਦਿ ਸਭ ਪੰਜਾਬ ਵਿਚ ਲਿਖੇ ਹੋਣੇ ਚਾਹੀਦੇ ਹਨ।

ਸਰਕਾਰ ਦੀ ਵਿਦਿਅਕ ਨੀਤੀ ਨੂੰ ਪੰਜਾਬੀ ਮੁਖੀ ਬਣਾਏ ਜਾਣ ਦੀ ਵਕਾਲਤ ਕਰਦਿਆਂ ਅਕਾਡਮੀ ਨੇ ਕਿਹਾ ਹੈ ਕਿ ਸਕੂਲੀ ਪੱਧਰ ਉਤੇ ਪੰਜਾਬੀ ਜ਼ਰੂਰੀ ਵਿਸ਼ੇ ਵਜੋਂ ਪੜ੍ਹਾਈ ਜਾਵੇ ਤੇ ਸਿਖਿਆ ਦਾ ਮਾਧਿਅਮ ਵੀ ਹੋਵੇ। ਪੰਜਾਬ ਦੀਆਂ ਸਾਰੀਆਂ ਯੂਨੀਵਰਸਿਟੀਆਂ ਵਿਚ ਡਿਗਰੀ ਪੱਧਰ ਤਕ ਪੰਜਾਬੀ ਨੂੰ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਇਆ ਜਾਵੇ ਅਤੇ ਡਾਕਟਰੀ, ਇੰਜੀਨੀਅਰਿੰਗ, ਲਾਅ ਤੇ ਕਾਮਰਸ ਇਮਤਿਹਾਨਾਂ ਵਿਚ ਵੀ ਇਹ ਲਾਗੂ ਹੋਵੇ। ਪੋਸਟ ਗਰੈਜੂਏਟ ਪੱਧਰ ਤੱਕ ਤੇ ਇਸ ਤੋਂ ਉਪਰ ਦੇ ਵਿਦਿਆਰਥੀਆਂ ਨੂੰ ਸਾਰੇ ਇਮਤਿਹਾਨ ਪੰਜਾਬੀ ਮਾਧਿਅਮ ਰਾਹੀਂ ਪਾਸ ਕਰਨ ਦੀ ਖੁਲ੍ਹ ਹੋਵੇ।

ਮਾਤ ਭਾਸ਼ਾ ਦੀ ਪੜ੍ਹਾਈ ਨੂੰ ਵਿਗਿਆਨਕ ਲੀਹਾਂ ਉਤੇ ਪਾਉਣ ਲਈ ਇਕ ਉਚੇਚੀ ਪੱਧਰ ਦਾ ਪੰਜਾਬੀ ਅਧਿਆਪਨ ਕੇਂਦਰ ਸਥਾਪਤ ਕਰਨ ਦੀ ਲੋੜ ਉਤੇ ਜ਼ੋਰ ਦਿੰਦਿਆਂ ਵਫਦ ਨੇ ਮੰਗ ਕੀਤੀ ਕਿ ਪੰਜਾਬੀ ਵਿਚ ਯੂਨੀਵਰਸਿਟੀ ਪੱਧਰ ਦੀਆਂ ਪਾਠ ਪੁਸਤਕਾਂ ਦੀ ਤਿਆਰੀ ਲਈ ਪੰਜਾਬ ਰਾਜ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਦੇ ਕੰਮ ਕਾਜ ਵਿਚ ਸੁਧਾਰ ਲਿਆਂਦਾ ਹੋਵੇ। ਉਨ੍ਹਾਂ ਅਨੁਸਾਰ ਕੇਂਦਰੀ ਸਰਕਾਰ ਦੀ ਯੋਜਨਾ ਤੋਂ ਪੰਜਾਬ ਦੂਜੇ ਰਾਜਾਂ ਦੇ ਮੁਕਾਬਲੇ ਢੁੱਕਵਾਂ ਲਾਭ ਨਹੀਂ ਉਠਾ ਸਕਿਆ।

ਵਫਦ ਦੇ ਮੈਂਬਰਾਂ, ਜਿੰਨ੍ਹਾਂ 'ਚ ਅਕਾਡਮੀ ਦੇ ਜਨਰਲ ਸਕੱਤਰ ਡਾ. ਪਰਮਿੰਦਰ ਸਿੰਘ, ਸਕੱਤਰ ਪ੍ਰਿੰਸੀਪਲ ਸੁਰਜੀਤ ਸਿੰਘ ਭਾਟੀਆ ਤੇ ਐਗਜ਼ੈਕਟਿਵ ਮੈਂਬਰ ਸ: ਦਿਲਜੰਗ ਸਿੰਘ ਜੌਹਰ ਵੀ ਸ਼ਾਮਲ ਸਨ, ਨੇ ਸੁਝਾਅ ਦਿਤਾ ਕਿ ਰਾਜੀਵ-ਲੌਂਗੋਵਾਲ ਸਮਝੌਤੇ ਅਧੀਨ ਪੰਜਾਬੀ ਦੇ ਵਿਕਾਸ ਲਈ ਭਾਰਤ ਸਰਕਾਰ ਪਾਸੋਂ ਕੁਝ ਵੱਡੇ ਕੰਮ ਕਰਵਾਉਣ ਲਈ ਭਾਸ਼ਾ ਵਿਭਾਗ, ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਤੇ ਰਾਜ ਦੀਆਂ ਯੂਨੀਵਰਸਿਟੀਆਂ ਨਾਲ ਸਬੰਧਤ ਵਿਦਵਾਨਾਂ ਦੀ ਇਕ ਗਿਆਰਾਂ ਮੈਂਬਰੀ ਕਮੇਟੀ ਕਾਇਮ ਕੀਤੀ ਜਾਵੇ ਜੋ ਠੋਸ ਸੁਝਾਅ ਪੇਸ਼ ਕਰੇ।

ਅਕਾਸ਼ਵਾਣੀ ਤੇ ਦੂਰਦਰਸ਼ਨ ਉਤੇ ਪੰਜਾਬੀ ਨਾਲ ਹੋ ਰਹੀ ਲਗਾਤਾਰ ਬੇਇਨਸਾਫੀ ਦੀ ਨਿਖੇਧੀ ਕਰਦਿਆਂ ਸੁਝਾਅ ਦਿਤਾ ਹੈ ਕਿ ਜਲੰਧਰ ਰੇਡੀਓ ਨੂੰ ਨਿਰੋਲ ਪੰਜਾਬੀ ਦਾ ਸਟੇਸ਼ਨ ਬਣਵਾਉਣ ਲਈ ਕੇਂਦਰੀ ਸਰਕਾਰ ਉਤੇ ਜ਼ੋਰ ਪਾਇਆ ਜਾਵੇ ਤੇ ਨਿਰੋਲ ਪੰਜਾਬੀ ਪ੍ਰੋਗਰਾਮਾਂ ਲਈ ਜਲੰਧਰ ਦੂਰਦਰਸ਼ਨ ਦਾ ਦੂਜਾ ਚੈਨਲ ਕਾਇਮ ਕੀਤਾ ਜਾਵੇ।

ਸਿੱਖਿਆ ਮੰਤਰੀ ਨੂੰ ਦਿਤੇ ਗਏ ਇਕ ਯਾਦ ਪੱਤਰ ਰਾਹੀਂ ਅਕਾਡਮੀ ਨੇ ਮੰਗ ਕੀਤੀ ਕਿ ਜ਼ੋਨਲ ਸਭਿਆਚਾਰਕ ਕੇਂਦਰ ਪਟਿਆਲਾ ਦੀਆਂ ਸਰਗਰਮੀਆਂ ਬਾਰੇ ਚੌਕਸੀ ਵਰਤੀ ਜਾਵੇ ਤੇ ਇਸ ਨੂੰ ਪੰਜਾਬੀ ਸਭਿਆਚਾਰ ਦੇ ਰਾਹ ਵਿਚ ਅੜਿੱਕਾ ਨਾ ਬਣਨ ਦਿਤਾ ਜਾਵੇ। ਇਸ ਵਿਚ ਹਰੇਕ ਸਾਲ 12 ਜਨਵਰੀ ਨੂੰ 'ਪੰਜਾਬੀ ਦਿਵਸ' ਮਨਾਉਣ ਦਾ ਵੀ ਸੁਝਾਅ ਦਿਤਾ ਗਿਆ ਹੈ ਕਿਉਂਕਿ 12 ਜਨਵਰੀ 1968 ਨੂੰ ਪੰਜਾਬੀ ਨੂੰ ਰਾਜ ਭਾਸ਼ਾ ਬਣਾਏ ਜਾਣ ਦਾ ਐਲਾਨ ਕੀਤਾ ਗਿਆ ਸੀ।

ਅਕਾਡਮੀ ਨੇ ਹੋਰਨਾਂ ਗੱਲਾਂ ਤੋਂ ਇਲਾਵਾ "ਸਾਹਿਤ ਅਕਾਡਮੀ" ਇਨਾਮ ਦੀ ਰਕਮ 5100 ਰੁਪਏ ਤੋਂ ਵੱਧਾ ਕੇ 25 ਹਜ਼ਾਰ ਰੁਪਏ ਕਰਨ, ਲੋੜਵੰਦ ਲੇਖਕਾਂ, ਕਲਾਕਾਰਾਂ ਤੇ ਵਿਦਵਾਨਾਂ ਦੀ ਮਾਲੀ ਮਦਦ ਲਈ ਉਚੇਚਾ ਫੰਡ ਕਾਇਮ ਕਰਨ ਤੇ ਕੁਝ ਬਿਰਧ ਤੇ ਲੋੜਵੰਦ ਸਾਹਿਤਕਾਰਾਂ ਨੂੰ ਦਿਤੀ ਜਾਂਦੀ ਮਾਸਿਕ ਪੈਨਸ਼ਨ ਦੀ ਰਕਮ 400 ਰੁਪਏ ਤੋਂ ਵਧਾ ਕੇ ਘੱਟੋ ਘੱਟ 750 ਰੁਪਏ ਮਹੀਨਾ ਕਰਨ ਦੀ ਮੰਗ ਕੀਤੀ ਹੈ।

---

ਪੰਨਾ 18 ਦੀ ਬਾਕੀ

ਨੂੰ ਰਾਜ ਸਰਕਾਰ ਨੂੰ ਜਿਚ ਕਰਨ ਵਾਸਤੇ ਵਰਤ ਰਹੀ ਹੈ। ਉਹ ਇਸ ਨੂੰ ਹੋਰ ਭਿਆਨਕ ਰੂਪ ਵਿਚ ਵਿਕਸਤ ਹੁੰਦੇ ਦੇਖਣ ਦੀ ਚਾਹਵਾਨ ਹੈ ਤਾਂ ਅਜਿਹਾ ਰੂਪ ਧਾਰਨ ਕਰ ਲਵੇ, ਅਤੇ ਫੇਰ ਉਹ 'ਬੰਗਾਲ ਬਚਾਉਣ' ਦਾ ਨਾਹਰਾ ਦੇ ਕੇ ਦਖਲ ਦੇ ਸਕੇ। ਇਸ ਤਰ੍ਹਾਂ ਖੱਬੇ ਫਰੰਟ ਸਰਕਾਰ ਦਾ ਇਹ ਦੋਸ਼ ਠੀਕ ਜਾਪਦਾ ਹੈ ਕਿ ਕੇਂਦਰੀ ਸਰਕਾਰ ਇਸ ਅੰਦੋਲਨ ਦੇ ਆਗੂ ਘੀਸ਼ਿੰਗ ਨੂੰ ਦੂਜਾ ਭਿੰਡਰਾਂਵਾਲਾ ਬਣਾਉਣਾ ਚਾਹੁੰਦੀ ਹੈ।

ਭਾਰਤੀ ਕਮਿਊਨਿਸਟ ਪਾਰਟੀ ਦੀ ਰਾਜ ਕੌਂਸਲ ਦੀ ਹੁਣੇ ਹੋਈ ਮੀਟਿੰਗ ਨੇ ਇਸ ਗੋਰਖਾਲੈਂਡ ਦੇ ਅੰਦੋਲਨ ਨੂੰ ਵੰਡਪਾਊ, ਫੁਟਪਾਊ ਅਤੇ ਦਾਰਜੀਲਿੰਗ ਦੇ ਪਹਾੜੀ ਖੇਤਰ ਦੇ ਲੋਕਾਂ ਅਥਵਾ ਸਮੁਚੇ ਦੇਸ਼ ਦੇ ਲਾਭਾਂ ਲਈ ਹਾਨੀਕਾਰਕ ਦਸਿਆ ਹੈ। ਪਰ ਰਾਜ ਕੌਂਸਲ ਨੇ ਇਸ ਅੰਦੋਲਨ ਦੇ ਉਭਰਨ ਲਈ ਕੇਂਦਰ ਸਰਕਾਰ ਨੂੰ ਪੂਰੀ ਤਰ੍ਹਾਂ ਜ਼ਿਮੇਵਾਰ ਠਹਿਰਾਇਆ ਹੈ।

ਸਾਂਝੀ ਪਾਰਟੀ ਵੇਲੇ ਤੋਂ ਹੀ ਸੀ. ਪੀ. ਆਈ. ਨੇ ਦਾਰਜੀਲਿੰਗ ਦੇ ਪਹਾੜੀ ਖੇਤਰ ਦੇ ਲੋਕਾਂ (ਜਿਹਨਾਂ ਵਿਚ ਬਹੁਤੇ ਨੇਪਾਲੀ ਬੋਲੀ ਵਾਲੇ ਹਨ) ਦੀਆਂ ਉਮੰਗਾਂ ਵੱਲ ਧਿਆਨ ਦੇਣ ਲਈ ਕੇਂਦਰ ਸਰਕਾਰ ਉਤੇ ਜ਼ੋਰ ਦਿਤਾ ਹੈ। ਪਾਰਟੀ ਨੇ ਮੰਗ ਕੀਤੀ ਸੀ ਕਿ ਨੇਪਾਲੀ ਬੋਲੀ ਨੂੰ ਸੰਵਿਧਾਨ ਦੇ ਅੱਠਵੇਂ ਸ਼ੈਡੂਲ ਵਿਚ ਸ਼ਾਮਲ ਕੀਤਾ ਜਾਵੇ ਅਤੇ ਇਸ ਖੇਤਰ ਦੇ ਲੋਕਾਂ ਨੂੰ ਪੱਛਮੀ ਬੰਗਾਲ ਰਾਜ ਦੇ ਅੰਦਰ ਖੇਤਰੀ ਖੁਦਮੁਖਤਾਰੀ ਦਿਤੀ ਜਾਏ ਅਰਥਾਤ ਇਸ ਖੇਤਰ ਦੇ ਲੋਕਾਂ ਵਲੋਂ ਚੁਣੀ ਹੋਈ ਇਕ ਬਾਡੀ ਬਣਾਈ ਜਾਵੇ ਜੋ ਅਮਨ ਕਾਨੂੰਨ ਜਾਂ ਪੁਲਿਸ ਨੂੰ ਛੱਡ ਕੇ ਆਪਣੇ ਆਰਥਕ-ਸਮਾਜਕ ਸਰਗਰਮੀਆਂ ਨੂੰ ਕੰਟਰੋਲ ਕਰੇ।

ਸੀ. ਪੀ. ਆਈ. ਦੀ ਬੰਗਾਲ ਰਾਜ ਕੌਂਸਲ ਨੇ ਕੇਂਦਰੀ ਸਰਕਾਰ ਦੀ ਦੋ-ਮੂੰਹੀ ਨੀਤੀ ਦੀ ਨਿਖੇਧੀ ਕੀਤੀ ਜੋ ਇਕ ਪਾਸੇ ਦਾਰਜੀਲਿੰਗ ਦੇ ਲੋਕਾਂ ਦੀਆਂ ਇਨਸਾਫੀ ਮੰਗਾਂ (ਨੇਪਾਲੀ ਬੋਲੀ ਨੂੰ ਅੱਠਵੇਂ ਸ਼ੈਡੂਲ ਵਿਚ ਸ਼ਾਮਲ ਕਰਨਾ ਅਤੇ ਰਾਜ ਦੇ ਅੰਦਰ ਖੇਤਰੀ ਖੁਦਮੁਖਤਾਰੀ ਦੇਣਾ) ਤੋਂ ਇਨਕਾਰ ਕਰ ਰਹੀ ਹੈ। ਦੂਜੇ ਪਾਸੇ ਗੋਰਖਾ ਨੈਸ਼ਨਲ ਲਿਬਰੇਸ਼ਨ ਫਰੰਟ ਦੀ ਫੁਟਪਾਊ ਲਹਿਰ ਵਿਰੁਧ ਸਪਸ਼ਟ ਸਟੈਂਡ ਲੈਣ ਤੋਂ ਇਨਕਾਰ ਕਰ ਰਹੀ ਹੈ।

ਰਾਜ ਕੌਂਸਲ ਨੇ ਪੱਛਮੀ ਬੰਗਾਲ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਦਾਰਜੀਲਿੰਗ ਦੇ ਪਹਾੜੀ ਖੇਤਰ ਦੇ ਲੋਕਾਂ ਦੀਆਂ ਜਾਇਜ਼ ਮੰਗਾਂ ਮੰਨਣ ਲਈ ਕੇਂਦਰ ਸਰਕਾਰ ਉਤੇ ਜ਼ੋਰ ਪਾਉਣ।

ਨਾਲ ਹੀ ਰਾਜ ਕੌਂਸਲ ਨੇ ਆਪਣੇ ਮਤੇ ਵਿਚ ਆਖਿਆ ਹੈ ਕਿ ਗੋਰਖਾ ਐਨ. ਐਲ. ਫਰੰਟ ਦੀ ਗੋਰਖਾਲੈਂਡ ਦੀ ਮੰਗ ਦਾਰਜੀਲਿੰਗ ਦੇ ਲੋਕਾਂ ਨੂੰ ਪੱਛਮੀ ਬੰਗਾਲ ਦੀ ਖੱਬੀ ਤੇ ਜਮਹੂਰੀ ਲਹਿਰ ਦੀ ਸ਼ਕਤੀਸ਼ਾਲੀ ਹਮਾਇਤ ਤੋਂ ਵਾਂਝਿਆਂ ਕਰ ਦੇਵੇਗੀ ਇਹ ਮੰਗ ਉਹਨਾਂ ਨੂੰ ਖੱਬੇ ਮੋਰਚੇ ਦੀ ਸਰਕਾਰ ਤੋਂ ਵੀ ਨਿਖੇੜ ਦੇਵੇਗੀ ਜੋ ਦਾਰਜੀਲਿੰਗ ਜ਼ਿਲੇ ਦੇ ਪਹਾੜੀ ਖੇਤਰ ਸਮੇਤ ਸਾਰੇ ਰਾਜ ਦੇ ਕਿਰਤੀ ਲੋਕਾਂ ਦੀ ਵੱਡੀ ਦੇ ਹੈ। ਇਸ ਤੋਂ ਬਿਨਾਂ ਉਹ ਸਾਮਰਾਜੀਆਂ ਦੀ ਭਾਰਤ ਨੂੰ ਅਸਥਿਰ ਕਰਨ ਦੀ ਸਾਜ਼ਿਸ਼ ਦਾ ਸ਼ਿਕਾਰ ਹੋ ਜਾਣਗੇ।

ਗੋਰਖਾ ਐਨ. ਐਲ. ਫਰੰਟ ਦੇ ਆਗੂਆਂ ਵੱਲੋਂ ਇਤਹਾਦੀ ਸਭਾ ਤੇ ਐਮਨੈਸਟੀ ਇੰਟਰਨੈਸ਼ਨਲ ਨੂੰ ਕੀਤੀਆਂ ਅਪੀਲਾਂ ਦਸਦੀਆਂ ਹਨ ਕਿ ਇਸ ਲਹਿਰ ਅੰਦਰ ਵਖਵਾਦੀ ਰੁਝਾਨ ਮੌਜੂਦ ਹਨ ਜੋ ਅਜੋਕੀ ਹਾਲਤਾਂ ਅੰਦਰ ਇਸ ਲਹਿਰ ਨੂੰ ਪੂਰੀ ਵੱਖਵਾਦੀ ਐਜੀਟੇਸ਼ਨ ਦਾ ਰੂਪ ਦੇ ਸਕਦੀਆਂ ਹਨ।

---

## ਬੋਲ ਫ਼ਿਕਰ ਤੌਂਸਵੀ ਦੇ

0 ਗੁਜਰਾਤ ਵਿਚ ਹਣ ਸ਼ਾਂਤੀ ਹੈ.

— ਸਰਕਾਰੀ ਸਮਾਚਾਰ ਅਨੁਸਾਰ 54 ਆਦਮੀਆਂ ਦੇ ਕਤਲ ਪਿਛੋਂ.

0 ਚਾਲੀ ਤੋਂ ਵੱਧ ਚੀਨੀ ਭਾਰਤੀ ਸਰਹੱਦ ਵਿਚ ਦਾਖਲ-ਭਾਰਤ ਸਰਕਾਰ ਦਾ ਪ੍ਰੋਟੈਸਟ.

— ਅਮਨ ਪਸੰਦ ਭਾਰਤ ਹੋਰ ਇਸ ਤੋਂ ਵਧ ਕਰ ਵੀ ਕੀ ਸਕਦਾ ਹੈ.

0 ਗਾਜ਼ੀਆਬਾਦ ਵਿਚ ਸ਼ਿਵ ਸੈਨਾ ਦੇ ਵਰਕਰਾਂ ਤੇ ਪੁਲਸ ਲਾਠੀਚਾਰਜ.

— ਇਸ ਨੂੰ ਕਹਿੰਦੇ ਹਨ, ਜ਼ੁਲਮ ਦੀ ਟਹਿਣੀ ਕਦੇ ਫਲਦੀ ਨਹੀਂ.

0 ਇੰਦਰਾ ਕਾਂਗਰਸ ਨੇ ਪਾਰਟੀ-ਚੋਣਾਂ ਦੀ ਤਾਰੀਖ ਲੰਮੇ ਸਮੇਂ ਲਈ ਅਗੇ ਪਾ ਦਿਤੀ.

— ਜੋ ਪਾਰਟੀ ਚਾਰੇ ਹੱਥਾਂ-ਪੈਰਾਂ ਨਾਲ ਦੇਸ਼ ਵਿਚ ਜਮਹੂਰੀਅਤ ਕਾਇਮ ਕਰਨ ਵਿਚ ਜੁਟੀ ਹੋਈ ਹੋਵੇ. ਉਸ ਨੂੰ ਪਾਰਟੀ ਵਿਚ ਜਮਹੂਰੀਅਤ ਦੀ ਕੀ ਲੋੜ ਹੈ.

0 ਗੋਰਖਾ ਹੋਮ-ਲੈਂਡ ਦੀ ਮੰਗ—ਇਕ ਸੁਰਖੀ.

— ਇਕ ਨਵਾਂ ਦੌਰ ਸ਼ੁਰੂ.

0 ਹੋਮ ਮਨਿਸਟਰ ਬੂਟਾ ਸਿੰਘ ਨੇ ਦਾਅਵਾ ਕੀਤਾ ਹੈ ਕਿ ਮਜ਼੍ਹਬੀ ਜਨੂਨੀਆਂ ਨੂੰ ਦੇਸ਼ ਦੀ ਏਕਤਾ ਬਰਬਾਦ ਨਹੀਂ ਕਰਨ ਦੇਣਗੇ.

— ਦਾਅਵਾ ਕਰਨ 'ਚ ਹਰਜ ਵੀ ਕੀ ਹੈ.

0 ਰਾਜ ਮੰਤਰੀ ਸ੍ਰੀ ਅਜੀਤ ਕੁਮਾਰ ਨੇ ਰਾਜ ਸਭਾ ਵਿਚ ਯਕੀਨ ਦੁਆਇਆ ਕਿ ਸਤਵੇਂ ਪਲੈਨ ਵਿਚ 6 ਕਰੋੜ 19 ਲੱਖ ਵਿਅਕਤੀਆਂ ਨੂੰ ਗਰੀਬੀ ਦਾ ਪੱਧਰ ਤੋਂ ਉਪਰ ਚੁਕਿਆ ਜਾਵੇਗਾ.

— ਮਹਿੰਗਾਈ ਦਾ ਇਹੋ ਹਾਲ ਰਿਹਾ ਤਾਂ ਸੰਭਵ ਹੈ ਦੁਨੀਆਂ ਤੋਂ ਹੀ ਉਠ ਜਾਣ.

0 ਸਲੀਮਪੁਰ ਪੁਲਿਸ ਨੇ ਰਾਮਪੁਰ ਦੇ ਇਕ ਨਕਲੀ ਇਮਾਮ ਮੁਹੰਮਦ ਖਾਂ ਤੋਂ ਚੋਰੀ ਦੇ 8 ਸਕੂਟਰ ਬਰਾਮਦ.

— ਰਾਮਪੁਰੀ ਤੋਂ ਬਰਾਮਦ ਕਰਨਾ ਇਕ ਵਡਾ ਕਾਰਨਾਮਾ ਹੈ.

0 ਅਲੀਗੜ੍ਹ ਪੁਲਿਸ ਨੇ ਰਿਸ਼ਵਤ ਨਾ ਮਿਲਣ ਤੇ ਸੇਠ ਨੂੰ ਹੱਥ-ਕੜੀ ਲਗਾ ਦਿਤੀ—ਇਕ ਸਮਾਚਾਰ.

— ਸਾਫ ਹੈ ਮੁਠੀ ਗਰਮ ਨਾ ਹੋਈ ਤਾਂ ਸੇਠ ਨੂੰ ਗਰਮ ਕਰਨਾ ਪਿਆ.

0 ਯੂ. ਪੀ. ਵਿਚ ਕੁਦਰਤੀ ਆਫਤਾਂ ਨਾਲ ਮਰਨ ਵਾਲਿਆਂ ਦੀ ਗਿਣਤੀ 71 ਹੋ ਗਈ.

— ਗੈਰ ਕੁਦਰਤੀ ਆਫਤਾਂ ਨਾਲ ਮਰਨ ਵਾਲਿਆਂ ਦੀ ਗਿਣਤੀ ਇਸ ਤੋਂ ਕਿਤੇ ਵਧੇਰੇ.

0 ਖੁਰਜਾ ਅਤੇ ਮੁਰਾਦਾਬਾਦ ਵਿਚ ਡਾ: ਆਰ. ਐਮ. ਸਹਾਏ ਦੀ ਕਾਰਸਤਾਨੀ—ਅੱਖਾਂ ਦੇ ਉਪਰੇਸ਼ਨ ਨਾਲ 300 ਮਰੀਜ਼ ਅੰਨ੍ਹੇ ਹੋ ਗਏ.

— ਅੱਖਾਂ-ਫੋੜ ਡਾਕਟਰ ਜ਼ਿੰਦਾਬਾਦ.

0 ਦਿਲੀ ਵਿਚ ਇਕ ਲੱਕੜ-ਬੱਗੇ ਨੇ ਉਧਮ ਮਚਾ ਰਖਿਆ ਹੈ.

— ਭਾਵ ਲੱਕੜ ਬੱਗਾ ਸਿਆਸੀ ਲੀਡਰਾਂ ਦਾ ਹੱਕ ਮਾਰ ਰਿਹਾ ਹੈ.

0 ਪਿਛਲੇ ਸਾਲ ਜੁਲਾਈ ਤੋਂ ਹਣ ਤਕ ਦਿਲੀ ਟਰਾਂਸਪੋਰਟ ਕਾਰਪੋਰੇਸ਼ਨ ਦੇ ਕਰਮਚਾਰੀਆਂ ਨੇ ਤਿੰਨ ਕਰੋੜ ਰੁਪਏ ਦੀਆਂ ਦਵਾਈਆਂ 'ਖਰੀਦੀਆਂ' ਜਿਹਨਾਂ ਦਾ ਭੁਗਤਾਨ ਕਾਰਪੋਰੇਸ਼ਨ ਦੇ ਕੈਮਿਸਟਾਂ ਨੂੰ ਨਹੀਂ ਕੀਤਾ—ਇਕ ਸਮਾਚਾਰ.

— ਹੁਣ ਪਤਾ ਲਗਿਆ ਕਿ ਡੀ. ਟੀ. ਸੀ. ਦੀਆਂ ਬਸਾਂ ਵਿਚ ਸਫਰ ਕਰਨ ਵਾਲੇ ਕਿਉਂ ਭੁਗਤ ਰਹੇ ਹਨ.

0 ਦਿਲੀ ਦੇ ਦਿਲਸ਼ਾਦ ਗਾਰਡਨ ਦੇ ਆਸ-ਪਾਸ ਦੇ ਇਲਾਕਿਆਂ ਵਿਚ ਪਾਣੀ ਨਹੀਂ—ਇਕ ਸਮਾਚਾਰ.

— ਚੀਫ ਐਗਜ਼ੈਕਟਿਵ ਜਗ ਪ੍ਰਵੇਸ਼ ਨੂੰ ਚਾਹੀਦਾ ਹੈ ਕਿ ਉਸ ਇਲਾਕੇ ਦਾ ਨਾਂ ਨਿਸ਼ਾਦ-ਗਾਰਡਨ ਰਖ ਦੇਣ.

FOR THE SOUTH ASIAN COMMUNITY

Sabrung شہر میں اپنی نوعیت کا واحد

SOUTHERN TELEVISION SHOW

GOOD NEWS FOR

THE SOUTH EAST ASIAN COMMUNITIES

LIVING IN BAY AREA

A new kind of television show on Cable Channel 25 can be seen on every Saturday at 6 p.m. regularly full of entertainment, excitement and music. Presents educational and informative program concerning our community's day to day life.

Producer and host: Irfan Ali

LISTENING TO SABRUNG RADIO & TELEVISION PROGRAM

TELEVISION (415) 928-1650 | SATURDAYS 6:00 p.m. | CHANNEL 25 CABLE KUSF 90.3 FM

RADIO PROGRAM

SUNDAYS

10-12 NOON

KUSF

90.3 FM

# ਸਾ ਹਿ ਤ  ਦ ਰ ਪ ਣ

ਕਹਾਣੀ

## ਅਸਲੀ ਤੇ ਵੱਡੀ ਹੀਰ

ਵਰਿਆਮ ਸੰਧੂ

ਸੂਰਜ ਸਿਰ 'ਤੇ ਸੀ ਅਤੇ ਪਸੀਨਾ ਸਿਰ ਤੋਂ ਲੈ ਕੇ ਪੈਰਾਂ ਤੀਕ !

ਬੱਸੋਂ ਉਤਰਦਿਆਂ ਮੈਂ ਦੂਰੋਂ ਹੀ ਸੁਖਵੰਤ ਨੂੰ ਪਿੰਡੋਂ ਪੰਜ ਸੱਤ ਕਿੱਲੇ ਬਾਹਰ ਬੰਬੀ ਤੇ ਫ਼ਿਰਦਿਆਂ ਤੱਕਿਆ ਤਾਂ ਘਰ ਜਾਣ ਦੀ ਥਾਂ ਸਿੱਧਾ ਉਧਰ ਹੀ ਤੁਰ ਪਿਆ ਮੇਰੇ ਹੱਥ ਵਿਚ ਤੇਲ ਵਾਲਾ ਖਾਲੀ ਕੈਨ ਤੱਕ ਕੇ ਪਹਿਲਾਂ ਤਾਂ ਉਹ ਮੁਸਕਰਾਇਆ ਤੇ ਫਿਰ ਘੁੱਟ ਕੇ ਮਿਲਦਿਆਂ ਹਾਲ ਚਾਲ ਪੁੱਛਿਆ ।

"ਤੇਰੇ ਯਾਰਾਂ ਦੇ ਸਤਾਏ ਭੱਜੇ ਫਿਰਦੇ ਆਂ ...।" ਮੇਰਾ ਇਸ਼ਾਰਾ ਸਰਕਾਰ ਵੱਲ ਸੀ, ਜਿਸ ਦੀ ਮਦਦ ਉਨ੍ਹਾਂ ਦੀ ਪਾਰਟੀ ਐਤਕੀਂ ਕਰ ਰਹੀ ਸੀ, ਕਿਉਂਕਿ ਉਹਨਾਂ ਦੀਆਂ ਨਜ਼ਰਾਂ ਵਿਚ ਹੁਣ ਰਾਜ ਕਰਨ ਵਾਲੀ ਇਹੋ ਹੀ ਇਕ ਪਾਰਟੀ ਸੀ ਜੋ ਸਮਾਜਵਾਦ ਦੀ ਸੜਕ ਤੇ ਸਿੱਧੀ ਤੁਰ ਰਹੀ ਸੀ ।

ਲੰਮੇ ਬਲਦੇ ਦਿਨਾਂ ਵਿਚ, ਲੰਮੀ ਉਡੀਕ ਕਰਦਿਆਂ, ਲੰਮੀਆਂ ਲਾਈਨਾਂ ਵਿਚ ਖੜੋਣ ਤੋਂ ਪਿਛੋਂ ਵੀ ਤੇਲ ਨਹੀਂ ਸੀ ਮਿਲਿਆ । ਖਿਝੇ ਹੋਏ ਜੱਟਾਂ ਦੇ ਹੱਥਾਂ ਵਿਚ ਕੈਨ ਸਨ ਤੇ ਉਹਨਾਂ ਦਾ ਦਿਲ ਕਰਦਾ ਪਿਆ ਸੀ; ਇਹ ਕੈਨ ਆਪਣੇ ਸਿਰ ਵਿਚ ਮਾਰਨ ਜਾਂ ਸਰਕਾਰ ਦੇ ਸਿਰ 'ਚ । ਗਾਲ੍ਹਾਂ ਕੱਢਦੀ ਤੇ ਦੰਦ ਕਰੀਚਦੀ ਭੀੜ ਨੇ ਉਚੇ ਪੁਲ ਤੇ ਬੱਸ ਲੂਹ ਦਿੱਤੀ ਤੇ ਬੱਸਾਂ ਵਿਚ ਦਿਸਦੇ ਸਰਕਾਰੀ ਮੂੰਹ ਤੇ ਕੈਨ ਮਾਰ ਮਾਰ ਕੇ ਰੋਹ ਮੱਠਾ ਕਰਨਾ ਸ਼ੁਰੂ ਕੀਤਾ । ਪੰਜ ਮਿੰਟ ਪਿਛੋਂ ਪੁਲਿਸ ਦੇ ਟਰੱਕ ਪੁਲ 'ਤੇ ਪਹੁੰਚ ਗਏ ਸਨ । ਸਾਹਮਣੇ ਆਉਣ ਵਾਲੇ ਹਰ 'ਬਦਮਾਸ਼ ਆਦਮੀ' ਤੇ 'ਸ਼ਰੀਫ਼ ਪੁਲਿਸ' ਨੂੰ ਡਾਂਗਾਂ ਵਰ੍ਹਾਉਣੀਆਂ ਪੈ ਰਹੀਆਂ ਸਨ । ਨੇਤਾ ਜੀ ਦਾ ਬੁੱਤ ਸਿੱਧੀ ਧੌਣ ਅਕੜਾਕੇ ਆਪਣੇ ਪਿਛੇ ਬੇਦੋਸ਼ੇ ਜੱਟਾਂ ਨੂੰ ਬਦੋ-ਬਦੀ ਫੜ ਕੇ ਜੀਪਾਂ ਵਿਚ ਬਿਠਾਉਂਦਿਆਂ ਵੇਖਣ ਦੀ ਕੋਈ ਕੋਸ਼ਿਸ਼ ਹੀ ਨਹੀਂ ਸੀ ਕਰ ਰਿਹਾ। ਦੋ ਮਿੰਟਾਂ ਵਿਚ ਪੁਲ ਉਤੇ ਕੋਈ ਆਦਮੀ ਨਹੀਂ ਸੀ ਰਹਿ ਗਿਆ । ਕੇਵਲ ਲਾਲ ਪਗੜੀਆਂ ਖਾਕੀ ਵਰਦੀਆਂ ਤੇ ਸੰਮਾਂ ਵਾਲੀਆਂ ਡਾਂਗਾਂ ਸਨ । ਮੈਂ ਆਪਣਾ ਕੈਨ ਲੁਕਾਉਂਦਾ ਪੌੜੀਆਂ ਵਾਲੇ ਪੁਲ ਰਾਹੀਂ ਹੇਠਾਂ ਉਤਰਿਆ ਹੀ ਸਾਂ ਕਿ ਅਚਾਨਕ ਸੁਖਵੰਤ ਦੇ ਪਿੰਡ ਨੂੰ ਜਾਣ ਵਾਲੀ ਬੱਸ ਉਥੇ ਆ ਖੜ੍ਹੀ । ਮੈਂ ਫੱਟ ਉਸ ਵਿਚ ਬੈਠ ਗਿਆ ।

"ਚਲੋ ਏਸੇ ਪੱਜ ਨਾਲ ਮਿਲਣ ਤਾਂ ਆ ਗਿਐਂ ....।" ਉਹ ਹੱਸਿਆ । ਅਸੀਂ ਨਿੰਮ ਦੀ ਛਾਵੇਂ ਬੈਠ ਗਏ । ਸਿਰਹਾਣੇ ਰਖਿਆ ਟਰਾਂਜਿਸਟਰ ਲਾਹੌਰ ਤੋਂ ਬੋਲਦਾ ਹੋਇਆ ਕਿਸੇ ਇੰਜਨ ਦੀ ਮਸ਼ਹੂਰੀ ਕਰ ਰਿਹਾ ਸੀ, ਨਜ਼ਾਮਦੀਨ ਦੀ ਮੋਟੀ ਭਰਵੀਂ ਪੰਜਾਬੀ ਆਵਾਜ਼ ਵਿਚ ।

ਮੈਂ ਪੱਗ ਲਾਹ ਕੇ ਮੰਜੀ ਤੇ ਧਰੀ ਅਤੇ ਸੁਖਵੰਤ ਨੂੰ ਕਿਹਾ, "ਯਾਰ ! ਨਜ਼ਾਮਦੀਨ ਨੂੰ ਕਹਿ — ਮੇਰਾ ਵੀ ਇੰਜਨ ਵਿਕਵਾ ਦੇਵੇ ....।" ਥੋੜ੍ਹਾ ਜਿਹਾ ਹੱਸਦਿਆਂ ਮੈਂ ਕਮੀਜ਼ ਲਾਹੁਣ ਲੱਗਾ ।

ਤੱਤੀ ਲੂਅ ਦੇ ਬੁੱਲੇ ਆ ਰਹੇ ਸਨ । ਦੋ ਪੈਲੀਆਂ ਦੀ ਵਾਟ ਤੇ ਬਾਡਰ ਤੋਂ ਮੁੜ ਕੇ ਆਈ ਗੱਡੀ ਧੁੱਪ ਵਿਚ ਧੂੰਆਂ ਘੋਲਦੀ ਦੌੜੀ ਜਾ ਰਹੀ ਸੀ । ਪਰ੍ਹਾਂ ਸੁਖਵੰਤ ਦਾ ਕਾਮਾ ਸੱਜਣ ਪਾਣੀ ਦਾ ਕਿਆਰਾ ਮੋੜ ਰਿਹਾ ਸੀ । ਤੇ ਲਾਗਲੇ ਵੱਢ ਵਿਚ ਸੱਜਣ ਦਾ ਛੋਟਾ ਭਰਾ ਪਸ਼ੂਆਂ ਤੋਂ ਬੇਪ੍ਰਵਾਹ ਸਿਰ ਉਤਲੇ ਪਾਟੇ ਪਟਕੇ ਨੂੰ ਕਦੀ ਢਾਹੁਣ ਤੇ ਕਦੀ ਬੰਨ੍ਹਣ ਵਿਚ ਮਸਤ ਸੀ ।

ਸੱਜਣ ਨੂੰ ਵੇਖਦਿਆਂ ਹੀ ਮੇਰੇ ਬੁਲ੍ਹਾਂ 'ਤੇ ਮੁਸਕਾਨ ਦੌੜ ਗਈ । ਉਹ ਡਾਢਾ ਦਿਲਚਸਪ ਹੈ । ਕਈ ਵਾਰ ਸੋਚਦਾ ਹਾਂ ਉਸ ਨੂੰ ਕੀ ਆਖਾਂ ? ਦਿਲਚਸਪ ਗੱਭਰੂ ? ... ਦਿਲਚਸਪ ਆਦਮੀ ? ਜਾਂ ਦਿਲਚਸਪ ਜਾਨਵਰ ..... ? ..... ਫੈਸਲਾ ਨਹੀਂ ਹੁੰਦਾ । ਪਰ ਫਿਰ ਵੀ ਉਹ ਦਿਲਚਸਪ ਹੈ ਜ਼ਰੂਰ । ਨਾਮ ਦਾ ਸੱਜਣ ਪਰ ਸਮੇਂ ਨੇ ਸਦੀਆਂ ਤੋਂ ਉਹੋ ਜਿਹਿਆਂ ਨਾਲ ਸੱਜਣਤਾਈ ਨਹੀਂ ਪਾਲੀ । ਬੜੀਆਂ ਸਾਧਾਰਨ ਤੇ ਅਜੀਬ ਗੱਲਾਂ ਕਰੇਗਾ । ਸੁਣਨ ਵਾਲੇ ਹੱਸਣਗੇ ... ਹੈਰਾਨ ਹੋਣਗੇ । .... ਤੇ ਹੋਰ ਗੱਲਾਂ ਕਰਨ ਨੂੰ .... ਹੋਰ ਗੱਲਾਂ ਪੁੱਛਣ ਨੂੰ ਉਹਨਾਂ ਦਾ ਚਿੱਤ ਕਰੇਗਾ ! ਸਿੱਧੇ ਸੁਭਾ ਵਾਲਾ .... ਮਲੰਗਾਂ ਵਰਗਾ ।

ਮੈਨੂੰ ਮੁਸਕਰਾਉਂਦੇ ਵੇਖ ਸੁਖਵੰਤ ਸਮਝ ਗਿਆ । ਉਸ ਸ਼ੁਗਲ-ਮੇਲੇ ਲਈ ਸੱਜਣ ਨੂੰ ਕੋਲ ਬੁਲਾ ਲਿਆ । ਆਉਂਦਿਆਂ ਉਸ ਕਹੀ ਨੂੰ ਪੀਨ ਪਰਨੇ ਧਰਤੀ ਤੇ ਮਾਰਿਆ । ਫਿਰ ਦਸਤੇ ਤੋਂ ਹੱਥ ਲਾਹ ਕੇ ਸਿਕਰੀ ਭਰਿਆ ਸਿਰ ਖੁਰਕਣ ਲੱਗਾ ।

"ਸੱਜਣਾ ! ..... !"

"ਕੀ ਆ ਚਾਚਾ .... ।"

"ਪੁੱਤ ਹੁਣ ਵਿਆਹ ਕਰਾ ਲਾ । ਵੇਖ ਕਿੰਨਾ ਪਛੜਦਾ ਜਾਂਦਾ ਏਂ । ਸਾਲ ਪਿਛੋਂ ਇਕ ਨਿਆਣਾ .... !"

"ਚਾਚਾ ਮੇਰੀ ਵੀ ਇਹੋ ਮਰਜ਼ੀ । ਮਾਈਂ ਘਰ ਦੇ ਨੀਂ ਮੰਨਦੇ । ਬੁੱਢਾ ਮੇਰੇ ਹਿਸੇ ਦੇ ਪੈਸੇ ਲੈ ਕੇ ਆਪ ਈ ਖਾ ਖਰਚ ਲੈਂਦਾ ਤੇ ਵਿਆਹ ..... ਉਂਅ .... !"

ਉਸ ਮੱਥੇ 'ਚੋਂ ਚੋਂਦਾ ਮੁੜ੍ਹਕਾ ਪੂੰਝਿਆ ਤਾਂ ਹੱਥ ਨਾਲ ਲੱਗੀ ਮਿੱਟੀ ਨੇ ਮੱਥੇ ਦੀਆਂ ਰੇਖਾਵਾਂ ਨੂੰ ਆਪਣੇ ਹੇਠਾਂ ਕੱਜ ਲਿਆ । ਕਾਲਾ ਆਬਨੂਸੀ ਰੰਗ, ਸੁਤਿਆ ਜਿਸਮ, ਰਗੜ ਕੇ ਮੁੰਨਿਆ ਸਿਰ । ਗੋਲ ਆਕਾਰ ਦੇ ਵੀਹ ਬਾਈ ਸਾਲਾ ਚਿਹਰੇ ਦੀਆਂ ਉਭਰੀਆਂ ਹੱਡੀਆਂ ਵਿਚ ਨਿੱਕੀਆਂ ਨਿੱਕੀਆਂ ਬਰੀਕ ਸੱਠ ਸਾਲਾ ਅੱਖਾਂ ਟੁੱਟਿਆਂ ਬਟਨਾਂ ਤੇ ਅੱਧੀਆਂ ਬਾਹਵਾਂ ਵਾਲਾ ਮੈਲਾ ਕੁੜਤਾ ਗਲ ਤੇ ਤੇੜ ਅਧੋਰਾਣਾ ਪਰਨਾ । ਉਸ ਇਕ ਵਾਰ ਜ਼ੋਰ ਦੀ ਘੁੱਟ ਕੇ ਅੱਖਾਂ ਮੀਚੀਆਂ ਜਿਵੇਂ ਅੱਖਾਂ ਵਿਚ ਵੜਦੇ ਮੁੜ੍ਹਕੇ ਨੂੰ ਵਾਪਸ ਮੋੜਨਾ ਹੋਵੇ । ਫਿਰ ਬਰੀਕ ਅੱਖਾਂ ਨਾਲ ਮੇਰੇ ਅਤੇ ਸੁਖਵੰਤ ਵੱਲ ਇਜ ਵੇਖਿਆ ਜਿਵੇਂ ਕਹਿ ਰਿਹਾ ਹੋਵੇ ਕਿ ਉਹ ਵਾਕਿਆ ਹੀ ਹੁਣ ਜੁਆਨ ਹੋ ਗਿਆ ਹੈ । ਉਸਦਾ ਵਿਆਹ ਹੋਣਾ ਹੀ ਚਾਹੀਦਾ ਹੈ ਤੇ ਉਸਦਾ ਪਿਉ ਠੇਕੇ ਉਤੇ ਮਿਲਦੇ ਉਹਦੇ ਪੈਸੇ ਹਰ ਸਾਲ ਕਿਉਂ ਖਾਵੇ ?

ਸੁਖਵੰਤ ਨੇ ਸ਼ਰਾਰਤੀ ਮੁਸਕਰਾਹਟ ਬੁਲ੍ਹਾਂ ਤੇ ਲਿਆਂਦੀ ਅਤੇ ਮੈਨੂੰ ਅੱਖ ਦੱਬ ਕੇ ਬੋਲਿਆ, "ਸੱਜਣਾ ! ਇਕ ਗੱਲ ਉਂ ਹੋਰ ਵੀ ਐ .... ।"

ਸੱਜਣ ਨੇ ਉਹਦੇ ਮੂੰਹ 'ਤੇ ਅੱਖਾਂ ਗੱਡ ਦਿੱਤੀਆਂ ।

"...... ਕਈ ਵਾਰੀ ਤਾਂ ਯਾਰਾ ਸੋਚੀਦੈ ਵਿਆਹ ਈ ਨਿਰਾ ਪੁਆੜਾ ਐ । ਤਿੰਨ ਚਾਰ ਨਿਆਣੇ ਹੋ ਜਾਣ .... ਉਧਰੋਂ ਉਹ ਤੋੜ ਤੋੜ ਖਾਂਦੇ ਐ । .... ਉਧਰੋਂ ਅੰਤਾਂ ਦੀ ਮਹਿਗਾਈ ਖਾਂਦੀ ਏ । ਨਾ ਚੰਗਾ ਪਾਉਣ ਨੂੰ ਤੇ ਨਾ ਚੰਗਾ ਖਾਣ ਨੂੰ । ਮੈਂ ਤਾਂ ਆਹਨਾਂ ਬੰਦੇ ਦਾ ਪੁੱਤ ਹੋਏ ਤਾਂ ਵਿਆਹ ਕਰਾਏ ਈ ਨਾ । ਮੇਰਾ ਤਾਂ ਕਈ ਵਾਰ ਆਪ ਜ਼ਨਾਨੀ ਛੱਡਣ ਨੂੰ ਚਿੱਤ ਕਰਦੈ । .... ਪਰ ਆਹ ਜਿਹੜੇ ਜਵਾਕ ਜੰਮ ਧਰੇ ਸਹੁਰੀ ਦੇ ... ਮੈਂ ਤਾਂ ਆਹਨਾਂ ਛੱਡ 'ਨਾਂਹ .... ਤੂੰ ਕੀ ਲੈਣਾ ਵਿਆਹ 'ਚੋਂ । .... ਛੜਾ ਰਹਿ ਕੇ ਮੌਜਾਂ ਲੈ ... ।"

ਸੱਜਣ ਨੂੰ ਸੁਖਵੰਤ ਦੇ ਚਿਹਰੇ ਤੇ ਕੋਈ ਸ਼ਰਾਰਤ ਨਾ ਲੱਭ ਸਕੀ । ਉਹ ਉਹ ਦੇ ਫੈਸਲੇ ਨੂੰ ਸੁਣਦਿਆਂ ਨਿਰਾਸ਼ ਜਿਹਾ ਹੋ ਗਿਆ । ਫਿਰ ਸਿਰ ਖੁਰਕਣ ਲੱਗਾ ਤੇ ਜਿਵੇਂ ਕਿਸੇ ਦੀ ਪੇਸ਼ ਨਾ ਜਾਂਦੀ ਹੋਵੇ, ਥੱਕੀ ਜਿਹੀ ਆਵਾਜ਼ ਵਿਚ ਬੋਲਿਆ, 'ਓ ਆਹਖੋ ਚਾਚਾ ! .... ਮੈਂ ਕਿਹੜਾ ਅਗੇ ਕਰਾਉਣ ਡਿਹਾਂ .... ।" ਤੇ ਕਹੀ ਚੁੱਕ ਕੇ ਉਹ ਦਬਾ ਦਬ ਪਰ੍ਹੇ ਤੁਰ ਗਿਆ ।

ਅਸੀਂ ਹੱਸ ਪਏ । ਹੱਸਦਿਆਂ ਸੁਖਵੰਤ ਨੇ ਕਿਹਾ, "ਕੰਜਰਾ ! ਤੁਰ ਪਿਐਂ .... ... ਚੱਲ ਹਾਅ ਡੰਗਰ ਡੱਕ ਘੜੀ ਕੁ ਤੇ ਭਿੱਲੀ ਨੂੰ ਉਰੇ ਘਲਾ । ਇਹਨੂੰ ਘਰ ਘਲਾਈਏ । ਬਲਵੰਤ ਨੂੰ ਆਖੇ ਕੋਈ ਚਾਹ ਪਾਣੀ ਲੈ ਕੇ ਆਵੇ । ਉਹਦਾ ਕਾਮਰੇਡ ਯਾਰ ਆਇਐ ... ।" ਤੇ ਉਹ ਮੇਰੇ ਵਲ ਵੇਖ ਕੇ ਮੁਸਕਰਾ ਪਿਆ । ਮੈਂ ਉਸ ਦਾ ਭਾਵ ਸਮਝਦਾ ਸਾਂ ।

ਬਲਵੰਤ ਉਹਦਾ ਛੋਟਾ ਭਰਾ ਸੀ ਜੋ ਕਾਲਜ ਵਿਚੋਂ ਪੜ੍ਹ ਕੇ ਹਟਿਆ ਸੀ । ਵਧੀਆ ਐਥਲੀਟ ਹੋਣ ਦੇ ਨਾਲ ਨਾਲ ਰਾਜਨੀਤਕ ਸੂਝ ਵੀ ਰੱਖਦਾ ਸੀ । ਉਸ ਅਨੁਸਾਰ ਉਹ ਪਿਛਲੇ ਤਿੰਨਾਂ ਚਹੁੰ ਸਾਲਾਂ ਵਿਚ ਭਾਰਤੀ ਕਮਿਊਨਿਸਟ ਲਹਿਰ ਦਾ ਸਭ ਪਾਸਿਓਂ ਪੱਥਰ ਚੱਟ ਮੁੜਿਆ ਸੀ ਤੇ ਹੁਣ ਉਹ ਕਹਿੰਦਾ ਹੈ ਕਿ ਅਸੀਂ ਸਾਰੇ ਕਾਮਰੇਡ ਕਿਸਮ ਦੇ ਆਦਮੀ ਹਾਂ — ਕਾਮਰੇਡ ਨਹੀਂ । ਜਿਵੇਂ ਪੰਜਵੀਂ ਵਿਚ ਪੜ੍ਹਦੇ ਬੱਚੇ ਯਾਦ ਕਰਨ, ਨਾਉਂ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ ? ਬਸ ਕੁਝ ਇਜ ਹੀ .... ਕਾਮਰੇਡ ਕਿੰਨੀ ਕਿਸਮ ਦੇ ਹੁੰਦੇ ਹਨ ? ... ਸੱਜਾ .... ਖੱਬਾ .... ਨਕਸਲਬਾੜੀਆ ..... ਜਾਂ ਰੂਸ ਪੱਖੀ ? ..... ਚੀਨ ਪੱਖੀ ? .... ਉਹ ਹੱਸਦਾ ..... ਤੇ ਲੋਕ-ਪੱਖੀ ਕਿਉਂ ਨਹੀਂ । ..... ਪਰ ਮਜ਼ੇ ਦੀ ਗੱਲ ਤਾਂ ਇਹ ਸੀ ਕਿ ਅਸੀਂ ਸਾਰੇ ਆਪਣੇ ਆਪ ਨੂੰ ਸਹੀ ਕਮਿਊਨਿਸਟ ਸਮਝਦੇ ਸਾਂ ਤੇ ਘੰਟਿਆਂ-ਬੱਧੀ ਆਪਣੇ ਹੱਕ ਵਿਚ ਦਲੀਲਾਂ ਦੇ ਸਕਦੇ ਸਾਂ । ... ਜਿਵੇਂ ਮੇਲਿਆਂ ਵਿਚ ਵਿਕਦੀ ਵਾਰਸ ਸ਼ਾਹ ਦੀ ਹੀਰ ਉਤੇ ਲਿਖਿਆ ਹੁੰਦਾ ਸੀ, "ਸਭ ਤੋਂ ਅਸਲੀ ਤੇ ਵੱਡੀ ਹੀਰ ਤਸਵੀਰਾਂ ਸਮੇਤ" .... ਇਜ ਹੀ ਸਾਰੇ ਆਪੋ ਆਪਣੀ ਪਾਰਟੀ ਬਾਰੇ ਸੋਚਦੇ ਤੇ ਕਹਿੰਦੇ ਸਾਂ .... ਸਭ ਤੋਂ ਅਸਲੀ ਤੇ ਵੱਡੀ .... ।

"ਇਹ ਵੀ ਸੱਜਣ ਅਕੂੰ ਲੱਠਾ ਈ ਨਿਕਲੂ ... ।" ਸੱਜਣ ਦਾ ਛੋਟਾ ਭਰਾ ਭਿੱਲੀ ਖੜ੍ਹਾ ਸੀ । ਬਾਰਾਂ ਚੌਦਾਂ ਸਾਲਾਂ ਦਾ ਸੁੱਕਾ ਜਿਹਾ ਮਾੜਚੂ ਸਰੀਰ । ਖੁੱਚਾਂ ਘੱਟੇ ਨਾਲ ਭਰੀਆਂ 'ਤੇ ਹੱਥ ਵਿਚ ਪਾਟੀ ਬੈਂਤ ਦਾ ਸੋਟਾ ।

ਸੁਖਵੰਤ ਮੁਸਕਰਾ ਰਿਹਾ ਸੀ । ਫਿਰ ਉਸ ਨੇ ਇਹਨਾਂ ਦਿਨਾਂ ਵਿਚ ਅੱਗੇ ਕਈ ਵਾਰ ਭਿੱਲੀ ਨਾਲ ਕੀਤੀ ਗੱਲ ਸਿਰਫ ਸੁਆਦ ਲੈਣ ਲਈ ਦੁਹਰਾਈ, "ਭਿੱਲੀ ! ... ਭਿੱਲੀ ! ..... ਐਤਕੀਂ ਸੁਣਿਐ ਤੇਰੇ ਪਿਉ ਨੇ ਜਿਹੜੀ ਬਿਸ਼ਨੇ ਕਿਆਂ ਤੋਂ ਕਿੱਲਾ ਪੈਲੀ ਆਪ ਲੈ ਕੇ ਵਾਹੀ ਸੀ । ਉਸ ਵਿਚੋਂ ਬੜੇ ਦਾਣੇ ਹੋਏ ਨੇ !"

ਭਿੱਲੀ ਪਹਿਲਾਂ ਜਿਵੇਂ ਮਾੜਾ ਜਿਹਾ ਸੰਗਿਆ । ਉਸ ਪਾਸੇ ਮੂੰਹ ਕੀਤਾ ਤੇ ਡੰਡੇ ਨਾਲ ਖੁੱਚ ਖੁਰਕਣ ਲੱਗ ਪਿਆ ।

"ਦਸ ਪੁੱਤ !" .... ਸੰਗਦਾ ਕਿਉਂ ਏਂ ?"

"ਬੜੇ ਨਿਕਲੇ .... ।"

"ਤਾਂ ਵੀ ਕਿੰਨੇ ਕੁ ?" .... ਪੰਜ ਕੁ ਸੌ ਭਰੀ ਨਿਕਲ ਆਈ ਹੋਊ ਕਿੱਲੇ 'ਚੋਂ .... ?

"ਆਹਖੋ ।"

"ਦਾਣੇ ਤਾਂ ਫਿਰ ਆ ਗਏ ਹੋਣਗੇ ਤਿੰਨ ਚਾਰ ਸੌ ਮਣ .... ?"

"ਤਿੰਨ ਸੌ ਮਣ ਹੋਏ .... ।"

ਅਸੀਂ ਉਸ ਦੇ ਸਿੱਧੜ-ਪੁਣੇ ਤੇ ਹੱਸ ਪਏ । ਅਚਾਨਕ ਮੈਂ ਪੁੱਛ ਲਿਆ, ਉਏ ਏਨੇ ਦਾਣੇ ਸਾਂਭੇ ਕਿੱਥੇ ਜੇ ?"

"ਲੈ ..... ਗਏ ਕਿ .... !" ਜੁਆਬ ਜਿਵੇਂ ਪਹਿਲਾਂ ਹੀ ਉਸ ਦੇ ਹੋਠਾਂ ਉਤੇ ਸੀ ।

"ਕੌਣ ?"

".... ਜਿਨ੍ਹਾਂ ਦੇ ਦੇਣੇ ਸਨ ...... ।"

ਹੱਸਦਾ ਹੱਸਦਾ ਮੈਂ ਚੁੱਪ ਕਰ ਗਿਆ । ਛੁਰੀ ਜਿਵੇਂ ਮੇਰਾ ਅੰਦਰ ਬਾਹਰ ਚੀਰ ਗਈ ਹੋਵੇ । ਉਹਦੇ ਸਿੱਧੜ-ਪੁਣੇ 'ਚ ਆਏ ਦਾਣਿਆਂ ਬਾਰੇ ਕਿੰਨਾ ਝੂਠ ਸੀ ਤੇ ਗਏ ਦਾਣਿਆਂ ਬਾਰੇ ਕਿੰਨਾਂ ਸੱਚ ! .....

ਭਿੱਲੀ ਪਿੰਡ ਨੂੰ ਤੁਰ ਗਿਆ ਸੀ । ਮੈਂ ਟਰਾਂਜਿਸਟਰ ਉਚਾ ਕਰਕੇ ਅੰਦਰਲੇ ਸ਼ੋਰ ਤੋਂ ਬਚਣਾ ਚਾਹੁੰਦਾ ਸਾਂ । ਮੇਰੇ ਸਾਹਮਣੇ ਘੱਟੇ-ਭਰੇ ਸੁੱਕੇ ਸਰੀਰ ... ਜਿਵੇਂ ਕਬਰਾਂ 'ਚੋਂ ਮੁਰਦੇ ਉਠ ਕੇ ਆ ਗਏ ਹੋਣ । ... ਰੌਲਾ ਪਾ ਰਹੇ ਸਨ .... ਚੀਕ ਰਹੇ ਸਨ .... ਸੜਕਾਂ ਬਾਜ਼ਾਰ ਭਰੇ ਹੋਏ ..... ਜਿਵੇਂ ਕਹਿ ਰਹੇ ਸਨ ...... ਦਾਣੇ ਕੌਣ ਲੈ ਗਏ ? ..... ਦਾਣੇ ਕਿਉਂ ਲੈ ਗਏ ? .... ਲਹੂ ਚੋਂਦੀਆਂ ਅੱਖਾਂ ਤੇ ਗੁਸੈਲ ਮੂੰਹ .... ਜਿਵੇਂ ਕਿਸੇ ਨੂੰ ਕੱਚਿਆਂ ਖਾ ਜਾਣਾ ਹੋਵੇ ..... ਤੇ ਫਿਰ ਕਦੀ ਦੂਜੇ ਹੀ ਪਲ ਪੱਥਰ ਵਾਂਗ ਬੇਹਰਕਤ ਸਿਰ ਸੁੱਟੀ ਖੜੋਤੇ .... ਮੋਮ ਵਾਂਗ ਸੜਕਾਂ 'ਤੇ ਪਿਘਲਦੇ ... !

ਮੈਨੂੰ ਚੁੱਪ ਵੇਖ ਕੇ ਸੁਖਵੰਤ ਹੱਸਿਆ । ਉਸ ਅਨੁਸਾਰ ਇਹ ਦੋਵੇਂ ਭਰਾ, ਖਾਸ ਤੌਰ ਤੇ ਸੱਜਣ — ਅਜਿਹੀਆਂ ਦਿਲਚਸਪ ਗੱਲਾਂ ਆਮ ਹੀ ਕਰਦੇ ਰਹਿੰਦੇ ਸਨ ਤੇ ਉਹ ਫਿਰ ਸੱਜਣ ਬਾਰੇ ਦੱਸਣ ਲੱਗਾ ।

ਅੱਗੇ ਹਰ ਸਾਲ ਸੱਜਣ ਦੇ ਠੇਕੇ ਤੇ ਮਿਲਦੇ ਪੈਸੇ ਉਸ ਦਾ ਪਿਉ ਹੀ ਲੈ ਲੈਂਦਾ ਸੀ । ਪਰ ਐਤਕੀਂ ਜ਼ਿਦ ਕਰਨ ਕਰਕੇ ਵਿਚੋਂ ਸੌ ਰੁਪਿਆ ਸੱਜਣ ਨੂੰ ਵੀ ਮਿਲ ਗਿਆ ਸੀ । ਪਿਛਲੇ ਦਿਨੀਂ ਉਹ ਸੁਖਵੰਤ ਨਾਲ ਪਹਿਲੀ ਵਾਰ ਕਿਸੇ ਕੰਮ ਸ਼ਹਿਰ ਗਿਆ ਤਾਂ ਉਹਦੀ ਜੇਬ ਵਿਚ ਸੌ ਰੁਪਿਆ ਸੀ । ਉਹ ਸਾਮਾਨ ਨਾਲ ਭਰੀਆਂ ਵੱਖ ਵੱਖ ਦੁਕਾਨਾਂ ਵੇਖ ਵੇਖ ਹੈਰਾਨ ਹੋ ਰਿਹਾ ਸੀ ਕਿ ਸੁਖਵੰਤ ਨੇ ਕਿਹਾ, "ਓ ਕੰਜਰ ਦਿਆ ! .... ਮੂੰਹ ਚੁੱਕ ਚੁੱਕ ਉਠ ਅਕੂੰ ਕਿਧਰ ਵਿਹਨਾਂ ? ਕਿਤੇ ਥੱਲੇ ਆਉਣਾ ਈ ?" ਸੱਜਣ ਉਤਸੁਕ ਨਿਗਾਹਾਂ ਨਾਲ ਦੁਕਾਨਾਂ ਵੱਲ ਵੇਖਦਾ ਹੋਇਆ ਅਚਾਨਕ ਬੋਲ ਉਠਿਆ, "ਚਾਚਾ ! ਇਸ ਦੁਕਾਨ 'ਚ ਘੱਟੋ ਘੱਟ ਸੌ ਰੁਪੈ ਦਾ ਸਾਮਾਨ ਤਾਂ ਹੋਊ .... ?" ਤੇ ਉਹ ਜੇਬ ਵਿਚ ਪਏ ਸੌ ਰੁਪਏ ਦੇ ਨੋਟ ਨੂੰ ਪਲੋਸਣ ਲੱਗਾ ।

ਉਹਦੀ ਗੱਲ ਸੁਣ ਕੇ ਮੈਂ ਮੁਸਕਰਾਉਣੋਂ ਨਾ ਰਹਿ ਸਕਿਆ । ਅਸੀਂ ਸਲਾਹ ਕੀਤੀ ਕਿ ਬਲਵੰਤ ਦੇ ਚਾਹ ਅਤੇ ਰੋਟੀ ਲਿਆਉਣ ਸਮੇਂ ਜ਼ਰੂਰ ਘੜੀ ਕੁ ਸੱਜਣ ਨੂੰ ਛਾਵੇਂ ਬਿਠਾ ਕੇ ਉਸ ਨਾਲ ਗੱਲਾਂ ਕਰਾਂਗੇ ।

ਗਰਮੀ ਬਹੁਤ ਸੀ । ਮੈਂ ਬੰਬੀ ਦੇ ਚੁਬੱਚੇ 'ਚ ਵੜ ਗਿਆ । ਨਹਾ ਕੇ ਜਦੋਂ ਮੈਂ ਨਿੰਮ ਹੇਠਾਂ ਆ ਕੇ ਬੈਠਾ ਤਾਂ ਲਾਹੌਰ ਤੋਂ ਰੇਸ਼ਮਾਂ ਦੀ ਆਵਾਜ਼ ਵਿਚ ਵਾਰਸ ਸ਼ਾਹ ਦੀ ਹੀਰ ਦੇ ਬੋਲ ਮੇਰੇ ਅੰਦਰ ਨੂੰ ਝੂਣ ਗਏ ।

"..... ਕਮਾਲ ਉਏ ਵਾਰਸਾ ! ...... ਸਦਕੇ ਨੀ ਰੇਸ਼ਮਾਂ ..... !" ਮੈਂ ਸਿਰ ਹਿਲਾ ਰਿਹਾ ਸਾਂ ਤੇ ਸੋਚ ਰਿਹਾ ਸਾਂ ਪੰਜਾਬ ਤੇ ਪੰਜਾਬੀਅਤ ਬਾਰੇ । ਪੰਜਾਬ ਦੇ ਟੋਟੇ ਕੀਤੇ ਜਾ ਸਕਦੇ ਹਨ — ਪੰਜਾਬੀ ਦੇ ਨਹੀਂ । ਬਾਡਰ ਚਲਦੀ ਗੱਡੀ ਨੂੰ ਅੱਗੇ ਜਾਣੋਂ ਰੋਕ ਸਕਦਾ ਹੈ — ਪਰ ਹੀਰ ਦੇ ਨਸ਼ਿਆਏ ਬੋਲਾਂ ਨਾਲ ਗੜੁੱਚ ਹਵਾ ਨੂੰ ਨਹੀਂ ... ।" ਰੇਸ਼ਮਾਂ ਦੀ ਆਵਾਜ਼ ਤੇ ਮੇਰਾ ਝੂਮ ਰਿਹਾ ਸਰਹੱਦਾਂ ਉਤੇ ਤਣੀਆਂ ਸੰਗੀਨਾਂ ਨੂੰ ਸ਼ਰਮਿੰਦਾ ਕਰ ਰਹੇ ਸਨ ।

"ਨਜ਼ਾਮਦੀਨ ਨੂੰ ਸੁਣਦਾ ਹੁੰਦੈਂ"? ਜਮਹੂਰ ਦੀ ਆਵਾਜ਼ ਪ੍ਰੋਗਰਾਮ 'ਚ .... ?" ਮੈਂ ਅਚਾਨਕ ਸੁਖਵੰਤ ਨੂੰ ਸਵਾਲ ਕਰ ਦਿਤਾ ।

"ਬਹੁਤ ਬਕਵਾਸ ਕਰਦਾ ਹੁੰਦੈ .... ਭਾਰਤ ਦੇ ਖਿਲਾਫ .... ਖਾਸ ਤੌਰ ਤੇ ਲੜਾਈ ਦੇ ਦਿਨੀਂ ।" ਸੁਖਵੰਤ ਦੇ ਬੋਲ ਸਨ ।

".....ਚ.......ਚ......ਚ ਨਹੀਂ ਉਏ ਗੱਲ ਉਸ ਬੰਦੇ ਦੀ ਪੰਜਾਬੀ ਬੋਲਣ ਦੀਆਂ ..... ਉਸਦੀ ਆਵਾਜ਼ 'ਚ ਬਕਵਾਸ ਸੁਣਿਆਂ ਵੀ ਮਜ਼ਾ ਆਉਂਦੈ .....

"ਤੂੰ ਜਜ਼ਬਾਤੀ ਮੂਰਖ ਏਂ .... ਦੁਸ਼ਮਨ ਦਾ ਪ੍ਰਾਪੇਗੰਡਾ, ਤੇ ਤੈਨੂੰ ਚੰਗਾ ਲੱਗਦਾ .... ?"

ਬਾਕੀ ਪੰਨਾ 24 ਉੱਤੇ



Kuldip S. Jhand

WHEATON

PONTIAC BUICK GMC LTD.

ਤੁਹਾਡੇ ਲਈ ਪੈਸਿਆਂ ਦਾ ਬੰਦੋਬਸਤ ਕੀਤਾ ਜਾਂਦਾ ਹੈ । ਥੋੜੀ ਜਿਹੀ ਡਾਊਨ ਪੇਮੈਂਟ ਦੇ ਸਾਡੇ ਕੋਲੋਂ ਅਸਾਨ ਕਿਸ਼ਤਾਂ ਤੇ ਕਾਰਾਂ ਲਓ

ਅਸੀਂ ਤੁਹਾਡੀਆਂ ਪੁਰਾਣੀਆਂ ਕਾਰਾਂ, ਵੈਨਾਂ ਆਦਿ ਵੀ ਚੰਗੇ ਭਾਅ ਤੇ ਖ਼ਰੀਦਦੇ ਹਾਂ — ਇਕ ਵਾਰ ਦਰਸ਼ਨ ਜ਼ਰੂਰ ਦਿਓ

ਕੁਲਦੀਪ ਸਿੰਘ ਝੰਡ
ਨੂੰ ਮਿਲੋ ਜਾਂ ਫੋਨ ਕਰੋ

Bus. 526-2781
Res. 524-4137
Pager 687-7711 #7610

SUPER BUYS

325 - 12th St., New Westminster, B.C.

BOMBAY SWEETS
& Restaurants
6556 - 6560 MAIN ST. VANCOUVER
Ph. 321-1414
874-5722
For Largest Variety in Indian Sweets
Delicious Indian food

ਪੰਨਾ ੨੩ ਦੀ ਬਾਕੀ

ਕੌਣ ਸਾਲਾ ਦੋਸਤ ਤੇ ਕੌਣ ਦੁਸ਼ਮਣ .... ? ਤੈਨੂੰ ਕੀ ਪਤਾ .... ਬੱਸ ਮਜ਼ਾ ਈ ਖਰਾਬ ਕਰ 'ਤਾ ...." ਮੇਰਾ ਮੱਥਾ ਤਿਊੜੀਆਂ ਨਾਲ ਭਰ ਗਿਆ :

"ਆਹੋ ! ਤੇਰਾ ਤਾਂ ਉਹ ਦੋਸਤ ਈ ਹੋਊ । ਚੀਨ ਨਾਲ ਜੁ ਯਾਰੀ ਹੋਈ ਉਸ ਦੀ ।" ਉਹ ਮਿਹਣਿਆਂ ਤੇ ਉਤਰ ਆਇਆ ਸੀ ।

"ਚੀਨ ਵਲ ਬੜਾ ਭੱਜ ਭੱਜ ਪੈਂਦੇ ਜੇ .... ਆਪਣੇ ਮਾਮੇ ਰੂਸ ਬਾਰੇ ਤੇਰਾ ਕੀ ਖਿਆਲ ਐ ?" ਤੇ ਗੱਲ ਸਿਧਾਂਤਕ ਲੀਹ ਤੇ ਹੋ ਤੁਰੀ । ਉਹ ਆਪਣਾ ਸਾਂਰਾ ਤਾਣ ਲਾ ਕੇ ਚੀਨ ਨੂੰ ਝੂਠਿਆਂ ਕਰ ਰਿਹਾ ਸੀ । ਬੰਗਲਾ ਦੇਸ਼ ਦੀ ਆਜ਼ਾਦੀ ਦਾ ਘੋਲ .... ਚੀਨ ਨੂੰ ਪਾਕਿਸਤਾਨ ਦੀ ਮਦਦ ਕਰਨ ਕਰਕੇ ਬੰਗਲਾ ਦੇਸ਼ ਵਿਚ ਹੋਏ ਕਤਲਾਮ ਦਾ ਜ਼ਿਮੇਂਵਾਰ ਕਹਿ ਰਿਹਾ ਸੀ । .... ਤੇ ਮੈਂ ਰੂਸ ਨੂੰ ਸਮਾਜਕ ਸਾਮਰਾਜੀ ਸਾਬਤ ਕਰਨ ਲਈ ਸਿਰਤੋੜ ਜ਼ੋਰ ਲਾ ਰਿਹਾ ਸਾਂ । ਬੰਗਲਾ ਦੇਸ਼ ਨੂੰ ਲੁੱਟ ਦੀ ਨਵੀਂ ਮੰਡੀ .... ਜੰਗੀ ਕੈਦੀਆਂ ਨੂੰ ਨਾ ਛੱਡਣ ਦੀ ਭਾਰਤ ਦੀ ਜ਼ਿਦ ਤੇ ਰੂਸ ਦਾ ਭਾਰਤ ਦੀ ਪਿੱਠ ਠੋਕਣਾ .... ।

ਏਨੇ ਵਿਚ ਬਲਵੰਤ ਚਾਹ ਤੇ ਰੋਟੀ ਲੈ ਆਇਆ ਸੀ । ਸਾਡੇ ਸਿੰਙ ਫਸੇ ਵੇਖ ਕੇ ਉਸ ਮੁਸਕਰਾ ਰਿਹਾ ਸੀ । ਸੱਜਣ ਨੂੰ ਰੋਟੀ ਲਈ ਆਵਾਜ਼ ਦੇ ਕੇ ਉਹਨੇ ਸਾਨੂੰ ਗਲਾਸਾਂ ਵਿਚ ਚਾਹ ਪਾ ਕੇ ਦਿੱਤੀ । ਅਸੀਂ ਦੋਵੇਂ ਚਾਹ ਪੀ ਰਹੇ ਸਾਂ ਤੇ ਨਾਲ ਰੂਸ ਤੇ ਚੀਨ ਨੂੰ ਆਪੋ ਆਪਣੀ ਥਾਂ ਤੇ ਠੀਕ ਸਾਬਤ ਕਰਨ ਲਈ ਜ਼ੋਰ ਲਾ ਰਹੇ ਸਾਂ ।

ਬਲਵੰਤ ਹੱਸਿਆ, "ਭਾ ਜੀ । ਮੈਂ ਹਾਪ ਸਟੈਂਪ ਐਂਡ ਜੰਪ ਲਾਉਂਦਾ ਹਾਂ । ਇਹ ਜੰਪ ਲੱਗਿਆਂ ਲਕੀਰ ਤੋਂ ਪੈਰ ਉਠਾ ਕੇ ਉਹੋ ਪੈਰ ਫਿਰ ਅੱਗੇ ਜ਼ਮੀਨ ਤੇ ਸੁੱਟੀਦਾ ਏ ਫਿਰ ਦੂਜਾ ਪੈਰ ਥੋੜਾ ਕੁ ਧਰਤੀ ਤੇ ਛੁਹਾ ਕੇ ਅਖਾੜੇ 'ਚ ਛਾਲ ਮਾਰ ਦੇਈਦੀ ਏ .... ।"

ਅਸੀਂ ਉਸਦਾ ਮਤਲਬ ਨਹੀਂ ਸਾਂ ਸਮਝੇ । ਚਿਹਰਿਆਂ ਤੇ ਹੈਰਾਨੀ ਦਾ ਪ੍ਰਭਾਵ ਤੱਕਦਿਆਂ ਉਹ ਬੋਲਿਆ, "ਸੋ ਹਾਲ ਸਾਡੇ ਭਾਰਤੀ ਕਾਮਰੇਡਾਂ ਦਾ ਏ ... । ਇਹਨਾਂ ਦਾ ਵੀ ਇਕ ਪੈਰ ਚੀਨ ਤੇ ਇਕ ਰੂਸ 'ਚ ਅਤੇ ਉਸ ਛਾਲ ਆਂਗੂੰ ਥੋੜ੍ਹਾ ਜਿਹਾ ਪੈਰ ਹੀ ਭਾਰਤ 'ਚ ਲਾਉਂਦੇ ਨੇ .... ਖਬਰੇ ਕੰਡੇ ਚੁੱਭਦੇ ਹੋਣ .... ।"

ਸਾਡੀ ਬਹਿਸ ਕੁਝ ਜ਼ਿਆਦਾ ਵਿਸਥਾਰ ਫੜ ਗਈ ਸੀ । ਅਸੀਂ ਉਸਦੇ ਵਿਅੰਗ ਉਤੇ ਸਿਰਫ ਮੁਸਕਰਾਏ ਹੀ ਤੇ ਫਿਰ ਬਹਿਸ ਵਿਚ ਰੁੱਝ ਗਏ । ਉਹ ਸੱਜਣ ਨੂੰ ਰੋਟੀ ਫੜਾ ਕੇ ਉਹਦੀ ਬਾਟੀ 'ਚ ਚਾਹ ਉਲੱਦਣ ਲੱਗਾ । ਸਾਨੂੰ ਸੱਜਣ ਨਾਲ ਗੱਲਾਂ ਕਰਨ ਦਾ ਚੇਤਾ ਹੀ ਭੁੱਲ ਗਿਆ ਸੀ ।

ਗੱਲ ਸੰਸਾਰ ਇਨਕਲਾਬ ਪ੍ਰਤੀ ਰੂਸ ਅਤੇ ਚੀਨ ਦੇ ਦ੍ਰਿਸ਼ਟੀਕੋਣ ਤੇ ਚੱਲ ਰਹੀ ਸੀ । ਸੁਖਵੰਤ ਬ੍ਰਿਜ਼ਨੇਵ ਦੇ ਅਮਰੀਕਾ ਵਿਚ ਜਾ ਕੇ ਨਿਕਸਨ ਨਾਲ ਸਮਝੌਤੇ ਨੂੰ ਅਮਨਪਸੰਦ ਤਾਕਤਾਂ ਦੀ ਜਿੱਤ ਕਹਿ ਰਿਹਾ ਸੀ ਤੇ ਮੈਂ ਪੁੱਛ ਰਿਹਾ ਸਾਂ ਕਿ ਚੀਨ ਵਿਚ ਨਿਕਸਨ ਦਾ ਜਾਣਾ ਫਿਰ ਦੋ ਜੰਗ-ਬਾਜ਼ਾਂ ਦੀ ਮਿਲਣੀ ਕਿਵੇਂ ਸੀ

ਅਸੀਂ ਹਫੇ ਹੋਏ ਮੂੰਹਾਂ ਵਿਚੋਂ ਝੱਗ ਸੁੱਟ ਰਹੇ ਸਾਂ ਕਿ ਅਚਾਨਕ ਬਲਵੰਤ ਸੱਜਣ ਦੀ ਕਿਸੇ ਗੱਲ ਤੋਂ ਖਿੜ ਖਿੜਾ ਕੇ ਹੱਸ ਪਿਆ, "ਭਾ ਜੀ ! .... ਆਪਣੀ ਬਹਿਸ ਛੱਡ ਕੇ ਜ਼ਰਾ ਔਹ ਵੇਖੋ ਸੱਜਣ ਦਾ ਤਾਇਆ ਜਾਂਦਾ । ਉਹਦੀ ਪੱਗ ਦਾ ਰੰਗ ਵੇਖੋ ਰਤਾ ..... ।"

ਅਸੀਂ ਵੇਖਿਆ ਗੂੜ੍ਹੀ ਲੱਲ ਪੱਗ ਬੰਨ੍ਹੀ ਸੱਜਣ ਦਾ ਤਾਇਆ ਰੇਲਵੇ ਲਾਈਨ ਵਲ ਜਾ ਰਿਹਾ ਸੀ ।

ਤੇ ਹੱਸਦਿਆਂ ਬਲਵੰਤ ਨੇ ਸੱਜਣ ਦੀ ਗੱਲ ਸੁਣਾਈ ; ਜਿਹੜੀ ਸੱਜਣ ਨੇ ਆਪਣੇ ਤਾਏ ਦੀ ਬਣਾ ਸਵਾਰ ਕੇ ਬੱਝੀ ਲਾਲ ਪੱਗ ਨੇ ਵੇਖ ਕੇ ਕਹੀ ਸੀ । ਅਖੇ ...!"

"ਤਾਏ ਨੇ ਅੱਜ ਬੜੀ ਲੀਲੀ ਬੱਧੀ ਆ ! ....."

ਮੈਂ ਹੈਰਾਨੀ ਵਿਚ ਹਸਦਿਆਂ ਸੱਜਣ ਨੂੰ ਪੁੱਛਿਆ, "ਉਏ ਸਹੁਰੀ ਦਿਆ ! ..... ਤੈਨੂੰ ਰੰਗਾਂ ਦੀ ਵੀ ਪਛਾਣ ਨਹੀਂ ?"

ਉਹ ਥੋੜ੍ਹਾ ਜਿਹਾ ਸੰਗਿਆ । ਫਿਰ ਬੋਲਿਆ, "ਓ ਭਾਊ ! ਸਾਨੂੰ ਕੀ ਪਤਾ .....।"

ਉਹ ਹੱਥ ਵਿਚ ਫੜੀ ਰੋਟੀ ਵੱਲ ਵੇਖਣ ਲੱਗਾ ਤੇ ਅਸੀਂ ਇਕ ਦੂਜੇ ਦੇ ਮੂੰਹ ਵੱਲ ।



ਨਾਟਕ 'ਭੱਜੀਆਂ ਬਾਹੀਂ' ਦਾ ਇਕ ਦ੍ਰਿਸ਼

# ਭੱਜੀਆਂ ਬਾਹੀਂ

ਲੋਕ ਕਲਾ ਮੰਚ ਮਾਨਸਾ ਵੱਲੋਂ ਰਮਨ ਸਿਨੇਮਾ ਮਾਨਸਾ ਵਿਖੇ ਵਰਿਆਮ ਸਿੰਘ ਸੰਧੂ ਦੀ ਕਹਾਣੀ 'ਭੱਜੀਆਂ ਬਾਹੀਂ' ਨੂੰ ਨਾਟਕੀ ਰੂਪ ਵਿਚ ਪ੍ਰੋ: ਅਜਮੇਰ ਔਲਖ ਦੀ ਨਿਰਦੇਸ਼ਨਾ ਅਧੀਨ ਪੇਸ਼ ਕੀਤਾ ਗਿਆ ।

ਇਸ ਨਾਟਕ 'ਭੱਜੀਆਂ ਬਾਹੀਂ' ਦੀ ਕਹਾਣੀ ਇਸ ਤਰ੍ਹਾਂ ਸ਼ੁਰੂ ਹੁੰਦੀ ਹੈ: ਇਕ ਸੂਤਰਧਾਰ ਮੰਚ ਤੇ ਪ੍ਰਵੇਸ਼ ਕਰਦਾ ਹੈ ਜਿਥੇ ਇਕ ਕਾਮਰੇਡ ਆਪਣਾ ਹੀ ਰੌਲਾ ਪਾਉਂਦਾ ਹੋਇਆ ਪ੍ਰਵੇਸ਼ ਹੁੰਦਾ ਹੈ ਪਰ ਸੂਤਰਧਾਰ ਉਸ ਨੂੰ ਉਸ ਦੀ ਜਵਾਨੀ ਵੇਲੇ ਦੀ ਗੱਲ ਯਾਦ ਕਰਵਾ ਦਿੰਦਾ ਹੈ । ਇਸ ਤੋਂ ਕਹਾਣੀ ਤੁਰਦੀ ਤੁਰਦੀ ਅੱਜਕਲ੍ਹ ਦੇ ਵਰਤਮਾਨ ਮਾਹੌਲ ਤੱਕ ਪਹੁੰਚ ਜਾਂਦੀ ਹੈ । ਇਕ ਹਿਦੂ ਪਰਿਵਾਰ ਦੀ ਬੁਣਤਰ ਤੇ ਟੁੱਟ-ਭੱਜ ਨੂੰ ਸਮੁੱਚੇ ਭਾਰਤ ਦੇ ਅਜੋਕੇ ਮਾਹੌਲ ਦੀ ਤਸਵੀਰ ਵਜੋਂ ਪ੍ਰਤੀਕਾਤਮਕ ਰੂਪ ਵਿਚ ਪੇਸ਼ ਕੀਤਾ ਗਿਆ ।

ਇਸ ਨਾਟਕ ਨੇ ਭਾਵੇਂ ਦਰਸ਼ਕਾਂ ਨੂੰ ਕੀਲਕੇ ਰੱਖਿਆ ਪਰ ਫਿਰ ਵੀ ਕੁਝ ਘਾਟਾਂ ਰੜਕਦੀਆਂ ਸਨ । ਮੰਚ ਦੇ ਪਿਛਲੇ ਪਾਸੇ ਕਲਾਕਾਰ ਨੱਠਦੇ ਭੱਜਦੇ ਦਿਖਾਈ ਦਿੰਦੇ ਰਹੇ ।

ਇਸ ਨਾਟਕ 'ਚ ਦਰਸ਼ਕਾਂ ਵਿਚੋਂ ਵਾਹਵਾ ਖੱਟੀ ਕਾਂਤਾ ਦੇ ਪਾਤਰ ਨੂੰ ਨਿਭਾ ਰਹੀ ਸੁਪਨਦੀਪ (ਕਰਨੀ) ਨੇ । ਰਾਮ ਲਾਲ ਦੇ ਪਾਤਰ ਵਜੋਂ ਰਾਜ ਜੋਸ਼ੀ ਆਪਣੇ ਵਿਅੰਗਮਈ ਡਾਇਲਾਗ ਅਤੇ ਪਿੱਠ ਦੇ ਕੁੱਬ ਨੂੰ ਉਭਾਰਕੇ ਦਰਸ਼ਕਾਂ ਅੱਗੇ ਅਸਲੀ ਬਾਣੀਏ ਦੇ ਤੌਰ ਤੇ ਜੀਵਿਆ । ਸਭ ਤੋਂ ਵੱਧ ਪ੍ਰਭਾਵਿਤ ਕਰਨ ਵਾਲੇ ਪਾਤਰ ਫੌਜੀ ਦਾ 'ਆਈ ਮੀਨ' ਤਕੀਆ-ਕਲਾਮ ਦਰਸ਼ਕਾਂ ਦੇ ਦਿਮਾਗ ਵਿਚ ਖੁੱਭ ਗਿਆ । ਇਸ ਡਾਇਲਾਗ ਤੋਂ ਇਲਾਵਾ ਉਸ ਦੀਆਂ ਗੱਲ੍ਹਾਂ ਦਾ ਫੁਲਣਾ ਸਭਨਾਂ ਨੂੰ ਬਹੁਤ ਭਾਇਆ । ਬਾਕੀ ਪਾਤਰ ਵੀ ਠੀਕ ਹੀ ਰਹੇ । ਵੱਡੇ ਘਰ ਦੀ ਧੀ ਵਜੋਂ ਉੱਭਰੀ ਪਾਤਰ ਮਨਜੀਤ ਔਲਖ ਭਾਵੇਂ ਦਰਸ਼ਕਾਂ ਨੂੰ ਹਸਾਉਂਦੀ ਰਹੀ ਪਰ ਉਸ ਦੀ ਐਕਟਿੰਗ ਥੋੜ੍ਹੀ ਓਵਰ ਸੀ ।

ਇਸ ਨਾਟਕ ਦਾ ਨਿਰਦੇਸ਼ਨ ਦਿੱਤਾ ਸੀ ਪ੍ਰਸਿੱਧ ਨਾਟਕਕਾਰ ਪ੍ਰੋ: ਅਜਮੇਰ ਔਲਖ ਨੇ ਅਤੇ ਲਾਈਟਾਂ ਦਾ ਕੰਮ ਕੀਤਾ ਪ੍ਰਸਿੱਧ ਨਾਟਕਕਾਰ ਟੋਨੀਬਾਤਿਸ਼ ਅਤੇ ਚਰਨਜੀਤ ਸੰਧੂ ਨੇ । ਇਸ ਨਾਟਕ ਨੂੰ ਭਾਵੇਂ ਲੋਕਾਂ ਨੇ 25 ਰੁਪਏ ਦੀ ਟਿਕਟ ਖਰੀਦਕੇ ਦੇਖਿਆ ਪਰ ਉਹ ਇੰਨੇ ਖੁਸ਼ ਦਿਖਾਈ ਦਿੰਦੇ ਸਨ ਕਿ ਜਿਵੇਂ ਉਨ੍ਹਾਂ ਨੂੰ ਇਹ ਮੁਫਤ 'ਚ ਦਿਖਾਇਆ ਗਿਆ ਹੋਵੇ । ਇਹ ਸਮਾਰੋਹ ਰੋਟਰੀ ਕਲੱਬ ਵੱਲੋਂ ਕਰਵਾਇਆ ਗਿਆ ਸੀ । ਕਲੱਬ ਨੇ ਟਿਕਟਾਂ ਤਾਂ ਵੇਚੀਆਂ ਪਰ ਸਰਕਾਰ ਨੂੰ ਕੋਈ ਟੈਕਸ ਅਦਾ ਨਹੀਂ ਕੀਤਾ ਜਿਸ ਦੀ ਸਾਰੇ ਸ਼ਹਿਰ ਵਿਚ ਆਮ ਚਰਚਾ ਹੈ ।

—ਗੁਰਤੇਜ ਪਿਆਸਾ


Chevron

**Fine Automotive Ltd.**

15220-56th. Ave., Surrey, B.C. V3S 4N7

**Automotive Repairs & Services**

ਕਿਸੇ ਵੀ ਵੱਡੀ ਮੁਰੰਮਤ ਦੇ 10% off ਅਤੇ ਫਰੀ courtesy call

- ☐ Tune ups ☐ Brakes ☐ Shocks
- ☐ Lubrications ☐ Exhaust ☐ Gas
- ☐ Electrical Welding

Sarjit Hunjan Ph. 576-2014

Jolly Sanjose Service Manager


## ਮੈਟਰੀਮੋਨੀਅਲ

ਜੱਟ ਸਿੱਖ ਕੋਨਵੈਂਟ ਪੜ੍ਹੀ ਗਰੈਜੂਏਟ ਇੰਡੀਆ ਰਹਿੰਦੀ ਉਮਰ 29 ਸਾਲ ਰੰਗ ਗੋਰਾ ਪੰਜ ਫੁੱਟ ਤਿੰਨ ਇੰਚ ਲੰਬੀ ਜਿਸ ਦੀ ਪਹਿਲੀ ਮੈਰਿਜ ਡਾਊਰੀ ਡਿਮਾਂਡ ਕਾਰਣ 4 ਮਹੀਨੇ ਪਿਛੋਂ ਸਿਰੇ ਨਾ ਚੜ੍ਹ ਸਕੀ, ਉਚੇ ਪੜ੍ਹੇ ਲਿਖੇ ਪ੍ਰਵਾਰ ਦੀ ਲੜਕੀ ਜਿਸ ਦਾ ਪਿਉ ਪਬਲਿਕ ਸੈਕਟਰ ਦਾ ਵੱਡਾ ਅਫਸਰ ਰਿਟਾਇਰਡ ਹੈ ਤੇ ਭਰਾ ਹਿੰਦੁਸਤਾਨ ਤੇ ਕੈਨੇਡਾ ਵਿਚ ਇੰਜਨੀਅਰ ਤੇ ਡਾਕਟਰ ਹਨ ਲਈ ਯੋਗ ਵਰ ਦੀ ਲੋੜ ਹੈ । ਖਤ ਪੱਤਰ ਇਸ ਪਤੇ ਤੇ ਕਰੋ :

P.O.BOX 3773 STN. 'P'
THUNDERBAY ONTARIO P7B 6E3


ਮਰਕਰੀ - ਲਿੰਕਨ ਦੀਆਂ ਕਾਰਾਂ, ਫੋਰਡ ਟਰੱਕਾਂ

ਦੀਆਂ ਕਤਾਰਾਂ ਦੇਖਣ ਲਈ ਅੱਜ ਹੀ

ਗੁਰਦੀਪ ਮੁੱਤੀ ਨੂੰ ਫੋਨ ਕਰੋ



ਗੁਰਦੀਪ (ਗੋਰਡੀ) ਮੁੱਤੀ

Used ਕਾਰਾਂ ਦੀ ਕੀਮਤ $299 ਤੋਂ ਸ਼ੁਰੂ ਹੁੰਦੀ ਹੈ ।

ਆਪ ਆ ਕੇ ਮਿਲੋ ਜਾਂ ਅੱਜ-ਹੀ ਫੋਨ ਕਰੋ

BUS. 520-3055 RES. 521-2184

MERCURY LINCOLN

Ph. 520-3055

301 STEWARDSON WAY, NEW WESTMINSTER, B.C. V3M 2A5

**New-West Lincoln Mercury**

12th & 3rd Ave. New Westminister



**Star Drywall Construction Co. Ltd.**

- Complete Drywall Service
- Guaranteed Work
- Free Estimates

Sahib or Nake
Ph. (604) 590-2501

P.O.BOX 639
SURREY, B.C. V3T 5L9

# ਇਕ ਭੱਖਦਾ ਇਕਰਾਰ

ਗੁਲਵੰਤ



ਪੰਜਾਬੀ ਸ਼ਾਇਰਾ - ਸੁਰਜੀਤ ਕੌਰ ਬੈਂਸ

"ਪੱਤਝੜ ਆਵੇ, ਮੌਸਮ ਬਦਲੇ,
ਜਦੋਂ ਪੌਣ ਉਦਾਸ ਉਦਾਸ ਫਿਰੇ।
ਕੋਈ ਰੂਹ ਗ਼ੁਬਾਰ ਬਣੀ ਆਵੇ,
ਮੇਰੇ ਆਂਗਣ ਮਾਟੀ ਧਰ ਜਾਏ।
.....................
.....................!!"

(ਜਦੋਂ ਪੌਣ ਉਦਾਸ ਉਦਾਸ ਫਿਰੇ — ਸਫਾ 24)

ਇਹ ਸਿਰਜਣ-ਪ੍ਰਕ੍ਰਿਆ ਦੇ ਉਹਨਾਂ ਪਲਾਂ ਦੀ ਵਿਥਿਆ ਹੈ, ਜਿਨ੍ਹਾਂ ਪਲਾਂ ਵਿਚ ਮਕਾਨੀ ਮਨੁੱਖ ਲਾਮਕਾਨ ਨਾਲ ਇਕਮਿਕ ਹੋਣ ਦੀ ਵਿਸਮਾਦੀ ਅਵਸਥਾ ਵਿਚ ਗੜੂੰਦ ਹੋ ਜਾਂਦਾ ਹੈ। ਸੂਫੀਆਂ ਅਨੁਸਾਰ ਇਹ ਫ਼ਿਨਾਹ-ਫ਼ਿਲ੍ਹਾ ਦੀ ਕੈਫ਼ੀਅਤ ਹੈ :

"ਕਿਣਕਾ ਵਾਂਗ ਹਨੇਰੀ ਝੁੱਲਿਆ!
ਕਤਰੇ ਦੇ ਵਿਚ ਸਾਗਰ ਘੁਲਿਆ।" (ਨਾਚ : ਸਫ਼ਾ : 55)

ਇਸ ਕੈਫ਼ੀਅਤ ਵਿਚ :

"ਮੈਂ ਨਹੀਂ, ਕੋਈ ਨਹੀਂ ; ਮੈਂ ਕੁਝ ਨਹੀਂ।
ਮੈਂ ਰੂਪ ਹਾਂ, ਇਕ ਜੋਤ ਹਾਂ ......।"
(ਮੈਂ ਕੌਣ ਹਾਂ ?" — ਸਫ਼ਾ 61)

ਇਹ ਇਕ ਵਜਦਾਨੀ ਕੈਫ਼ੀਅਤ ਹੈ, ਜਿਸ ਤਕ ਪਹੁੰਚਣ ਲਈ ਕੋਈ "ਇਕਲਾਪੀ ਜਿੰਦ ਸਰਾਪੀ", "ਹੰਝੂ ਬੀਜਦੀ ਹੈ", "ਯਾਦਾਂ ਦਾ ਬਾਲਣ" ਬਾਲ "ਹੱਥ ਸੇਕਦੀ ਹੈ", "ਮੌਤ ਜੇਡੀ ਰਾਤ" ਵਿਚ "ਬਿਰਹਾ ਦੀ ਦੀਵੇ" ਜਗਾਉਂਦੀ ਹੈ, "ਆਸ ਦੀ ਅਰਥੀ" ਨੂੰ "ਅੱਥਰੂਆਂ ਨਾਲ ਧੋਂਦੀ ਹੈ", "ਰਾਤ ਵਾਂਗੂੰ ਜਾਗਦੀ ਹੈ", "ਪਤਝੜ ਵਾਂਗੂੰ ਜੀਣ" ਦਾ ਸਹਾਸ ਕਰਦੀ ਹੈ; "ਸਿੱਪ ਵਾਂਗ", "ਸਾਗਰ ਦੇ ਖਿਆਲ" ਨੂੰ ਸਾਂਭਦੀ ਹੈ, "ਉਸ ਦੇ ਰਾਂਗਲੇ ਜਜ਼ਬੇ", "ਫ਼ਿਕਰਾਂ ਦੇ ਤਾਰੇ" ਡਲ੍ਹਕਦੇ ਹਨ, "ਬਿਰਹਾ", "ਸਬਰ ਦੇ ਜੰਦਰਿਆਂ ਮਾਰੇ ਬੂਹੇ ਤੋੜਦੀ ਹੈ, ਉਸ "ਬੂਹੇ 'ਤੇ "ਵੇਦਨਾ ਦਸਤਕ" ਦੇਂਦੀ ਹੈ ; ਆਖਰ ਉਹ ਸਰਾਪੀ ਹੋਈ ਜਿੰਦ "ਸੈਲ ਪੱਥਰ ਨਾਲ ਟਕਰਾ ਕੇ" ਅਚਨਚੇਤ ਕੂਕ ਉਠਦੀ ਹੈ :

"ਨਾ ਕੋਈ ਰਾਹਾਂ, ਨਾ ਪੈੜਾਂ,
ਹਰ ਕਦਮ ਹੈ ਬੇਨਜ਼ੀਰ।" (ਸੜਕਾਂ ਦੇ ਸੇਲ੍ਹਆ — ਸਫਾ 27)

ਇਹ ਪੂਰਨ ਵਿਸਮਾਦ ਦੀ ਅਵਸਥਾ ਹੈ, "ਹੋਂਦ" ਤੋਂ "ਨਿਰਹੋਂਦ" ਹੋ ਜਾਣ ਦੀ ਅਵਸਥਾ :

"ਨਾ ਕੋਈ ਜਿਥੇ ਵਜੂਦ
ਨਾ ਕੋਈ ਜਿਥੇ ਆਕਾਰ।" (ਵੇਦਨਾ ਦਸਤਕ ਕਰੇ — ਸਫਾ 67)
"ਇਹ ਸਮਾਂ ਚਾਨਣ ਹਨੇਰੇ,
ਤੋਂ ਪਰੇ ਦਾ ..... ।" (ਸਫ਼ਾ : 66)

ਤੇ ਅਜਿਹੀ ਵਿਸਮਾਦਿਕ ਅਵਸਥਾ ਵਿਚ ਕਵੀ-ਹਿਰਦਾ ਕਵਿਤਾ ਦੇ ਸੂਖਮ ਨਕਸ਼ ਉਲੀਕਦਾ ਹੈ :

"ਮੈਂ ਸ਼ੋਖ਼ਆਂ ਨਕਸ਼ ਉਲੀਕ ਦਿਆ,
ਇਸ ਬਿੱਖਰੀ ਬਿੱਖਰੀ ਮਾਟੀ 'ਤੇ।
ਹਿੱਲਦੇ ਜ਼ੱਰੇ, ਬੋਲਣ ਸਾਰੇ, ......।"
(ਜਦੋਂ ਪੌਣ ਉਦਾਸ ਉਦਾਸ ਫਿਰੇ — ਸਫ਼ਾ : 24)

ਜੋ "ਇਕ ਰਾਤ ਜਾਗਦੀ ਏ" ਦਾ ਰੂਪ ਧਾਰ ਕੇ ਸਾਹਿਤ-ਸੰਸਾਰ ਦੇ ਸਾਹਮਣੇ ਸਾਕਾਰ ਹੋ ਜਾਂਦੇ ਹਨ। ਇਹ ਰਾਤ ਇਕ ਨਵੀਂ ਉਸ਼ਾ ਨੂੰ ਜਨਮ ਦੇਂਦੀ ਹੈ, ਜਿਸ ਦੀਅਣ ਕਾਵਿ-ਕਿਰਨਾਂ ਦੇ ਕੂਲੇ ਕੋਮਲ, ਨਿਰਮਲ ਨਿਖਰੇ, ਸੂਹੇ ਸੀਤਲ ਨਕਸ਼, ਹਨੇਰਿਆਂ ਨੂੰ ਲਿਸ਼ਲਿਸ਼ਾਉਣ ਦਾ ਯਤਨ ਕਰਦੇ ਹਨ। ਇਸ "ਜਾਗਦੀ ਰਾਤ" ਦੀ ਜਨਣੀ ਹੈ, ਸੁਰਜੀਤ ਬੈਂਸ ਜੋ ਪਹਿਲਾਂ ਸੁਰਜੀਤ ਕੌਰ ਸੰਧੂ ਦੇ ਨਾਂ ਹੇਠ ਕਾਵਿ-ਸਿਰਜਣਾ ਕਰਦੀ ਰਹੀ ਹੈ।

"ਇਕ ਰਾਤ ਜਾਗਦੀ ਏ" ਕਾਵਿ-ਸੰਗ੍ਰਹਿ ਨਾਲ ਸੁਰਜੀਤ ਬੈਂਸ ਪੰਜਾਬੀ ਸਾਹਿਤ-ਪਿੜ ਵਿਚ ਪ੍ਰਵੇਸ਼ ਕਰਦੀ ਹੈ।

ਕਵਿਤਾ ਦੀ ਲਗਨ ਤੇ ਲਾਗ ਸੁਰਜੀਤ ਨੂੰ ਵਿਰਸੇ ਵਿਚ ਮਿਲੀ ਹੈ। ਉਸ ਦੇ ਪਿਤਾ ਸ: ਹਰਨਾਮ ਸਿੰਘ ਇਕ ਅਦਬ-ਦੋਸਤ ਤੇ ਸੁਖਨ-ਸ਼ਨਾਸ ਸ਼ਖਸ ਹਨ, ਜਿਨ੍ਹਾਂ ਨੂੰ ਗ਼ਾਲਿਬ, ਇਕਬਾਲ, ਫੈਜ਼ ਅਦਮ, ਰਾਸ਼ਿਦ, ਮਜਾਜ਼ ਤੇ ਫ਼ਿਰਾਕ ਆਦਿ ਦਾ ਢੇਰਾਂ ਦਾ ਢੇਰ ਕਲਾਮ ਜ਼ਬਾਨੀ ਯਾਦ ਹੈ। ਗੁਰਬਾਣੀ ਪ੍ਰਤੀ ਸਤਿਕਾਰ ਤੇ ਸ਼ਰਧਾ ਦੀ ਭਾਵਨਾ ਵੀ ਸੁਰਜੀਤ ਨੂੰ ਵਿਰਸੇ ਵਿਚ ਹੀ ਮਿਲੀ ਹੈ। ਉਸ ਦੇ ਮਾਤਾ-ਪਿਤਾ ਦੋਵੇਂ ਗੁਰੂ-ਘਰ ਦੇ ਸ਼ਰਧਾਲੂ ਹਨ।

ਗੁਰਮਤ, ਸੂਫ਼ੀ ਮਤ ਤੇ ਉਰਦੂ ਸ਼ਾਇਰੀ ਵਿਚਲੇ ਹਿਜਰੀ-ਵਸਲ ਦਾ ਪ੍ਰਭਾਵ ਸੁਰਜੀਤ ਦੀ ਆਤਮਾ ਤੇ ਬਹੁਤ ਡੂੰਘਾ ਹੈ, ਜਿਸਦੇ ਝਲਕਾਰੇ ਉਸ ਦੀ ਕਵਿਤਾ ਵਿਚ ਥਾਂ ਥਾਂ 'ਤੇ ਮਿਲਦੇ ਹਨ।

ਗੁਰਮਤ ਤੇ ਸੂਫ਼ੀ ਸਾਹਿੱਤ ਵਿਚ ਆਤਮਾ ਦੇ ਪਰਮਾਤਮਾ ਨਾਲੋਂ ਵਿਛੜਨ ਤੇ ਉਸ ਨਾਲ ਪੁਨਰ-ਮਿਲਣ ਦੀ ਤੀਬਰ ਤਾਂਘ ਕਾਰਨ ਪੈਦਾ ਹੋਈ ਕਸਕ ਦਾ ਵਰਨਣ ਆਮ ਉਪਲਬਧ ਹੈ। ਉਰਦੂ ਸ਼ਾਇਰੀ ਵਿਚ ਇਹ ਹਿਜਰ-ਵਸਲ ਇਸ਼ਕ ਹਕੀਕੀ ਦੀ ਉਚੇਰੀ ਪੱਧਰ ਤੋਂ ਥੱਲੇ ਉਤਰ ਕੇ ਇਸ਼ਕ ਮਜਾਜ਼ੀ ਦਾ ਰੂਪ ਵਟਾ ਕੇ ਰੂਪਮਾਨ ਹੋਇਆ ਹੈ।

ਬਿਰਹਾ ਅਜ਼ਲ-ਅਜ਼ਾਲ ਤੋਂ ਕਵੀ ਦਾ ਬੇਸ਼ਕੀਮਤ ਸਰਮਾਇਆ ਰਿਹਾ ਹੈ, ਜੋ ਬਿਨ-ਮੰਗਿਆਂ ਹੀ ਮਿਲ ਜਾਂਦਾ ਹੈ :

"ਬਿਨ ਮੰਗਿਆਂ ਬਿਰਹਾ ਮਿਲ ਜਾਂਦਾ
ਮੰਗਿਆਂ ਮੌਤ ਨਾ ਆਈ।"
(ਪਾਣੀ ਦੀ ਪਗਡੰਡੀ — ਸਫਾ : 42)

ਇਹ ਬਿਰਹਾ ਚਾਹੇ ਕਿਸੇ ਸੂਖਮ ਦੈਵੀ ਸ਼ਕਤੀ ਦਾ ਹੋਵੇ, ਚਾਹੇ, ਕਿਸੇ ਖਾਕੀ ਮੁਜੱਸਮੇ ਦਾ, ਇਸ ਦੀ ਤੜਪ ਤੇ ਕਸਕ, ਕਵੀ ਨੂੰ ਵਿਛੜੇ "ਮੀਤ ਪਿਆਰੇ" ਦੇ ਵਸਲ ਲਈ ਪ੍ਰੇਰਦੀ ਹੈ ; ਥਾਂ ਥਾਂ ਭਟਕਾਉਂਦੀ ਹੈ, ਪਰ ....

"ਨਾ ਨਜ਼ਰ ਨੈਣਾਂ ਨੂੰ ਆਵੇ ਕਦੀ,
ਪਰੇਸ਼ਾਨ ਨਿਗਾਹਾਂ ਕਰ ਜਾਵੇ।"
(ਜਦੋਂ ਪੌਣ ਉਦਾਸ ਉਦਾਸ ਫਿਰੇ — ਸਫਾ : 24)

ਕਦੇ ਸੁਰਾਨੂੰ ਮਿਲਦਾ ਹੈ :

"ਤੇਰੀ ਸੜਕ ਦਾ ਹਰ ਮੀਲ-ਪੱਥਰ,
ਸਫ਼ਰ ਦਾ ਦੇਵੇ ਪਤਾ।" (ਸੜਕਾਂ ਦੇ ਸੇਲ੍ਹਆ — ਸਫ਼ਾ : 27)

ਪਰ ਫਿਰ :

ਕੀ ਪਤਾ ਦੇਵੇਗੀ ਕੋਈ,
ਸੱਪ ਦੀ ਪਾਈ ਲਕੀਰ ?"
(ਸੜਕਾਂ ਦੇ ਸੇਲ੍ਹਆ — ਸਫ਼ਾ : 27)

ਬਿਰਹੀ ਆਪਣੀ ਸਾਰੀ ਉਮਰ "ਰਾਂਝਣ ਮੀਤ" ਦੇ ਲੇਖੇ ਲਾਉਣ ਲਈ ਤਿਆਰ ਹੈ :

"ਇਹ ਉਮਰਾ ਵੀ ਉਹਦੇ ਲੇਖੇ,
ਮੈਨੂੰ ਰਾਂਝਣ ਮੀਤ ਬੁਲਾਂਦਾ ਏ ....।"
(ਵੱਸ ਤੇਰੇ ਨਾ, ਵੱਸ ਮੇਰੇ ਨਾ — ਸਫ਼ਾ : 34)

ਸਮਾਂ ਬੀਤਦਾ ਜਾਂਦਾ ਹੈ, ਪਰ :

"ਨਾ ਤੂੰ ਮਿਲੇਂ, ਨਾ ਸਾਲ ਮੁੜਨ ਵੇ,
ਔਝੜ ਹੋ ਗਈਆਂ ਹੁਣ ਰਾਹਵਾਂ।" (ਸਫ਼ਾ : 35)

ਨਾ ਆਦਮੀ ਦੀ ਭਟਕਣ ਮੁੱਕਦੀ ਹੈ, ਨਾ ਉਸ ਦੀ ਤਲਾਸ਼। ਆਦਮੀ ਅਜ਼ਲ ਤੋਂ ਭਟਕਣਾ ਦਾ ਸ਼ਿਕਾਰ ਹੈ। ਉਹ ਕਿਸੇ ਤਲਾਸ਼, ਕਿਸੇ ਜੁਸਤਜੂ 'ਚ ਮਗਨ ਭਟਕਦਾ ਹੈ। ਇਹ ਜੁਸਤਜੂ ਹੈ, ਅੰਤਮ ਸੱਚ ਦੀ, ਆਪੇ ਦੀ ਪਛਾਣ ਦੀ, ਪਰਮ-ਆਤਮਾ ਦੀ ...... ਕਵੀ-ਆਤਮਾ ਅੱਗੇ ਇਕ ਵਿਰਾਟ ਪ੍ਰਸ਼ਨ ਹੈ :

"ਆਦਮ ਵਿਚ ਕਿਸ ਲਈ ਏ ਭਟਕਣਾ ?
ਆਦਮੀ ਰਾਹਾਂ ਦਾ ਆਦੀ ਕਿਉਂ ਸਦਾ ?
ਆਦਮੀ ਨੂੰ ਸਫਰ ਦਾ ਫਿਰ ਸ਼ੌਕ ਕਿਉਂ ?
(ਵੇਦਨਾ ਦਸਤਕ ਕਰੇ — ਸਫਾ : 68)

ਤੇ ਇਸ ਪ੍ਰਸ਼ਨ ਦਾ ਉਤਰ ?

"ਆਦਮੀ ਲੋਚਾ ਹੈ ਕੁਦਰਤ ਦੀ ਕੋਈ।
ਆਦਮੀ ਵਿਚ ਆਦਮੀ ਦੀ ਹੈ ਪਛਾਣ, ਏਸੇ ਲਈ :
ਆਦਮੀ ਨੂੰ ਆਦਮੀ ਦੀ ਲੋੜ ਏ।
.....................।" ਸਫ਼ਾ 68)

ਕਵੀ ਦੀ ਇਹ ਭਟਕਣਾ ਤੇ ਤਲਾਸ਼ ਅਮੁੱਕ ਤੇ ਅਨੰਤ ਹੈ। ਕਵੀ ਦੀ ਭਟਕਣਾ ਤੇ ਤਲਾਸ਼ ਦਾ ਇਹ ਲਕਸ਼ ਮਾਂਸਲ ਹੈ ਜਾਂ ਸਰੀਰ-ਰਹਿਤ, ਇਹ ਇਕ ਪ੍ਰਸ਼ਨ-ਚਿੰਨ੍ਹ ਹੈ, ਜੋ ਉਸ ਦੀ ਕਵਿਤਾ ਦੀ ਰੂਹ ਵਿਚ, ਪੁਲਾੜ ਵਿਚ ਪੌਣ ਹਾਰ ਰਚਿਆ ਹੋਇਆ ਹੈ। ਇਹ ਲਕਸ਼ ਵਿਭਿੰਨ ਸਥੂਲ ਤੇ ਸੂਖਮ ਰੂਪਾਂ ਵਿਚ ਸਾਕਾਰ ਹੁੰਦਾ ਹੈ। ਕਦੇ ਇਹ ਸਾਗਰ ਦੇ ਵਿਸ਼ਾਲ ਰੂਪ 'ਚ ਸਾਹਮਣੇ ਆਉਂਦਾ ਹੈ :

"ਸਾਂਭ ਲਾਂਗੀ ਸਿੱਪ ਵਾਂਗੂੰ ਸਾਗਰਾ, ਤੇਰਾ ਖਿਆਲ .... ।"
(ਸਾਗਰਾ, ਤੇਰਾ ਖਿਆਲ — ਸਫ਼ਾ 23)
"ਜਲ-ਜੀਵਾਂ ਨੂੰ ਸਾਗਰ ਹੀ ਮਿਲੇ,
ਸਾਗਰ ਹੀ ਮਿਲੇ।" (ਸਫਾ : 46)

ਕਦੇ "ਸੂਰਜ", ਕਦੇ "ਮਾਰੂ-ਥਲ" ਕਦੇ "ਸਾਕੀ", ਕਦੇ ਪਰਛਾਵੇਂ, ਕਦੇ "ਨੀਲ ਸਰ" ਤੇ ਕਦੇ "ਰਹਿਮਤ ਦੇ ਸਾਏ" ਦੇ ਰੂਪ ਵਿਚ ਪ੍ਰਗਟ ਹੁੰਦਾ ਹੈ।

"ਇਕ ਰਾਤ ਜਾਗਦੀ ਏ", ਦੀ ਸ਼ਾਇਰਾ ਵਿਚ ਇਸ਼ਕ ਦੇ ਹਕੀਕੀ ਤੇ ਮਜਾਜ਼ੀ ਦੋਵੇਂ ਰੂਪ ਹੀ ਪ੍ਰਾਪਤ ਹਨ :

"ਹਰਿਆ ਘਾਹ, ਹਰਿਆ ਮਨ ਮੇਰਾ,
ਨੈਣੀਂ ਹਰਿਆਵਲ, ਹਰੀ ਵਸਿਆ।" ((ਰਹਿਮਤ ਦਾ ਸੋਮਾ — ਸਫ਼ਾ : 17)

ਚੰਮ ਜੀਵੇ, ਰੂਹ ਮਰੇ,
ਫੁੱਲਾਂ ਦੀ ਖੁਸ਼ਬੂ ਵਸੇ ਉਸ ਪਾਰ।"
(ਰੂਹ ਜੀਵੇ ਉਸ ਪਾਰ — ਸਫਾ : 32)

ਕਿਧਰੇ ਕਿਧਰੇ ਆਤਮਾ ਦੇ ਮਾਰੂਥਲ ਵਿਚ ਇੰਦ੍ਰਿਆਵੀ ਤ੍ਰਿਸ਼ਨਾ ਦਾ ਮ੍ਰਿਗ, ਝੱਲਾ ਹੋਇਆ ਚੁੰਗੀਆਂ ਭਰਦਾ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ :

"ਕੰਬਦੇ ਨੇ ਅੰਗ ਮੇਰੇ,
ਫੜਫੜਾਵਣ ਖੰਭ ਮੇਰੇ।" (ਮਨਹੂਸ ਵਾਦੀ — ਸਫਾ : 50)

"ਇਕ ਮੈਂ ਤੇ ਇਕ ਪਿਆਲਾ,
ਸੀਨੇ ਵਿਚ ਉਕਾਬ ਵੇ। ...."
(ਮੈਂ ਤੇ ਪਿਆਲਾ — ਸਫਾ : 70)

"ਜਿਸਮ ਨੂੰ ਰੂਹ ਦੀ ਤਲਾਸ਼
ਰੂਹ ਨੂੰ ਅੰਗਾਂ ਦੀ ਸਹਿਕ।"
(ਅਸੀਂ ਜੜ੍ਹ ਬੂਟੇ — ਸਫਾ 77)

ਬਾਕੀ ਪੰਨਾ 26 ਉਤੇ




Main Street Clothing Manufacturer

SAVE ON CLOTHING

You've Never Seen Prices in B.C. Like This Before

TWO LOCATIONS

3293 Main St. (at 17th Ave.)
Vancouver, B.C. V5V 3M6
Ph. 872-3121

9377 - 120th St.
Scott Rd. & 93rd Ave.)
DELTA, B.C. V4C 6R9

This coupon is worth:
$2.00 OFF
on the purchase of any dress over $10.00

ਪੰਨਾ 25 ਦੀ ਬਾਕੀ

ਸੁਰਜੀਤ ਕੌਰ ਚੌਂਸ
ਦੀਆਂ
ਨਜ਼ਮਾਂ

"ਅੰਗ ਅਹਿਲ ਅਡੋਲ ਨਹੀਂ,
ਜਲਵਾ ਝੂਲਦਾ ਝੂਲਦਾ ।"
(ਸੰਗ ਮਰਮਰ — ਸਫ਼ਾ : 91)
"ਉਸ ਪਾਣੀ, ਕਦ ਰੂਹ ਨੁਵੇਗੀ !
ਜਿਸ ਪਾਣੀ ਨੇ, ਮੇਰਾ ਪਿੰਡਾ ਧੋਚਿਆ ।"
(ਨੀਲ ਸਰੋਵਰ — ਸਫ਼ਾ : 86)

ਸੁਰਜੀਤ ਦੀ ਕਵਿਤਾ ਵਿਚ ਜਜ਼ਬੇ ਦੇ ਅਥਾਹ ਵੇਗ ਤੇ ਆਵੇਸ਼ ਦੇ ਨਾਲ ਨਾਲ, ਚੇਤਨਾ ਤੇ ਬੌਧਿਕਤਾ ਦਾ ਅੰਸ਼ ਵੀ ਚੋਖੀ ਮਾਤਰਾ ਵਿਚ ਉਪਲਬਧ ਹੈ। —"ਵੇਦਨਾ ਦਸਤਕ ਕਰੇ", "ਮੈਂ ਕੌਣ ਹਾਂ ?" "ਅਸੀਂ ਜੜ੍ਹ ਬੂਟੇ", ਅਤੇ "ਯੁੱਗ ਜੰਮਦੀ" ਇਸ ਪੱਖੋਂ ਸਰਵੋਤਮ ਰਚਨਾਵਾਂ ਹਨ ।

"ਵੇਦਨਾ ਦਸਤਕ ਕਰੇ" ਮਨੁੱਖ ਦੀ ਅਜ਼ਲੀ ਤੇ ਅਬਦੀ ਭਟਕਣਾ ਤੇ ਤਲਾਸ਼ ਦੀ ਕਲਾਮਈ ਅਭਿਵਿਅੰਜਨਾ ਹੈ :

"ਰੇਤ ਵਿਚ ਵੀ ਉਹੋ ਨਸ਼ਿਆਂ ਦੀ ਸੁਗੰਧ,
ਅੰਗ ਫਿਰ ਵੀ ਹਰਕਤੋਂ ਰੁਕਦੇ ਨਹੀਂ ।
ਪੈਰ ਫਿਰ ਵੀ ਤੁਰ ਨੇ ਪੈਂਦੇ,
ਰਸਤਿਆਂ ਦੀ ਖੋਜ ਵਿਚ ।"

"ਮੈਂ ਕੌਣ ਹਾਂ ?" "ਆਤਮ" ਤੇ "ਅਨਾਤਮ" ਦੇ ਰਹੱਸਮਈ ਭੇਦ ਤੋਂ ਘੁੰਢ ਚੁੱਕਣ ਦਾ ਯਤਨ ਹੈ :

"ਨਾ ਮੈਂ ਜਿਸਮ ਹਾਂ, ਨਾ ਮੈਂ ਜਾਨ ਹਾਂ,
ਨਾ ਮੈਂ ਜਨਮ ਹਾਂ, ਨਾ ਮੈਂ ਮੌਤ ਹਾਂ ।
ਮੈਂ ਤਾਂ ਮੌਜ ਹਾਂ ਹਰ ਲਹਿਰ ਦੀ,
ਰੁਮਕਣ ਹਾਂ ਵਗਦੀ ਪੌਣ ਦੀ,
.....................
ਮੈਂ ਤਾਂ ਇਸ਼ਕ ਹਾਂ ....., ਮੈਂ ਸ਼ੌਕ ਹਾਂ,
.......................
ਜੀਵਨ ਹਾਂ ਮੈਂ, ਨਾ ਮਰੇ ਕੋਈ ।"
..........................
"ਮੈਂ ਹੀ ਧਰਤ ਹਾਂ, ਮੈਂ ਹੀ ਗਗਨ ਹਾਂ ।
ਸੀਤਲ ਜਿਹੀ ਇਕ ਅਗਨ ਹਾਂ,
ਮੇਰੇ 'ਚ ਜਾਵੇ ਸਭ ਸਮਾ ।" (ਸਫ਼ਾ : 61-62)

ਸੁਰਜੀਤ ਆਪਣੇ ਯੁੱਗ ਤੇ ਸਮਾਜ ਬਾਰੇ ਵੀ ਸੁਚੇਤ ਹੈ। ਉਸ ਦੀ ਸਮਾਜਕ ਚੇਤਨਾ ਕਾਵਿਕ ਸਤਿ ਦਾ ਇਕ ਅਨਿੱਖੜਵਾਂ ਅੰਗ ਬਣ ਕੇ ਰੂਪਮਾਨ ਹੋਈ ਹੈ।

"ਰਾਵੀ" ਕਵਿਤਾ ਰਾਹੀਂ ਉਹ ਦੇਸ਼-ਵੰਡ 'ਤੇ ਭਰਪੂਰ ਵਿਅੰਗ ਕਰਦੀ ਹੈ

"ਇਹ ਧਰਤੀਆਂ ਦੀ ਬਾਤ ਏ ।
ਆਦਮੀ ਦੀ ਅਕਲ ਦੀ,
ਇਕ ਹੋਰ ਕਰਾਮਾਤ ਏ ।
ਪਾਣੀ ਸਿੰਜੇ ਧਰਤੀਆਂ,
ਹੁਣ ਪਾਣੀ ਵੰਡੇ ਧਰਤੀਆਂ ।" (ਸਫ਼ਾ 89)
"ਧਰਤੀਆਂ ਨੂੰ ਸਿੰਜਦੀਏ
ਕਿਹੜਿਆਂ ਜਨਮਾਂ ਦਾ ਪਾਪ ।
ਰੱਬ ਦੀ ਥਾਂ ਆਦਮੀ ਨੇ,
ਤੈਨੂੰ ਦਿਤਾ ਏ ਸਰਾਪ ।" (ਸਫ਼ਾ : 90)

ਉਹ "ਨੀਲ ਸਰ" ਨੂੰ ਮੁਖ਼ਾਤਿਬ ਕਰਕੇ ਆਖਦੀ ਹੈ :

"ਨੀਲ ਸਰਾ .......
.....................
ਏਥੇ ਹਰ ਪਵਿੱਤਰਤਾ ਨੂੰ
ਮਜ਼ਹਬ ਦੇ ਨਾਂ ਦੇ ਕੇ
ਰਾਜਨੀਤੀ ਖੇਡਦੀ !" (ਸਫ਼ਾ : 78)

ਉਹ ਸਾਥੀ ਕਲਾਕਾਰਾਂ ਨੂੰ ਵੰਗਾਰ ਪਾਉਂਦੀ ਹੈ :

"ਰਿਸ਼ਮਾਂ ਦੇ ਸਾਗਰੋ,
ਹੋਰ ਹੜ੍ਹ ਤੇਜ਼ ਕਰੋ !
ਬੜਾ ਕੁਝ ਹਾਲੇ ਹਨੇਰਾ,
ਨੈਣ ਅੰਧਿਆਰੇ ਬੜੇ
.........................!!" (ਅਸੀਂ ਜੜ੍ਹ ਬੂਟੇ — ਸਫ਼ਾ : 78)

ਕਈ ਥਾਵਾਂ ਤੇ ਕਵੀ-ਹਿਰਦਾ ਪਾਰੇ ਵਰਗੀ ਤਰਲਤਾ ਵਿਚ ਪਿਘਲ ਕੇ, ਲੋਕ ਗੀਤਾਂ ਦੇ ਸਰਲ ਸਾਦੇ ਤੇ ਸੰਗੀਤਮਈ ਰੂਪ ਵਿਚ ਆਪਮੁਹਾਰੇ ਵਗ ਤੁਰਿਆ ਹੈ :

"ਵੇ ਬੀਬਾ ਸਾਡਾ ਦਿਲ ਨਹੀਓਂ ਲੱਗਦਾ,
ਪੋਲੀਆਂ ਵਾਲੇ ਲੋਕ ਅਸੀਂ
ਲੈ ਆ ਮੁੱਠ ਮਿੱਟੀ ਦੀ ਅੜਿਆ ...... ।"
(ਰੂਹ ਜੀਵੇ ਉਸ ਪਾਰ — ਸਫ਼ਾ : 30)
"ਕੀ ਕੁਝ ਦੱਸ ਗਈਆਂ,
ਕੀ ਕੁਝ ਪੁੱਛ ਗਈਆਂ ।
ਮੇਰੇ ਨਾਲ ਬੋਲੇਗਾ,
ਕਦੋਂ ਪਰਛਾਵਾਂ ਮੇਰਾ ?"
(ਉਹੋ ਸੱਦ ਮਾਹੀ ਦੀ — ਸਫ਼ਾ : 57)

ਸੁਰਜੀਤ ਦੀਆਂ ਉਪਮਾਵਾਂ, ਬਿੰਬ, ਰੂਪਕ, ਪ੍ਰਤੀਕ, ਸ਼ਬਦ-ਚਿੱਤਰ ਤੇ ਨਾਦ-ਚਿੱਤਰ ਉਸ ਦੀ ਸਹਜ-ਪ੍ਰਵਿਰਤੀ ਦੇ ਲਖਾਇਕ ਹਨ। ਉਹਨਾਂ ਵਿਚ ਤਰੇਲ-ਧੋਤੇ ਸੱਜਰੇ ਫੁੱਲਾਂ ਦੀ ਸੁਗੰਧ ਹੈ ; ਸਰਘੀ ਦੀਆਂ ਕਿਰਨਾਂ ਦਾ ਜਲੌ ਹੈ, ਪਹਾੜੀ ਝਰਨੇ ਦੀ ਪਾਣੀ ਵਾਲੀ ਰਵਾਨੀ ਹੈ ਦੇ ਲੋਹਾਰ ਦੀ ਭੱਠੀ ਵਿਚ ਪਏ ਲੋਹੇ ਦੀ ਚਮਕ ਤੇ ਸ਼ਕਤੀ। ਇਹ ਕਵਿਤਾ ਦੀ ਨੀਲਗੂੰ ਚੁੰਨਰੀ 'ਤੇ ਸਿਲਮੇ ਸਿਤਾਰੇ ਤੇ ਗੋਟੇ-ਕਿਨਾਰੀ ਵਾਂਗ ਲਿਸ਼ਕਦੇ ਹਨ ।

ਵੰਨਗੀ ਵਜੋਂ :

"ਅਗਲਾ ਪੰਧ ਅਸਾਡਾ ਸੱਜਣਾ,
ਪਾਣੀ ਦੀ ਪਗਡੰਡੀ ।" (ਸਫ਼ਾ : 41)
"ਰੂਹ ਦੇ ਵਾਂਗੂੰ ਉਡ ਜਾ ...... ।" (ਸਫ਼ਾ : 51)
"ਚੁੰਮਣ ਮੇਰਾ ਕਲੀਆਂ ਜਿਹਾ ।" (ਸਫ਼ਾ : 61)
"ਚਮਕਦੇ ਨੇ ਅੱਗ ਵਾਂਗੂੰ,
ਲੱਗਦੇ ਨੇ ਜਾਦੂ ਟੂਣੇ ।" (ਸਫ਼ਾ : 65)
"ਸੋਧ ਬਿਨ ਉਡ ਪੌਣ
ਪੌਣਾਂ ਨਾਲ ਪੱਤਿਆਂ ਹਾਰ
ਸਾਰੇ ਹੀ ਖ਼ਿਆਲ ।"
(ਸਫ਼ਾ : 66)
"ਹੈ ਉਮਰ ਸਾਹਾਂ ਦੀ ਉਮੀਦ,
ਤੇ ਉਮੀਦ ਵੀ ਹੈ 'ਵਾ ਨਿਰੀ ।"
(ਸਫ਼ਾ : 81)
"ਗੁਬਾਰਿਆਂ ਦੀ ਉਮਰ
ਪੰਛੀਆਂ ਤੋਂ ਘੱਟ ਹੈ ।" (ਸਫ਼ਾ : 88)
" ਸਾਂ ਸਾਂ ਕਰਨ ਕੰਨਾਂ ਦੇ ਪਰਦੇ
....................
ਰਾਤ ਘੁਰਾੜੇ ਮਾਰੇ ਭੂਤਾਂ ਹਾਰ ।"
"ਕਾਲੇ ਜਿਸਮ, ਜਬਾੜੇ ਲਾਲ,
ਕੰਡਿਆਂ ਵਰਗੇ ਬਿਖਰੇ ਵਾਲ ।"
(ਸਫ਼ਾ : 95)
"ਰੱਤ ਸੂਹਾ, ਸਿਰ ਉਢਣ ਲੈ ਕੇ, ਬਦਲੋਟੀ ਟੁਰ ਜਾਵੇ ।"
(ਸਫ਼ਾ : 28)

ਸੁਰਜੀਤ ਆਪਣੇ ਦਿਲ ਦੀ ਆਤਸ਼ ਨੂੰ ਪਲੋਸਦੀ ਹੋਈ ਆਖਦੀ ਹੈ :

ਨੇੜੇ ਨਜ਼ਰ ਦੇ ਰਹਿਣਾ, ਮੇਰੇ ਦਿਲ ਦੀ ਆਤਸ਼ੇ
ਮੰਜ਼ਿਲ ਮੇਰੀ ਉਮਰ ਦਾ, ਇਸ਼ਾਰਾ ਬਣੀ ਰਹੇ ।
(ਗਜ਼ਲ : ਸਫ਼ਾ 49)

ਉਸ ਦੀ ਕਵਿਤਾ ਦਾ ਸੋਮਾ ਅਸਗਾਹ ਤੇ ਅਮੁੱਟ ਹੈ। ਉਹ ਖੁਦ ਨੂੰ ਮੁਖ਼ਾਤਿਬ ਕਰ ਕੇ ਆਖਦੀ ਹੈ :

"ਤੇਰੇ ਅੰਦਰ ਫਿਕਰ ਹੈ,
ਤੇਰੇ ਅੰਦਰ ਜ਼ਿਕਰ ਹੈ,
ਤੂੰ ਹੀ ਕਰਨਾ ਹੈ ਬਿਆਨ,
ਵਰਤਣਾ ਜੋ ਹਾਦਸਾ ।" (ਉਮਰ — ਸਫ਼ਾ : 72)

"ਇਕ ਰਾਤ ਜਾਗਦੀ ਏ" ਨਾਲ ਸਾਹਿਤ-ਸੰਸਾਰ ਵਿਚ ਪ੍ਰਵੇਸ਼ ਕਰ ਰਹੀ ਸੁਰਜੀਤ, ਪੰਜਾਬੀ ਕਵਿਤਾ ਦੇ ਭਵਿਖ ਨਾਲ ਇਕ ਭਖਦਾ ਇਕਰਾਰ ਕਰਦੀ ਹੈ। ਅਤੇ ਇਹ ਇਕਰਾਰ ਨੇੜ-ਭਵਿਖ ਵਿਚ ਅਵੱਸ਼ ਸਾਕਾਰ ਹੋਵੇਗਾ, ਇਸ ਸੰਗ੍ਰਹਿ ਤੋਂ ਇਸ ਗੱਲ ਦਾ ਪੂਰਨ ਵਿਸ਼ਵਾਸ਼ ਬੱਝਦਾ ਹੈ ।

## ਮੈਖਾਨੇ 'ਚ ਮੌਤ

ਸਾਕੀਆ ਸ਼ਾਮ ਢਲ ਆਈ, ਪਿਲਾ ।
ਕਾਲੇ ਪਰਛਾਵੇਂ ਬੁਰੇ,
ਮੇਰੇ ਪਰਛਾਵੇਂ ਨੂੰ ਇਹ
ਜਾਂਦੇ ਨੇ ਖਾ ।

ਸਾਕੀਆ ਰਾਤ ਫਿਰ ਆਈ ਪਿਲਾ ।
ਫੇਰ ਆਈ ਮੌਤ ਮੈਨੂੰ,
ਮੌਤ ਜੋ ਹਰ ਰਾਤ
ਆਉਂਦੀ ਏ ਸਦਾ ।

ਸਾਕੀਆ ਰਾਤ ਲੰਬੀ ਏ, ਪਿਲਾ
ਸਮਝ ਮੈਨੂੰ ਮਰ ਗਿਆ
ਬੇਫਿਕਰ ਹੋ
ਜ਼ਹਿਰ ਡੋਲ੍ਹੀ ਜਾ ।

ਸਾਕੀਆ, ਮਿਲਨ ਦੇ ਸੁਪਨੇ ਬੁਰੇ
ਅਸੀਂ ਤਰ ਰਹੇ, ਉਹ ਉਡ ਰਹੇ ।
ਅਸੀਂ ਡੁੱਬ ਗਏ, ਉਹ ਤੁਰ ਗਏ ।

ਸਾਕੀਆ, ਮੈਂ ਸੱਜਣ ਨੂੰ ਮਿਲ ਲਿਆ,
ਬੇਰੁਖ਼ੀ ਉਹਦੀ ਜੁਦਾਈ ਤੋਂ ਬੁਰੀ,
ਮਿਲਨ ਦੀ ਉਮੀਦ ਦਾ ਸੀ ਆਸਰਾ ।

ਸਾਕੀਆ, ਮੈਂ ਨਹੀਂ ਮੋਇਆ, ਪਿਲਾ ।
ਮੌਤ ਖੁਦ ਆਉਂਦੀ ਨਹੀਂ
ਭੇਜਦੀ ਏ,
ਸਦਮਿਆਂ ਦਾ ਸਿਲਸਿਲਾ ।

ਸਾਕੀਆ ਕੌਣ ਹੈ
ਤੇਰੇ ਲਈ ਮੇਰੇ ਰਿਹਾ ?
ਰਾਤ ਭਰ ਦਾ ਸਾਥ ਹਾਂ
ਮੈਂ ਹੀ ਤੇਰਾ ।

ਤੇਰੇ ਮੈਖਾਨੇ 'ਚ ਮੇਰੀ
ਰਾਤ ਜਾਂਦੀ ਏ ਗੁਜ਼ਰ
ਤੇਰੇ ਮੈਖਾਨੇ 'ਚ ਮਰ ਕੇ
ਫਿਰ ਸੁਬਹ, ਮੈਂ ਜੀ ਪਿਆ ।


# A.M.C. Carpet Ltd.

12983-80th. Ave., Surrey, B.C

Carpet-Vinyl-Hardwood

All Popular Brands Supplied & Installed

ਕਿਸੇ ਵੀ ਪ੍ਰਕਾਰ ਦਾ ਕਾਰਪੇਟ ਜਾਂ Lino ਨਵੇਂ ਜਾਂ ਪੁਰਾਣੇ ਘਰ
ਵਿਚ ਪਵਾਉਣਾ ਹੋਵੇ, ਸਾਡੀਆਂ ਕੀਮਤਾਂ ਦੂਸਰੇ ਸਟੋਰਾਂ ਨਾਲੋਂ
ਘੱਟ ਹਨ, ਪੂਰੇ ਕੰਮ ਦੀ ਗਰੰਟੀ ਹੈ

Free Estimate —
ਨਵੇਂ ਜਾਂ ਪੁਰਾਣੇ ਘਰ ਲਈ ਸਾਨੂੰ ਫੋਨ ਕਰੋ :
Phone for appointment

Off. 594-6141

Res. 594-7595 Pager 680-0214



AMARJIT SINGH CHAHAL



## 'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ

## SUBSCRIPTION FORM

To

The Canada Darpan
P.O.BOX 265
Surrey, B.C.
Canada, V3T 4W8
Ph. 581-4473

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name..........................................................
Address......................................................
City............................................................
Province......................................................
Postal code.................................................
PHONE.

| | |
|---|---|
| One Year .................... | 25 dollars |
| Two Year .................... | 45 dollars |
| Three year .................... | 65 dollars |
| Life membership.......... | 300 dollars |
| ASIA............................. | 100 dollars[a year] |
| U.S.A. ........................ | 30 dollars [a year] |
| Europe ........................ | 100 dollars[a year] |
| Africa ........................ | 100 dollars [a year] |

# ਸੁਰਜੀਤ ਬੈਂਸ ਦੀਆਂ ਨਜ਼ਮਾਂ

## ਸਾਕੀਨਾਮਾ

ਮੈਨੂੰ ਹੋਰ ਦੇ ਮੇਰੇ ਸਾਕੀਆ,
ਮੇਰਾ ਪਿਆਲਾ ਨਾ ਭਰੇ।
ਆਦਤ ਉਮਰ ਨੂੰ ਪੈ ਗਈ
ਹੁਣ ਨਾ ਸਰੇ, ਹੁਣ ਨਾ ਸਰੇ।

ਊਣਾ ਪਿਆਲਾ ਵੇਖ ਕੇ
ਗ਼ੋਤੇ ਪਏ ਮੇਰੀ ਹੋਸ਼ ਨੂੰ।
ਸਾਰੇ ਪਿਆਲੇ ਭਰ ਦਵੇਂ
ਭੁੱਲ ਜਾਵੇਂ ਕਿਉਂ ਨਿਰਦੋਸ਼ ਨੂੰ।
ਕਿਉਂ ਸਿੱਖ ਗਿਉਂ ਦੁਨੀਆਂ ਕੋਲੋਂ
ਏਦਾਂ ਦੇ ਪਾਉਣੇ ਵਿਤਕਰੇ।

ਵਹਿੰਦੇ ਸ਼ਰਾਬੀ ਝਰਨਿਆ,
ਊਣਾ ਪਿਆਲਾ ਕਿਉਂ ਰਹੇ ?
'ਕਲ ਕਲ' ਭਰੀਂ ਝਰ ਝਰ ਝਰੀਂ,
ਤੂੰ ਤਾਲ ਦੇ, ਮੈਨੂੰ ਗਾਉਣ ਦੇ।
ਜਲਵੇ ਹਜ਼ਾਰਾਂ ਨੇ ਲੁਕੇ
ਕੁਝ ਕੁ ਰੌਸ਼ਨ ਹੋਣ ਦੇ।

ਹੈ ਉਮਰ ਸਾਹਾਂ ਦੀ ਉਮੀਦ
ਤੇ ਉਮੀਦ ਵੀ ਹੈ 'ਵਾ ਨਿਰੀ।
ਜੇ ਵਗੇ ਤਾਂ ਕੋਈ ਜੀਅ ਲਵੇ,
ਨਾ ਵਗੇ ਤਾਂ ਕੋਈ ਕੀ ਕਰੇ ?
ਮੈਨੂੰ ਬੁਰਾ ਨਾ ਕੋਈ ਕਹੇ,
ਪਿਆਸਾ ਹਾਂ ਮੈਂ, ਸਾਵਣ ਵਰ੍ਹੇ।

ਇਹ ਜਿਸਮ ਕਿਣਕੇ ਧਰਤ ਦੇ
ਕਿਸੇ ਸ਼ੌਕ ਨੂੰ ਜੁੜਦੇ ਰਹੇ।
ਜੇ ਬਣਾ ਦਵੇਂ, ਤਾਂ ਮਜ਼ਾਰ ਏ
ਜੇ ਉਡਾ ਦਵੇਂ, ਤਾਂ ਗ਼ੁਬਾਰ ਏ।
ਹੈ ਮੌਤ ਜੀਵਨ ਦਾ ਅਖ਼ੀਰ
ਮੈਨੂੰ ਆਦਿ ਅੰਤ ਵਿਖਾਲ ਦੇ।

ਹੈ ਖ਼ੌਫ਼ ਕੇਡਾ ਮੌਤ ਦਾ !
ਇਨਸਾਨ ਫਿਰ ਵੀ ਚੋਰ ਏ
ਇਕ ਜਿਸਮ ਵਿਚ ਦਿਲ ਤੇ ਦਿਮਾਗ਼
ਉਹ ਹੋਰ ਏ, ਉਹ ਹੋਰ ਏ।
ਹੋਵੇ ਹਕੀਕਤ ਤਲਖ਼ ਨਾ
ਕੀ ਸੁਪਨਿਆਂ ਦੀ ਲੋੜ ਏ ?

ਕੌੜੀ ਹਕੀਕਤ ਜ਼ਹਿਰ ਏ
ਜੇ ਪੀ ਲਵਾਂ, ਤਾਂ ਪੀ ਲਵਾਂ
ਮੈਨੂੰ ਗ਼ਮਾਂ ਨੇ ਮਾਰਿਆ
ਜੇ ਪੀ ਲਵਾਂ, ਤਾਂ ਜੀ ਲਵਾਂ।
ਪਿਆਸੇ ਨੇ ਰੱਜ ਕੇ ਪੀ ਲਿਆ
ਵੇ ਸਾਗਰਾ, ਤੇਰਾ ਕੀ ਗਿਆ ?

ਸਾਕੀਆ ਮੈਨੂੰ ਪਿਲਾ
ਮੈਨੂੰ, ਸਿਰਫ਼ ਮੈਨੂੰ ਪਿਲਾ।
ਮੇਰੇ ਜ਼ਿਹਨ ਵਿਚ ਜ਼ਹਿਰੀਲਿਆਂ
ਨਾਗਾਂ ਦਾ ਪੌਂਦਾ ਮੌਲਿਆ।
ਕਹਿੰਦੇ ਨੇ ਚੜ੍ਹਦੇ ਜ਼ਹਿਰ ਨੂੰ
ਬੱਸ ਜ਼ਹਿਰ ਸਕਦਾ ਹੈ ਘਟਾ।

ਸਾਕੀਆ, ਸ਼ੀਸ਼ੇ 'ਚ ਭਰ ਦੇ
ਸੋਹਣੇ ਰੰਗਾਂ ਦੀ ਸ਼ਰਾਬ।
ਸਾਕੀਆ, ਜੀਹਦਾ ਨਸ਼ਾ
ਸਾਰੇ ਸਵਾਲਾਂ ਦਾ ਜਵਾਬ।
ਧਰਤੀਆਂ ਨੇ ਖੁਰੀਆਂ,
ਤੇ ਸੋਹਲ ਨੇ ਨੈਣਾ ਦੇ ਖ਼ਾਬ।

ਪਿਆਲਾ ਘੁਮਾਵੋ ਤੇਜ਼ ਤੇਜ਼
ਹਰ ਉਮਰ ਵਧ ਰਫ਼ਤਾਰ ਏ।
ਰਫ਼ਤਾਰ ਰਗੜ ਚੰਗਾਰੀਆਂ
ਬਣ ਜਾਵੇ ਤਾਂ ਭਾਂਬੜ ਕਿਤੇ।
ਤੇਜ਼ੀ ਬੜੀ, ਮੰਜ਼ਿਲ ਨਹੀਂ
ਕੀ ਬਣੇਗਾ ਤੂੰ ਹੀ ਜਵਾਬ ਦੇ ?

## ਯੁੱਗ ਜੰਮਦੀ

ਮਰੀਅਮ ਦੇ ਘਰ ਈਸਾ ਜੰਮਿਆ
ਔਰਤ ਨੇ ਰੱਬ ਪੈਦਾ ਕੀਤਾ
ਮਰਦ ਨਾ ਬਣੇ ਗਵਾਹ ਕੋਈ।

ਨਾਨਕ ਜੰਮਦੀ, ਗੌਤਮ ਜੰਮਦੀ,
ਕੁੱਖ ਨੂੰ ਕੌਣ ਕਹੇ ਤੂੰ ਨਾ ਜੰਮ
ਪੁੱਤ ਆਦਮ ਦਾ, ਹੋਂਦ ਮਨੁੱਖ ਦੀ।

ਔਰਤ ਨੇ ਇਕ ਪੁੱਤ ਜੰਮਿਆ ਸੀ
ਗੁਣੀ ਗਿਆਨੀ ਤੇ ਵਡ-ਜੋਧਾ
ਕਾਲ ਤਪੱਸਵੀ ਨੇ ਵੱਸ ਕੀਤਾ
ਫਿਰ ਵੀ ਸੀਤਾ ਹਰਣ ਆ ਗਿਆ।

ਔਰਤ ਨੇ ਇਕ ਪੁੱਤ ਜੰਮਿਆ ਹੈ
ਮਾਇਆਧਾਰੀ ਸੌਦੇ ਕਰਦਾ ;
ਭੌਂ ਵਾਂਗੂੰ ਕਬਜ਼ੇ ਕਰ ਲੈਂਦਾ
ਕੁੱਖ ਮਰੀਅਮ ਦੀ ਦਾਗ਼ੀ ਕਰਦਾ।

ਔਰਤ ਨੇ ਇਕ ਪੁੱਤ ਜੰਮਣਾ ਹੈ
ਜੀਹਦੀ ਹੋਂਦ, ਹਿਮਾਲਾ ਵਾਂਗੂੰ
ਜਨਣੀ ਦੀ ਰਖਵਾਲੀ ਕਰਦੀ
ਬਲੀ ਜਵਾਨੀ ਚਾੜ੍ਹਦੀ।

ਕਲਯੁਗ ਲੰਮਾ ਹੋ ਗਿਆ ਏਨਾ
ਕਾਲ ਕਿਤੇ ਇਹਦਾ ਨਹੀਂ ਦਿਸਦਾ।
ਔਰਤ ਨੇ ਸ਼ਿਵ ਜੀ ਜੰਮਣਾ ਹੈ
ਵਿਹੁ ਸਾਗਰ ਹੁਣ ਮੂੰਹ ਮੂੰਹ ਭਰਿਆ।

## ਮੈਂ ਕੌਣ ਹਾਂ?

ਮੈਂ ਨਹੀਂ, ਕੋਈ ਨਹੀਂ, ਮੈਂ ਕੁਝ ਨਹੀਂ।
ਮੈਂ ਰੂਪ ਹਾਂ, ਇਕ ਜੋਤ ਹਾਂ,
ਮੇਰਾ ਰੰਗ ਹੈ ਸੂਰਜ ਜਿਹਾ,
ਹੋਵੇਗੀ ਸੁਬਹ ਹਰ ਜਗ੍ਹਾ,
ਜਾਗੇਗਾ ਚਾਨਣ ਰੋਜ਼ ਨੂੰ।

ਮੇਰੇ ਬੋਲ ਨਾ, ਮੇਰੀ ਕੂਕ ਨਾ, ਮੇਰੀ ਹੂਕ ਨਾ।
ਮੈਂ ਗੂੰਜ ਹਾਂ, ਬੱਸ ਗਰਜ ਹਾਂ
ਬਰਸੇਗਾ ਸਾਵਣ ਹਰ ਘੜੀ
ਧਰਤੀ ਹਰੀ ਸਰਵਰ-ਭਰੀ।

ਮੇਰੀ ਜਾਨ ਹੀ ਜਾਂਦੀ ਰਹੀ
ਮੇਰੇ ਪ੍ਰਾਣ ਹੀ ਮੁੱਕਦੇ ਰਹੇ।

ਨਾ ਮੈਂ ਜਿਸਮ ਹਾਂ, ਨਾ ਮੈਂ ਜਾਨ ਹਾਂ,
ਨਾ ਮੈਂ ਜਨਮ ਹਾਂ, ਨਾ ਮੈਂ ਮੌਤ ਹਾਂ।
ਮੈਂ ਤਾਂ ਮੌਜ ਹਾਂ, ਹਰ ਲਹਿਰ ਦੀ,
ਰੁਮਕਣ ਹਾਂ, ਵਗਦੀ ਪੌਣ ਦੀ,
ਚੁੰਮਣ ਮੇਰਾ ਕਲੀਆਂ ਜਿਹਾ,
ਮੈਂ ਤਾਂ ਇਸ਼ਕ ਹਾਂ, ਮੈਂ ਸ਼ੌਕ ਹਾਂ,
ਰੂਹਾਂ ਜਗਾਉਂਦੀ, ਮੈਂ ਫਿਰਾਂ
ਜੀਵਨ ਹਾਂ, ਮੈਂ ਨਾ ਮਰੇ ਕਈ।

ਮੈਂ ਹਰ ਘੜੀ ਤੁਰਦੀ ਰਹਾਂ
ਨਾ ਸਫ਼ਰ ਹਾਂ, ਨਾ ਮੈਂ ਰਾਹ ਹਾਂ।
ਰਾਹੀ ਨਾ ਮੈਂ, ਮੰਜ਼ਿਲ ਨਾ ਮੈਂ।
ਮੈਂ ਤਾਂ ਸਾਥ ਹਾਂ, ਹਰ ਸ਼ੌਕ ਦਾ।
ਮੈਂ ਤਾਂ ਲਗਨ ਹਾਂ, ਹਰ ਉਮਰ ਦੀ।
ਮੈਂ ਹੀ ਧਰਤ ਹਾਂ, ਮੈਂ ਹੀ ਗਗਨ ਹਾਂ।
ਸੀਤਲ ਜਹੀ ਇਕ ਅਗਨ ਹਾਂ
ਮੇਰੇ 'ਚ ਜਾਵੇ ਸਭ ਸਮਾ।

## "ਤੇਜ਼ ਘੁੰਮਣ ਧਰਤੀਆਂ"

ਕਿਨੀ ਵਾਰੀ ਸੋਚਿਆ ਗਮ ਤੋਂ ਕਿਨਾਰਾ ਕਰ ਲਵਾਂ,
ਮੀਟਿਆਂ ਨੈਣਾ 'ਚ ਯਾਰੋ ਤੇਜ਼ ਘੁੰਮਣ ਧਰਤੀਆਂ।

ਹਰ ਹਕੀਕਤ ਨਾਲੋਂ ਤਿਨਕਾ ਤੋੜਦੀ ਮੇਰੀ ਉਡਾਣ,
ਰਾਤ ਭਰ ਕੁਰਲਾ ਕੇ ਕੂੰਜਾਂ ਮੁੜ ਜ਼ਮੀਂ 'ਤੇ ਪਰਤੀਆਂ।

ਦਿਲ ਦੇ ਨਾਲੋਂ ਮੈਂ ਚਲਾਕ, ਮੇਰੇ ਨਾਲੋਂ ਮੇਰਾ ਸ਼ੌਕ
ਬੈਠ ਕੇ ਇਕਾਂਤ ਵਿਚ ਕੱਢਦਾ ਹੈ ਮੇਰੀਆਂ ਗਲਤੀਆਂ।

.......

ਫ਼ਰਕ ਕੀ ਪੈਂਦਾ ਹੈ ਮਰੀਏ ਖ਼ਾਬ ਵਿਚ ਜਾਂ ਹੋਸ਼ ਵਿਚ
ਧੜਕਣਾਂ 'ਤੇ ਹੋਣ ਭਾਰੂ ਹਾਦਸੇ ਦੀਆਂ ਸਖ਼ਤੀਆਂ।

ਚਿਹਰਿਆਂ ਨੂੰ ਯਾਦ ਰੱਖਾਂ ਰਿਸ਼ਤਿਆਂ ਨੂੰ ਵਿਸਰ ਜਾਵਾਂ ?
ਪੋਚ ਦੇਵਾਂ ਕਿਸ ਤਰ੍ਹਾਂ ਤਲੀਆਂ ਦੀਆਂ ਮੈਂ ਤਖ਼ਤੀਆਂ।

ਸ਼ੌਕ ਦੀ ਉਂਗਲੀ ਲਗਾਕੇ ਲੈ ਤੁਰੇ ਦਿਲ ਨੂੰ ਨਸੀਬ,
ਤੇ ਸੁਨਾਵਣ ਲੰਮੀਆਂ ਵਾਟਾਂ ਦੀਆਂ ਬਦਬਖ਼ਤੀਆਂ।





ਬਰਨਬੀ ਵਿਚ

ਕਿੰਗਜ਼ਵੇ ਉਤੇ





ਵਰਤੀਆਂ ਕਾਰਾਂ (Used Cars)




ਦੀ ਨਵੀਂ ਡੀਲਰਸ਼ਿਪ ਖੁਲ੍ਹ ਰਹੀ ਹੈ




ਵੇਰਵੇ ਦੀ ਉਡੀਕ ਕਰੋ




6138, Kingsway, Burnaby, B.C.

# ਸਿਆਸੀ ਕਤਲ

ਉਂਜ ਤੇ ਅੱਜ ਪੰਜਾਬ ਕੀ, ਸਾਰੇ ਭਾਰਤ ਅਤੇ ਸਾਰੇ ਸੰਸਾਰ ਦੇ ਅਖਬਾਰ ਰੋਜ਼ ਹੀ ਸਿਆਸੀ ਕਤਲਾਂ ਦੀਆਂ ਖਬਰਾਂ ਨਾਲ ਭਰੇ ਹੋਏ ਹੁੰਦੇ ਹਨ ਪਰ ਪੰਜਾਬ ਦੇ ਸਿਆਸੀ ਕਤਲ ਕੁਝ "ਥੋਕ" ਰੂਪ ਧਾਰਨ ਕਰ ਚੁੱਕੇ ਹਨ।

ਕੋਈ ਵਕਤ ਸੀ ਜਦੋਂ ਤਖਤਾਂ ਦੇ ਮਾਲਕਾਂ ਜਾਂ ਵਾਰਸਾਂ ਦੇ ਕਤਲ ਹੋਇਆ ਕਰਦੇ ਸਨ। ਪਰ ਅੱਜ ਨਾ ਤੇ ਤਖਤਾਂ ਦਾ ਕੋਈ ਰੌਲਾ ਹੈ ਨਾ ਹੀ ਵਾਰਸਾਂ ਦਾ। ਕੋਈ ਟਾਂਵਾਂ ਟਾਂਵਾਂ ਤਾਜਦਾਰ ਰਹਿ ਗਿਆ ਹੈ ਉਨ੍ਹਾਂ ਵਿਚੋਂ ਕੁਝ ਇੱਕ ਤਾਂ ਬਸ ਜਿਵੇਂ ਅਜਾਇਬ ਘਰ ਵਿਚ ਸਜਾ ਕੇ ਰੱਖਿਆ ਹੋਇਆ ਹੋਵੇ। ਅੱਜ ਰਾਜ ਸੱਤਾ ਲਈ ਖੋਹ-ਖਿੰਝ ਜਨ-ਸਧਾਰਨ ਦੇ ਪੱਧਰ ਤਕ ਪੁੱਜ ਗਈ ਹੈ। ਇਸ ਲਈ ਇਹ ਰਾਜਨੀਤਕ ਕਤਲਾਂ ਵਾਲਾ ਮਾਮਲਾ ਵੀ ਇਸੇ ਪੱਧਰ ਤਕ ਆ ਪੁੱਜਾ ਹੈ। ਸਾਡੇ ਪੰਜਾਬ ਦੇ ਕਤਲ ਇਸ ਦੀ ਬਹੁਤ ਨੇੜਲੀ ਉਦਾਹਰਣ ਹਨ।

ਸਾਡੇ ਪਾਠਕਾਂ ਦੀ ਅੱਜ ਦੀ ਪੀੜ੍ਹੀ ਨੂੰ ਅਜੋਕੇ ਕਤਲਾਂ ਬਾਰੇ ਤਾਂ ਪਤਾ ਹੀ ਹੈ ਜਿਵੇਂ ਮਹਾਤਮਾ ਗਾਂਧੀ ਦਾ ਕਤਲ, ਪਾਕਿਸਤਾਨ ਦੇ ਲਿਆਕਤ ਅਲੀ ਦਾ ਅਤੇ ਅਤੇ ਡਾ. ਖਾਨ ਸਾਹਿਬ ਦਾ ਕਤਲ, ਲੁੰਮੂਬਾ ਦਾ ਕਤਲ, ਸ੍ਰੀ ਲੰਕਾ ਦੇ ਭੰਡਾਰਨਾਇਕੇ ਦਾ ਕਤਲ, ਬੰਗਲਾਦੇਸ਼ ਦੇ ਮੁਜੀਬ - ਉਰ - ਰਹਿਮਾਨ ਦਾ ਕਤਲ, ਮਿਸਰ ਦੇ ਪ੍ਰਧਾਨ ਅਨਵਰ ਸਾਦਾਤ ਦਾ ਕਤਲ, ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦਾ ਕਤਲ ਅਤੇ ਸਾਡੇ ਪ੍ਰਾਂਤ ਵਿਚ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਕਤਲ ਆਦਿ।

ਬਹੁਤ ਸਾਰੇ ਵਿਚਾਰਵਾਨਾਂ ਅਤੇ ਮਾਣਯੋਗ ਲੋਕਾਂ ਨੇ ਰਾਜਨੀਤਕ ਕਤਲਾਂ ਨੂੰ ਜਾਇਜ਼ ਦੱਸਿਆ ਹੈ ਜਿਵੇਂ ਕਿ ਪ੍ਰਸਿੱਧ ਅਰਾਜਕਤਾਵਾਦੀ ਇਨਕਲਾਬੀ ਬਾਕੂਨਿਨ ਨੇ। 1869-70 ਵਿਚ ਉਸ ਨੇ ਨੇਚਾਯੇਵ ਨਾਲ ਮਿਲ ਕੇ ਇਕ ਦਸਤਾਵੇਜ਼ ਲਿਖੀ ਸੀ ਉਸ ਵਿਚ ਆਪਣੀ ਜਥੇਬੰਦੀ ਦਾ ਪ੍ਰੋਗਰਾਮ ਉਲੀਕਦਿਆਂ ਹੋਇਆਂ ਕਿਹਾ ਕਿ ਕ੍ਰਾਂਤੀਕਾਰੀਆਂ ਅਤੇ ਸਮਾਜ ਵਿਚਕਾਰ ਹੋਈ ਮਾਰੂ-ਯੁੱਧ ਨਹੀਂ ਹੈ, ਕ੍ਰਾਂਤੀਕਾਰੀ ਨੂੰ ਤਾਂ ਬੱਸ ਉਨ੍ਹਾਂ ਵਿਅਕਤੀਆਂ ਦੀ ਇਕ ਸੂਚੀ ਹੀ ਤਿਆਰ ਕਰਨੀ ਹੁੰਦੀ ਹੈ ਜਿਸ ਵਿਚ ਉਹ ਵਿਅਕਤੀ ਤਰਤੀਬਵਾਰ ਦਰਜ ਕੀਤੇ ਹੋਣ ਜਿਨ੍ਹਾਂ ਦਾ ਕਿ ਫੌਰੀ ਤੌਰ 'ਤੇ ਖਾਤਮਾ ਕੀਤਾ ਜਾਣਾ ਜ਼ਰੂਰੀ ਹੈ।

ਇਟਲੀ ਦੀ ਆਜ਼ਾਦੀ ਦਾ ਆਦਰਯੋਗ ਮਸੀਹਾ ਅਨਫਾਇਰੀ ਵੀ ਖੰਜਰ ਦਾ ਸਿਧਾਂਤ ਪੇਸ਼ ਕਰਦਾ ਹੈ ਅਤੇ ਇਸ ਨੂੰ ਰਾਜਨੀਤਕ ਢੰਗ ਦੱਸਦਾਂ ਹੈ। ਇਸੇ ਤਰ੍ਹਾਂ ਸੇਂਟਥਾਮਸ ਅਕੀਨਾਸ ਵੀ ਜਨਹਿੱਤ ਵਿਚ ਕਿਸੇ ਜ਼ਾਲਮ ਦੀ ਹੱਤਿਆ ਕਰਨ ਦਾ ਅਧਿਕਾਰ ਦਿੰਦਾ ਹੈ।

ਪਰ ਜਾਨ੍ਹ ਲੌਕ ਕਹਿੰਦਾ ਹੈ ਕਿ ਜਿਹੜਾ ਕੋਈ ਵੀ ਆਪਣੇ ਮੰਤਵ ਦੀ ਪ੍ਰਾਪਤੀ ਲਈ ਸ਼ਕਤੀ ਦੀ ਵਰਤੋਂ ਕਰਦਾ ਹੈ ਉਹ ਉਨ੍ਹਾਂ ਲਈ ਵੀ, ਸਾਰੇ ਕਾਇਦੇ ਕਾਨੂੰਨ ਤੋੜਨ ਅਤੇ ਸ਼ਕਤੀ ਦੀ ਵਰਤੋਂ ਕਰਨ ਦੀ ਖੁੱਲ੍ਹ ਦਿੰਦਾ ਹੈ ਜਿਨ੍ਹਾਂ ਵਿਰੁੱਧ ਉਹ ਆਪਣੀ ਸ਼ਕਤੀ ਦੀ ਵਰਤੋਂ ਕਰਦਾ ਹੈ।

ਇਤਿਹਾਸ ਵਿਚ ਜਾਣ ਦੀ ਲੋੜ ਨਹੀਂ। ਬੜੇ ਸਿਆਸੀ ਕਤਲ ਹੋਏ। 19ਵੀਂ ਸਦੀ ਦੇ ਅੰਤ ਤੋਂ ਪਹਿਲਾਂ ਪਹਿਲਾਂ ਵੀ ਖਾਸੇ ਰਾਜਨੀਤਕ ਕਤਲ ਹੋਏ ਜਿਨ੍ਹਾਂ ਵਿਚ ਸਵੀਡਨ ਦਾ ਰਾਜਾ ਗੁਸਤਾਵੁਸ ਤੀਜਾ, ਰੂਸ ਦਾ ਜ਼ਾਰ ਪਾਲ ਪਹਿਲਾ, ਤੁਰਕੀ ਦਾ ਸੁਲਤਾਨ ਸਲੀਮ ਤੀਜਾ ਆਦਿ ਗਿਣੇ ਜਾ ਸਕਦੇ ਹਨ।

ਇਨਕਲਾਬੀ ਰਾਜਸੀ ਕਤਲ, ਉਦੋਂ ਕਰਦੇ ਹਨ ਜਦੋਂ ਸਥਾਪਤੀ ਦੇ ਉਲਟਾਏ ਜਾਣ ਲਈ ਹੋਰ ਸਾਰੇ ਰਾਹ ਬੰਦ ਹੋ ਜਾਣ। ਅਰਾਜਕਤਾਵਾਦੀ ਅਤੇ ਨਿਹਲਵਾਦੀਆਂ ਨੇ ਇਸ ਦੀ ਖੁੱਲ੍ਹੇ - ਆਮ ਹਿਮਾਇਤ ਕੀਤੀ ਹੈ। ਪਰ ਕਮਿਊਨਿਸਟ ਇਸ ਦੀ ਨਿੰਦਾ ਕਰਦੇ ਹਨ। ਉਹ ਵਿਅਕਤੀਗਤ ਕਤਲਾਂ ਨੂੰ ਗਲਤ ਸਮਝਦੇ ਹਨ ਅਤੇ ਜਮਾਤੀ ਸੰਘਰਸ਼ ਨੂੰ ਮੁੱਖ ਰੱਖਦੇ ਹਨ।

ਪ੍ਰਧਾਨ ਕੈਨੇਡੀ, ਉਸ ਦੇ ਭਰਾ ਰਾਬਰਟ ਕੈਨੇਡੀ ਤੇ ਡਾ. ਮਾਰਟਿਨ ਲੂਥਰ ਕਿੰਗ ਆਦਿ ਦੇ ਕਤਲ ਜ਼ਾਹਰਾ ਰੂਪ ਵਿਚ ਰਾਜਨੀਤਕ ਜਾਂ ਇਨਕਲਾਬੀਆਂ ਵਲੋਂ ਕਤਲ ਨਹੀਂ ਕਹੇ ਜਾ ਸਕਦੇ।

1914 - 18 ਦੀ ਮਹਾਨ ਜੰਗ ਦਾ ਕਾਰਨ, ਜਾਂ ਬਹਾਨਾ ਕਹਿ ਲਵੋ, ਆਸਟਰੋ - ਹੰਗਰੀ ਤਖਤ ਦੇ ਵਾਰਸ ਸ਼ਾਹਜ਼ਾਦਾ ਫਰਾਂਸਿਸ ਫਰਦੀਨੰਦ ਦਾ ਇਕ ਦਹਿਸ਼ਤਪਸੰਦ ਵਲੋਂ ਕਤਲ ਕੀਤਾ ਜਾਣਾ ਹੀ ਤਾਂ ਸੀ।

ਰਾਜਨੀਤਕ ਤੌਰ 'ਤੇ ਵਿਅਕਤੀਗਤ ਕਤਲਾਂ ਦਾ ਦੌਰ ਹੁਣ ਬੀਤ ਰਿਹਾ ਹੈ। ਇਨ੍ਹਾਂ ਕਤਲਾਂ ਦਾ ਇਕੋ ਇਕ ਹੱਲ ਹੈ ਜਮਾਤੀ ਸੰਘਰਸ਼ ਦੀ ਸੂਝ ਅਤੇ ਇਸ ਵਿਚ ਕਿਰਤੀ ਵਰਗ ਦਾ ਵਿਜਈ ਹੋ ਕੇ ਨਿਕਲਣਾ ਜੋ ਕਿ ਇਕ ਅਟੱਲ ਸਚਾਈ ਹੈ। ਬੰਦਾ ਮਾਰਿਆਂ ਨਾ ਬਦੀ ਮੁੱਕਦੀ ਹੈ ਨਾ ਕੁਝ ਹੋਰ ਸੌਰਦਾ ਹੈ।

**ਸੁਰਜੀਤ ਖੁਰਸ਼ੀਦੀ**

ਪੰਨਾ 32 ਤੋਂ ਜਾਰੀ

—ਤੇ ਤੇਰੀ ਨਕਲ ਵੇਲੇ ਸੁਪਰਡੈਂਟ ਨੂੰ ਚਾਕੂ ਕਿਸ ਦਿਖਾਇਆ ਸੀ?

—ਛੱਡ ਯਾਰ ਪੁਰਾਣੀਆਂ ਗੱਲਾਂ। ਹੁਣ ਤੂੰ ਜੇਲ੍ਹ ਵਿਚ ਠੀਕ-ਠਾਕ ਰਹੀਂ। ਛੇਤੀ ਹੀ ਤੈਨੂੰ ਛੁਡਵਾ ਦਿਆਂਗੇ।

—ਫਿਰ ਮੈਂ ਵੀ ਚੋਣ ਲੜਾਂਗਾ-ਏਸੇ ਭੰਬਲ ਘਾਟੀ ਤੋਂ। ਮੇਰਾ ਹੁਣ ਕਾਫੀ ਤਜਰਬਾ ਹੋ ਗਿਆ ਏ।

—ਤੇਰਾ ਤਜਰਬਾ ਤਾਂ ਹਿੰਸਾ ਤੇ ਡਾਕਿਆਂ ਦਾ ਏ। ਪਰ ਚੋਣਾਂ ਤਾਂ

—ਚੋਣਾਂ ਤੇ ਡਾਕਿਆਂ ਵਿਚ ਭਲਾ ਕੀ ਫਰਕ ਏ? ਦੋਵੇਂ ਹੀ...!

—ਹੁਣ ਤੁਹਾਡੇ ਸਾਹਮਣੇ ਸ੍ਰੀ ਤਲਵਾਰ ਸਿੰਘ ਜੀ ਦੋ ਸ਼ਬਦ ਕਹਿਣਗੇ। ਡਾਕੂ ਤਲਵਾਰ ਸਿੰਘ ਨਹੀਂ ਅੱਜ ਤੋਂ ਬਣੇ ਇਕ ਨੇਕ ਸ਼ਹਿਰੀ ਤਲਵਾਰ ਸਿੰਘ ਜੀ।

**ਹਮਦਰਦਵੀਰ ਨੌਸ਼ਹਿਰਵੀ**


# NORTH AMERICAN LIFE ASSURANCE CO.



Sunil Ahuja

## SUNIL AHUJA
representative

- ☐ Life Insurance
- ☐ Mortgage Insurance
- ☐ Children's Educational Plans
- ☐ R R S P

Bus. 685-9335
Res. 581-6546

320, 815 West Hasting St.
VANCOUVER, B.C. V6C 2W1

# ਕੀ ਇੰਮੀਗਰੇਸ਼ਨ ਦਾ ਮਸਲਾ ਹੈ ?

ਸਲਾਹ ਮਸ਼ਵਰੇ ਲਈ ਸਾਡੀ ਮਦਦ ਲਵੋ
ਅਸੀਂ ਆਪਦੀ ਸੇਵਾ 1946 ਤੋਂ ਕਰਦੇ ਆ ਰਹੇ ਹਾਂ

**ਪਹਿਲੀ ਮੁਲਾਕਾਤ ਦੀ ਕੋਈ ਫੀਸ ਨਹੀਂ ਹੋਵੇਗੀ**

**ਅਸੀਂ ਹੇਠ ਲਿਖੇ ਮਾਮਲਿਆਂ ਬਾਰੇ ਸਲਾਹ ਦੇ ਸਕਦੇ ਹਾਂ**

- ਰਿਸ਼ਤੇਦਾਰਾਂ ਨੂੰ ਕੈਨੇਡਾ ਮੰਗਵਾਉਣ ਲਈ ਚੰਗੀ ਸਲਾਹ
- ਇੰਡੀਆ, ਕੈਨੇਡਾ ਜਾਂ ਕਿਸੇ ਹੋਰ ਮੁਲਕ ਦਾ ਵੀਜ਼ਾ ਲੈਣਾ ਹੋਵੇ ਜਾਂ ਮਿਆਦ ਵਧਾਉਣੀ ਹੋਵੇ ਉਸਦੇ ਬਾਰੇ 'ਚ ਵੀ ਸਾਡੇ ਕੋਲ ਆਉ ਅਸੀਂ ਤੁਹਾਨੂੰ ਸਹੀ ਸਲਾਹ ਦੇ ਸਕਦੇ ਹਾਂ।
- ਕਿਸੇ ਰਿਸ਼ਤੇਦਾਰ ਦੇ ਬੱਚੇ ਨੂੰ ਅਡਾਪਟ(ਗੋਦ ਲੈਣਾ) ਕਰਨ ਬਾਰੇ ਜਾਣਕਾਰੀ — ਤੁਸੀਂ ਇਥੇ ਬੈਠੇ ਹੀ ਕਿਸੇ ਵੀ ਮੁਲਕ ਚੋਂ ਬੱਚੇ ਨੂੰ ਅਡਾਪਟ ਕਰ ਸਕਦੇ ਹੋ। ਤੁਹਾਨੂੰ ਉਸ ਮੁਲਕ 'ਚ ਜਾਣ ਦੀ ਲੋੜ ਨਹੀਂ ਹੈ।
- ਅਰਫਨ ਜਾਂ ਯਤੀਮ ਬੱਚੇ ਨੂੰ ਮੰਗਵਾਉਣਾ ਹੋਵੇ ਉਸ ਬਾਰੇ ਜਾਣਕਾਰੀ — ਭਰਾ, ਭੈਣ, ਭਤੀਜਾ, ਭਤੀਜੀ, ਭਾਣਜਾ, ਭਾਣਜੀ, ਪੋਤੀ, ਪੋਤਾ, ਦੋਹਤੀ, ਦੋਹਤਾ ਜਿਨ੍ਹਾਂ ਦੀ ਉਮਰ 18 ਸਾਲ ਤੋਂ ਘੱਟ ਹੋਵੇ ਤੇ ਵਿਆਹ ਹੋਏ ਨਾ ਹੋਣ। ਉਸ ਨੂੰ ਤੁਸੀਂ ਮੰਗਵਾ ਸਕਦੇ ਹੋ।
- ਜੇ ਕਿਸੀ ਕਾਰਨ ਕੋਈ ਤੁਹਾਡਾ ਰਿਸ਼ਤੇਦਾਰ ਬੇ-ਕਾਨੂੰਨੀ ਰਹਿੰਦਾ ਹੋਇਆ ਕੈਨੇਡਾ ਫੜਿਆ ਜਾਵੇ ਤਾਂ ਉਸਦੇ ਸੈਰ ਕਰਨ ਦੀ ਮਿਆਦ ਲੰਘ ਗਈ ਹੋਵੇ ਤਾਂ ਅਸੀਂ ਉਸਨੂੰ ਕਿਵੇਂ ਛੁਡਾ ਸਕਦੇ ਹਾਂ। ਉਸਦੇ ਬਾਰੇ ਸਾਰੀ ਜਾਣਕਾਰੀ ਅਸੀਂ ਤੁਹਾਨੂੰ ਦੇ ਸਕਦੇ ਹਾਂ।
- ਜੇ ਤੁਸੀਂ ਕਿਸੇ ਰਿਸ਼ਤੇਦਾਰ ਦੀ ਚਿਠੀ ਭਰੀ ਹੈ ਤਾਂ ਉਨ੍ਹਾਂ ਨੂੰ ਕਿਸੇ ਵੀ ਕਾਰਨ ਇਮੀਗਰੇਸ਼ਨ ਉਸ ਨੂੰ ਆਉਣ ਤੋਂ ਵੀਜ਼ਾ ਦੇਣ ਤੋਂ ਮਨਾਂ ਕਰ ਦਿਤਾ ਗਿਆ ਹੈ ਤਾਂ ਤੁਹਾਡੇ ਖਿਆਲ ਵਿਚ ਉਨ੍ਹਾਂ ਨਾਲ ਬੇਇਨਸਾਫੀ ਹੋਈ ਹੈ ਅਸੀਂ ਉਸ ਕੰਮ ਦੀ ਅਪੀਲ ਕਰਕੇ ਤੁਹਾਡੀ ਹਰ ਕਾਨੂੰਨੀ ਤੌਰ ਤੇ ਮੱਦਦ ਕਰ ਸਕਦੇ ਹਾਂ।
- ਜੇਕਰ ਤੁਹਾਡੇ ਕੇਸ ਨੂੰ ਬਹੁਤ ਦੇਰ ਹੋ ਗਈ ਹੈ। ਸਾਲ, ਦੋ ਸਾਲ, ਤਿੰਨ ਸਾਲ ਤੱਕ ਤੋਂ ਕੰਮ ਨਹੀਂ ਨਿਕਲ ਰਿਹਾ। ਤਾਂ ਅਸੀਂ ਕਾਨੂੰਨੀ ਤੌਰ 'ਤੇ ਤੁਹਾਡੇ ਵਾਸਤੇ ਇਮੀਗਰੇਸ਼ਨ ਕੋਲੋਂ ਪਤਾ ਕਰਕੇ ਦਸ ਸਕਦੇ ਹਾਂ ਕਿ ਕੀ ਕਾਰਨ ਹੈ।

**ਨਵੇਂ ਰਫਿਊਜ਼ੀ ਕਾਨੂੰਨ ਬਾਰੇ ਸਾਡੇ ਕੋਲੋਂ ਸਲਾਹ ਲਵੋ**



ਮਲਕੀਤ ਸਿੰਘ ਪਰਹਾਰ
(ਇਮੀਗਰੇਸ਼ਨ ਸਲਾਹਕਾਰ)

ਹੋਰ ਜਾਣਕਾਰੀ ਲਈ ਮਿਲੋ

**ਮਲਕੀਤ ਸਿੰਘ ਪਰਹਾਰ**

**OFF.(604)733-1644**

**Res. 228- 0452**

**Malkit Singh Parhar**
#201-1275 W. 6th Avenue,
Vancouver, B.C. V6H1A6

- ਬਿਜ਼ਨਿਸ ਤੌਰ ਤੇ ਕੈਨੇਡਾ ਦੀ ਇੰਮੀਗਰੇਸ਼ਨ ਲੈਣੀ ਹੋਵੇ।
- ਸਟੂਡੈਂਟ ਵੀਜ਼ੇ ਬਾਰੇ ਜਾਣਕਾਰੀ ਵੀ ਸਾਥੋਂ ਲਵੋ।
- ਟੈਂਪਰੇਰੀ ਵਰਕ ਪਰਮਿਟ ਲੈਣ ਬਾਰੇ ਵੀ ਅਸੀਂ ਕਾਨੂੰਨੀ ਤਰੀਕੇ ਨਾਲ ਦੱਸ ਸਕਦੇ ਹਾਂ।
- ਜੇਕਰ ਤੁਸੀਂ ਕਿਸੇ ਰਿਸ਼ਤੇਦਾਰ ਜਾਂ ਦੋਸਤ ਮਿੱਤਰ ਨੂੰ ਕੈਨੇਡਾ ਸੈਰ ਕਰਨ ਲਈ ਮੰਗਵਾਉਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੇ ਲਈ ਰਾਹਦਾਰੀ (Declaration) ਬਣਾ ਸਕਦੇ ਹਾਂ।
- ਕੈਨੇਡੀਅਨ ਸਿਟੀਜ਼ਨਸ਼ਿਪ ਲੈਣ ਦਾ ਤੇ ਤੁਹਾਡੇ ਨਾਲ ਜਾ ਕੇ ਗੱਲਬਾਤ ਕਰਨ 'ਚ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ।
- ਜੇ ਤੁਸੀਂ ਇੰਡੀਆ ਤੋਂ ਡਾਇਵੋਰਸ ਲੈਣਾ ਹੋਵੇ। ਤੁਹਾਨੂੰ ਉਥੇ ਜਾਣ ਦੀ ਕੋਈ ਲੋੜ ਨਹੀਂ ਇਥੇ ਬੈਠੇ ਹੀ ਡਾਇਵੋਰਸ ਲੈ ਸਕਦੇ ਹੋ।
- ਜੇ ਤੁਹਾਡੀ ਇੰਡੀਆ ਕੋਈ ਜਾਇਦਾਦ ਹੈ ਉਸਨੂੰ ਤੁਸੀਂ ਕਿਵੇਂ ਆਪਣੇ ਨਾਂ ਰੱਖ ਸਕਦੇ ਹੋ ਜਾਂ ਕਿਸੇ ਦੇ ਨਾਂ ਕਿਸ ਤਰ੍ਹਾਂ ਲਵਾ ਕੇ ਫੇਰ ਵੀ ਤੁਹਾਡੇ ਕੋਲ ਜ਼ਮੀਨ ਕਿਵੇਂ ਰਹਿ ਸਕਦੀ ਹੈ, ਜਾਂ ਤੁਸੀਂ ਇਥੇ ਬੈਠੇ ਹੋਏ ਉਹੋ ਜ਼ਮੀਨ ਕਿਵੇਂ ਵੇਚ ਸਕਦੇ ਹੋ। ਇਸ ਬਾਰੇ ਅਸੀਂ ਸਲਾਹ ਦੇ ਸਕਦੇ ਹਾਂ।
- ਜੇ ਤੁਸੀਂ ਘਰ ਖਰੀਦਣਾ ਹੋਵੇ, ਤੁਹਾਡੇ ਕੋਲ ਪੈਸੇ ਡਾਊਨ ਪੇਮਿੰਟ ਦੇਣ ਲਈ ਥੋੜੇ ਹੋਣ ਤਾਂ ਅਸੀਂ ਤੁਹਾਨੂੰ ਦਸ ਸਕਦੇ ਹਾਂ ਕਿ ਇਸ ਸਭ ਦਾ ਬੰਦੋਬਸਤ ਕਿਵੇਂ ਹੋ ਸਕਦਾ ਹੈ। ਤੁਹਾਡੇ ਕੋਲ ਪ੍ਰਾਪਟੀ ਹੈ, ਜੇਕਰ ਉਸਦੇ ਉਪਰ ਫਸਟ, ਸੈਕਿੰਡ, ਥਰਡ ਮੌਰਗੇਜ ਥੋੜੇ ਤੋਂ ਥੋੜੇ ਵਿਆਜ ਤੇ ਲੈਣੀ ਹੋਵੇ ਤਾਂ ਉਸ ਬਾਰੇ ਦਸ ਸਕਦੇ ਹਾਂ। ਤੁਸੀਂ ਪ੍ਰਾਪਰਟੀ ਜਾਂ ਬਿਜ਼ਨਿਸ ਖਰੀਦਣੀ ਹੋਵੇ। ਤੁਸੀਂ ਕਿਥੋਂ ਜਾਂ ਕਿੱਦਾਂ ਪੈਸੇ ਲੈ ਸਕਦੇ ਹੋ।

**ਉਪਰ ਲਿਖੇ ਮਸਲਿਆਂ ਤੋਂ ਇਲਾਵਾ ਅਸੀਂ ਤੁਹਾਨੂੰ ਹੋਰ ਕਿਸੇ ਤੁਹਾਡੇ ਇੰਡੀਆ ਵਿਚਲੇ ਮਸਲੇ ਬਾਰੇ ਵੀ ਸਲਾਹ ਮਸ਼ਵਰਾ ਦੇ ਸਕਦੇ ਹਾਂ**

ਨੋਟ — ਤੁਹਾਨੂੰ ਸੁਣਕੇ ਖੁਸ਼ੀ ਹੋਵੇਗੀ ਕਿ ਅਸੀਂ ਆਪਣਾ ਬਰਾਂਚ ਆਫਿਸ ਪੰਜਾਬ ਵਿਚ ਵੀ ਛੇਤੀ ਖੋਲ੍ਹ ਰਹੇ ਹਾਂ।

# ਰਾਜਾਂ ਨੂੰ ਵੱਧ ਅਧਿਕਾਰ ਦੇਣ ਨਾਲ ਕੇਂਦਰ ਕਮਜ਼ੋਰ ਨਹੀਂ ਹੋਏਗਾ

—ਸਤਨਾਮ ਸਿੰਘ ਵੜੈਚ-



ਪ੍ਰਫੁਲ ਕੁਮਾਰ ਮੁਹੰਤਾ (ਆਸਾਮ)



ਰਾਮ ਕ੍ਰਿਸ਼ਨ ਹੇਗੜੇ (ਕਰਨਾਟਕ)



ਜਿਓਤੀ ਬਾਸੂ (ਪੱਛਮੀ ਬੰਗਾਲ)



ਸੁਰਜੀਤ ਸਿੰਘ ਬਰਨਾਲਾ (ਪੰਜਾਬ)

ਮੁਖ ਮੰਤਰੀ ਜੋ ਰਾਜਾਂ ਲਈ ਵਧ ਅਧਿਕਾਰਾਂ ਦੀ ਮੰਗ ਕਰਦੇ ਹਨ

ਕੇਂਦਰ-ਰਾਜ ਸਬੰਧਾਂ ਦਾ ਮਸਲਾ ਭਾਰਤੀ ਸਿਆਸਤ ਅੰਦਰ ਬੜਾ ਹੀ ਗੁੰਝਲਦਾਰ ਮਸਲਾ ਬਣਿਆ ਹੋਇਆ ਹੈ। ਭਾਰਤੀ ਸੰਵਿਧਾਨ ਨੂੰ ਵਾਚਣ ਤੋਂ ਬਾਅਦ ਹੀ ਇਹ ਪਤਾ ਲਗਦਾ ਹੈ ਕਿ ਕੇਂਦਰ-ਰਾਜ ਸਬੰਧ ਕੀ ਹਨ? ਇਹ ਕਿਸ ਪਾਸੇ ਜ਼ਿਆਦਾ ਝੁਕੇ ਹੋਏ ਹਨ ਅਤੇ ਕਿਸ ਪਾਸੇ ਘੱਟ? ਕੇਂਦਰ-ਰਾਜ ਸਬੰਧਾਂ ਵਿਚ ਕਿੰਨਾ ਕੁ ਲਚਕੀਲਾਪਨ ਹੈ ਅਤੇ ਕ੍ਰਿੰਨੀ ਕੁ ਕਠੋਰਤਾ?

ਭਾਰਤੀ ਸੰਵਿਧਾਨ ਮੁਤਾਬਕ ਵਿਧਾਨਕ ਸ਼ਕਤੀਆਂ ਭਾਵੇਂ ਤਿੰਨ ਭਾਗਾਂ ਵਿਚ ਵੰਡੀਆਂ ਹੋਈਆਂ ਹਨ ਪਰ ਫਿਰ ਵੀ ਇਹ ਤਿੰਨੇ ਭਾਗ ਕੇਂਦਰ ਆਪਣੇ ਹੱਥਾਂ ਵਿਚ ਲੈ ਕੇ ਰਾਜ ਸਰਕਾਰਾਂ ਨੂੰ ਹੱਥਲ ਕਰ ਸਕਦਾ ਹੈ। ਅਸਲ ਵਿਚ ਭਾਰਤੀ ਸੰਵਿਧਾਨ ਰਾਜਾਂ ਲਈ ਬਹੁਤ ਜ਼ਿਆਦਾ ਕਠੋਰ ਅਤੇ ਕੇਂਦਰ ਲਈ ਅਥਾਹ ਲਚਕੀਲਾ ਹੈ।

ਵਿਧਾਨਕ ਸ਼ਕਤੀਆਂ ਤਿੰਨ ਭਾਗਾਂ ਵਿਚ ਵੰਡੀਆਂ ਹੋਈਆਂ ਹਨ (ੳ) ਕੇਂਦਰੀ ਸੂਚੀ (ਅ) ਰਾਜ ਸੂਚੀ (ੲ) ਸਾਂਝੀ ਸੂਚੀ।

ਸਾਰੀਆਂ ਮੁਖ ਸ਼ਕਤੀਆਂ ਕੇਂਦਰੀ ਸੂਚੀ ਵਿਚ ਦਰਜ ਹਨ। ਇਸ ਸੂਚੀ ਵਿਚ 97 ਵਿਸ਼ੇ ਦਰਜ ਹਨ ਅਤੇ ਇਹਨਾਂ ਸਭਨਾਂ ਵਿਸ਼ਿਆਂ ਤੋਂ ਸਿਰਫ ਕੇਂਦਰ ਹੀ ਕਾਨੂੰਨ ਬਣਾ ਸਕਦਾ ਹੈ। ਰਾਜਾਂ ਲਈ ਕਿਸੇ ਵੀ ਤਰ੍ਹਾਂ ਦੀ ਦਖਲ ਅੰਦਾਜ਼ੀ ਤੋਂ ਮਨਾਹੀ ਹੈ।

ਦੂਜੇ ਨੰਬਰ ਤੇ ਆਉਂਦੀ ਹੈ ਰਾਜ ਸੂਚੀ। ਰਾਜਾਂ ਨੂੰ ਬੇਸ਼ੱਕ ਇਹ ਅਧਿਕਾਰ ਦਿਤਾ ਗਿਆ ਹੈ ਕਿ ਉਹ ਰਾਜ ਸੂਚੀ ਵਿਚ ਦਰਜ ਸਭ ਵਿਸ਼ਿਆਂ 'ਤੇ ਕਾਨੂੰਨ ਬਣਾ ਸਕਦੇ ਹਨ ਪਰ ਜਿੰਨਾ ਚਿਰ ਰਾਸ਼ਟਰਪਤੀ (ਭਾਵ ਕੇਂਦਰੀ ਸਰਕਾਰ) ਮਨਜ਼ੂਰੀ ਨਾ ਦੇਵੇ ਓਨਾ ਚਿਰ ਕਾਨੂੰਨ ਨਹੀਂ ਬਣਾਇਆ ਜਾ ਸਕਦਾ। ਇਸ ਲਈ ਰਾਜ ਸੂਚੀ ਵਿਚ ਦਰਜ ਵਿਸ਼ਿਆਂ ਤੇ ਵੀ ਰਾਜ ਸਰਕਾਰਾਂ ਨੂੰ ਪੂਰੀ ਸੁਤੰਤਰਤਾ ਨਹੀਂ ਸਗੋਂ ਅੰਤਮ ਰੂਪ ਵਿਚ ਇਹ ਸੂਚੀ ਵੀ ਕੇਂਦਰ ਕੰਟਰੋਲ ਹੇਠ ਹੀ ਹੈ।

ਇਸ ਸੂਚੀ ਵਿਚ 66 ਵਿਸ਼ੇ ਦਰਜ ਹਨ ਜਿੰਨਾਂ ਵਿਚ ਅੱਧ ਦੇ ਕਰੀਬ ਪੁਲੀਸ ਮਾਮਲਿਆਂ ਨਾਲ ਸਬੰਧਤ ਅਤੇ ਉਹਨਾਂ ਵਿਸ਼ਿਆਂ ਦੀ ਕੋਈ ਖਾਸ ਮਹੱਤਤਾ ਨਹੀਂ ਹੈ। ਵੀਹ ਮਸਲੇ ਟੈਕਸ ਨਾਲ ਅਤੇ ਸਿਰਫ 14 ਵਿਸ਼ੇ ਹੀ ਵਿਕਾਸ ਨਾਲ ਸਬੰਧ ਰਖਦੇ ਹਨ। ਸੱਤਵੇਂ ਸ਼ਡਿਊਲ ਦੀ 246 ਧਾਰਾ ਅਨੁਸਾਰ ਜ਼ਮੀਨ ਨਾਲ ਸਬੰਧਤ ਮਸਲੇ ਰਾਜ ਸੂਚੀ ਵਿਚ ਦਰਜ ਹਨ ਪਰ ਫਿਰ ਵੀ ਪੱਛਮੀ ਸਰਕਾਰ ਵਲੋਂ ਜ਼ਮੀਨੀ ਸੁਧਾਰਾਂ ਸਬੰਧੀ ਇਕ ਬਿੱਲ ਪਿਛਲੇ ਚਾਰ ਸਾਲਾਂ ਤੋਂ ਰਾਸ਼ਟਰਪਤੀ ਦੇ ਦਸਤਖਤਾਂ ਨੂੰ ਉਡੀਕ ਰਿਹਾ ਹੈ। ਸਨਅਤੀ ਝਗੜਿਆਂ ਸਬੰਧੀ ਦੋ ਬਿੱਲ ਸਪੀਕਰ ਨੂੰ ਵਾਪਸ ਭੇਜ ਦਿੱਤੇ ਗਏ ਹਨ। ਹੈਰਾਨੀ ਇਸ ਗੱਲ ਦੀ ਹੈ ਕਿ ਕਈ ਬਿੱਲ ਬਿਨਾਂ ਕੋਈ ਕਾਰਨ ਦੱਸਿਆਂ ਹੀ ਵਾਪਸ ਕਰ ਦਿਤੇ ਜਾਂਦੇ ਹਨ। ਕਰਨਾਟਕ ਅਸੰਬਲੀ ਵਲੋਂ ਪਾਸ ਕੀਤਾ ਇਕ ਬਿੱਲ ਲਗਪਗ ਪਿਛਲੇ ਦਸ ਵਰ੍ਹਿਆਂ ਤੋਂ ਰਾਸ਼ਟਰਪਤੀ ਦੀ ਮਨਜ਼ੂਰੀ ਲਈ ਫਰਿਜ਼ ਵਿਚ ਲਾ ਰਖਿਆ ਹੈ। ਸੰਵਿਧਾਨਕ ਧਾਰਾ 360 ਅਨੁਸਾਰ ਰਾਸ਼ਟਰਪਤੀ ਕਿਸੇ ਵੀ ਰਾਜ ਸਰਕਾਰ ਨੂੰ ਭੰਗ ਕਰ ਸਕਦਾ ਹੈ ਜੇ ਰਾਸ਼ਟਰਪਤੀ ਉਸ ਖੇਤਰ ਦੀ ਅਖੰਡਤਾ ਜਾਂ ਆਰਥਿਕ ਸਥਿਰਤਾ ਨੂੰ ਖਤਰਾ ਸਮਝਦਾ ਹੋਵੇ।

ਭਾਰਤੀ ਸੰਵਿਧਾਨ ਅਨੁਸਾਰ ਤੀਜੇ ਨੰਬਰ ਤੇ ਸਾਂਝੀ ਸੂਚੀ ਦਰਜ ਹੈ। ਜਿਥੋਂ ਤਕ ਇਸ ਸੂਚੀ ਦਾ ਸਵਾਲ ਹੈ ਇਸ ਨੂੰ ਕੇਂਦਰੀ ਸੂਚੀ ਦਾ ਹੀ ਦੂਜਾ ਰੂਪ ਸਮਝਿਆ ਜਾਣਾ ਚਾਹੀਦਾ ਹੈ। ਇਸ ਸੂਚੀ ਵਿਚ ਦਰਜ ਵਿਸ਼ਿਆਂ ਤੇ ਕੇਂਦਰ ਨੂੰ ਵੀ ਅਧਿਕਾਰ ਹੈ ਅਤੇ ਰਾਜਾਂ ਨੂੰ ਵੀ ਕਿ ਉਹ ਕਾਨੂੰਨ ਬਣਾ ਸਕਦੇ ਹਨ। ਪਰ ਟਕਰਾਅ ਦੀ ਹਾਲਤ ਵਿਚ ਕੇਂਦਰੀ ਸਰਕਾਰ ਦਾ ਫੈਸਲਾ ਮੰਨਿਆ ਜਾਏਗਾ। ਜੇ ਰਾਜ ਕੋਈ ਅਜਿਹਾ ਕਾਨੂੰਨ ਬਣਾਉਂਦਾ ਹੈ ਜੋ ਕਿ ਸਾਂਝੀ ਸੂਚੀ ਵਿਚ ਦਰਜ ਵਿਸ਼ੇ ਤੇ ਆਧਾਰਤ ਹੋਵੇ ਪਰ ਸਬੰਧਤ ਕਾਨੂੰਨ ਕੇਂਦਰ ਦੇ ਖਿਲਾਫ ਭੁਗਤਦਾ ਹੋਵੇ ਤਾਂ ਅਜਿਹੇ ਕਾਨੂੰਨ ਦੀ ਕੋਈ ਵੁੱਕਤ ਨਹੀਂ ਹੋਵੇਗੀ ਅਤੇ ਉਹ ਕਾਨੂੰਨ ਰੱਦ ਸਮਝਿਆ ਜਾਵੇਗਾ। ਇਸ ਸੂਚੀ ਵਿਚ 47 ਵਿਸ਼ੇ ਦਰਜ ਹਨ ਅਤੇ ਇਸ ਤਰ੍ਹਾਂ ਕੇਂਦਰ ਕੋਲ ਅੰਤਮ ਰੂਪ ਵਿਚ 97+47 ਵਿਸ਼ੇ ਹਨ।

## ਰਾਜਪਾਲ

ਧਾਰਾ 153 ਅਨੁਸਾਰ ਰਾਜਪਾਲ ਦੀ ਨਿਯੁਕਤੀ ਰਾਸ਼ਟਰਪਤੀ ਦੁਆਰਾ ਕੀਤੀ ਜਾਂਦੀ ਹੈ। ਰਾਜਪਾਲ ਕਦੇ ਵੀ ਕੇਂਦਰੀ ਸਰਕਾਰ ਦਾ ਵਿਰੋਧੀ ਨਹੀਂ ਹੁੰਦਾ ਸਗੋਂ ਆਮ ਤੌਰ ਤੇ ਹੀ ਕੇਂਦਰੀ ਸਰਕਾਰ ਦਾ ਏਜੰਟ ਹੁੰਦਾ ਹੈ। ਰਾਜਪਾਲ ਕੋਲ ਕਈ ਮੁਖ ਸ਼ਕਤੀਆਂ ਹੁੰਦੀਆਂ ਹਨ ਜਿਵੇਂ ਕਿ ਮੁਖ ਮੰਤਰੀ ਅਤੇ ਮੰਤਰੀ ਮੰਡਲ ਦੀ ਨਿਯੁਕਤੀ, ਵਿਧਾਨ ਸਭਾ ਦਾ ਇਜਲਾਸ ਬੁਲਾਉਣਾ ਅਤੇ ਮੁਖ ਮੰਤਰੀ ਦਾ ਬਹੁ-ਸੰਮਤੀ ਦਾ ਖਿਆਲ ਰਖਣਾ। 1947 ਤੋਂ ਲੈ ਕੇ ਹੁਣ ਤੱਕ ਅਕਸਰ ਹੀ ਗਵਰਨਰਾਂ ਦੁਆਰਾ ਰਾਜ ਸਰਕਾਰਾਂ ਦੇ ਵਿਰੁਧ ਹੀ ਰੋਲ ਨਿਭਾਇਆ ਜਾਂਦਾ ਰਿਹਾ ਹੈ। ਇਸ ਦੀਆਂ ਅਨੇਕਾਂ ਉਦਾਹਰਣਾ ਹਨ ਪਰ ਸਭ ਤੋਂ ਪ੍ਰਮੁਖ ਅਤੇ ਤਾਜ਼ੀ ਉਦਾਹਰਣ 1984 ਵਿਚ ਆਂਧਰਾ ਦੀ ਐਨ. ਟੀ. ਆਰ ਸਰਕਾਰ ਨੂੰ ਤੋੜਨਾ ਸੀ। ਬਿਨਾਂ ਸ਼ੱਕ ਇਸ ਸਰਕਾਰ ਦੀ ਵਿਧਾਨ ਸਭਾ ਵਿਚ ਬਹੁ-ਸੰਮਤੀ ਸੀ ਅਤੇ ਇਸ ਦੇ ਆਗੂ ਨੇ ਵਾਰ ਵਾਰ ਬਹੁ-ਸੰਮਤੀ ਸਿੱਧ ਕਰਨ ਦਾ ਦਾਅਵਾ ਕੀਤਾ ਸੀ ਪਰ ਉਸਦੀ ਇਕ ਨਾ ਸੁਣੀ ਗਈ ਅਤੇ ਗੈਰ ਵਿਧਾਨਕ ਢੰਗ ਨਾਲ ਸਥਾਪਤ ਹੋਈ ਘੱਟ ਗਿਣਤੀ ਭਾਸਕਰ ਰਾਓ ਸਰਕਾਰ ਨੂੰ ਇਕ ਮਹੀਨੇ ਦੇ ਅੰਦਰ ਅੰਦਰ ਬਹੁ-ਸੰਮਤੀ ਸਿੱਧ ਕਰਨ ਦਾ ਸਮਾਂ ਦੇ ਦਿਤਾ ਤਾਂ ਕਿ ਭ੍ਰਿਸ਼ਟਾਚਾਰ ਦੇ ਧੁਰ ਹੇਠਾਂ ਤਕ ਗਰਕੇ ਕੁਝ ਰਾਜਨੀਤੀਵਾਨਾਂ ਨੂੰ ਖਰੀਦ ਕੇ ਜਾਂ ਮਨਿਸਟਰੀ ਦਾ ਲਾਲਚ ਦੇ ਕੇ ਬਹੁ-ਸੰਮਤੀ ਪ੍ਰਾਪਤ ਕੀਤੀ ਜਾ ਸਕੇ ਪਰ ਫਿਰ ਵੀ ਇਹ ਕੰਮ ਪੂਰਾ ਨਾ ਹੋ ਸਕਿਆ ਅਤੇ ਅੰਤ ਨੂੰ ਫਿਰ ਐਨ. ਟੀ. ਰਾਮਾ ਰਾਓ ਨੂੰ ਸਰਕਾਰ ਬਨਾਉਣ ਲਈ ਸੱਦਾ ਦੇਣਾ ਪਿਆ।

ਸਮੇਂ ਸਮੇਂ ਗਵਰਨਰਾਂ ਵਲੋਂ ਨਿਭਾਏ ਨਖਿੱਧ ਰੋਲ ਕਾਰਨ ਹੀ ਕਈ ਪਾਰਟੀਆਂ (ਖਾਸ ਕਰ ਖੇਤਰੀ ਪਾਰਟੀਆਂ) ਵਲੋਂ ਗਵਰਨਰ ਦੇ ਰੋਲ ਦੀ ਕਰੜੀ ਅਲੋਚਨਾ ਕੀਤੀ ਜਾਂਦੀ ਰਹੀ ਹੈ। ਇਸੇ ਲਈ ਇਸ ਗੱਲ ਦਾ ਅੰਦਾਜ਼ਾ ਲਾਉਣਾ

ਬਾਕੀ ਪੰਨਾ 30 ਉਤੇ

TICKETS TO ANYWHERE

GABA TRAVELS

ਤੁਹਾਡੇ ਰਿਸ਼ਤੇਦਾਰਾਂ, ਦੋਸਤਾਂ ਤੇ ਆਪਣੇ ਲਈ ਹਮੇਸ਼ਾਂ ਸਾਨੂੰ ਯਾਦ ਕਰੋ। ਅਸੀਂ ਵਾਜਬ ਕਿਰਾਏ ਤੇ ਵਧੀਆ ਸੇਵਾਵਾਂ ਦੀ ਗਰੰਟੀ ਦਿੰਦੇ ਹਾਂ।

MANOHAR LAL GABA
GET HELP IN INDIA AT
NUR MAHAL PH: 49
JULLUNDUR PH: 74597
NEW DELHI PH: 44165
JANDIALA (JULLUNDUR)
MOGA (FAREEDKOT)

6612, MAIN ST. VANCOUVER, B. C.
Phone 324-3336

ਪੰਨਾ 29 ਦੀ ਬਾਕੀ

ਕੋਈ ਮੁਸ਼ਕਲ ਨਹੀਂ ਕਿ ਬਿਨਾਂ ਕੋਈ ਠੋਸ ਕਾਰਨ ਦੱਸਿਆਂ ਕਈ ਵਾਰ ਬਹੁ-ਗਿਣਤੀ ਸਰਕਾਰ ਨੂੰ ਗੱਦੀਓਂ ਲਾਹ ਦਿਤਾ ਜਾਂਦਾ ਹੈ। ਬਹੁ-ਸੰਮਤੀ ਸਿਧ ਕਰਨ ਲਈ ਹਾਲ ਪਾਹਰਿਆ ਸੁਣੀ ਤਕ ਨਹੀਂ ਜਾਂਦੀ, ਅਜਿਹੀ ਸਥਿਤੀ 'ਚ ਰਾਜ ਸਰਕਾਰਾਂ ਜਾਂ ਖੇਤਰੀ ਪਾਰਟੀਆਂ ਵਲੋਂ ਵੱਧ ਅਧਿਕਾਰਾਂ ਦੀ ਮੰਗ ਕਰਨਾ ਬਿਲਕੁਲ ਜਾਇਜ਼ ਅਤੇ ਕੁਦਰਤੀ ਹੈ। ਰਾਜ ਵਿਧਾਨ ਸਭਾਵਾਂ ਵਲੋਂ ਪੇਸ਼ ਕੀਤਾ ਬਿੱਲ ਵੀ ਰਾਜਪਾਲ ਦੀ ਮਨਜ਼ੂਰੀ ਤੋਂ ਬਿਨਾਂ ਕਾਨੂੰਨ ਨਹੀਂ ਬਣ ਸਕਦਾ।

## ਕੇਂਦਰੀ ਫੋਰਸ

ਆਈ. ਏ. ਐਸ. ਆਈ. ਪੀ. ਐਸ. ਅਤੇ ਆਈ. ਐਫ. ਐਸ. ਅਫਸਰ ਕੇਂਦਰੀ ਸਰਕਾਰ ਦੇ ਅਧੀਨ ਹੁੰਦੇ ਹਨ ਪਰ ਇਹਨਾਂ ਦਾ ਕੰਮਕਾਜ਼ ਰਾਜ ਸਰਕਾਰਾਂ ਦੇ ਦਾਇਰੇ ਵਿਚ ਹੁੰਦਾ ਹੈ। ਸੂਬੇ ਦੀ ਅਮਨ ਕਾਨੂੰਨ ਦੀ ਹਾਲਤ ਅਤੇ ਪੁਲਸ ਸ਼ਕਤੀਆਂ ਉਪਰ ਇਹਨਾਂ ਦਾ ਕੰਟਰੋਲ ਹੁੰਦਾ ਹੈ। ਪਰ ਇਹ ਅਧਿਕਾਰੀ ਸੂਬਾ ਸਰਕਾਰਾਂ ਨੂੰ ਜੁਆਬਦੇਹ ਨਹੀਂ ਹੁੰਦੇ। ਇਸ ਤਰ੍ਹਾਂ ਕੇਂਦਰੀ ਸਰਕਾਰ ਅਫਸਰਸ਼ਾਹੀ ਦੀ ਚੋਣ ਅਤੇ ਨਿਯੁਕਤੀ ਨੂੰ ਆਪਣੇ ਹੱਥਾਂ ਵਿਚ ਰੱਖ ਕੇ ਰਾਜਾਂ ਨਾਲ ਹੋਰ ਵੀ ਮਖੌਲ ਕਰਦੀ ਹੈ।

## ਆਰਥਿਕ ਸਬੰਧ

ਜਿਥੋਂ ਤੱਕ ਕੇਂਦਰ-ਰਾਜ ਆਰਥਿਕ ਸਬੰਧਾਂ ਦਾ ਸੁਆਲ ਹੈ। ਕੇਂਦਰ ਲਗਪਗ ਇਸ ਤੇ ਪੂਰੀ ਤਰ੍ਹਾਂ ਇਜਾਰੇਦਾਰ ਹੈ। ਰਾਜ ਸਰਕਾਰਾਂ ਪੂਰੀ ਤਰ੍ਹਾਂ ਕੇਂਦਰ ਤੇ ਨਿਰਭਰ ਹਨ। ਰਾਜ ਸੂਚੀ ਵਿਚ ਸਿਰਫ ਕੁਝ ਕੁ ਹੀ ਟੈਕਸ ਉਗਰਾਉਣ ਦੇ ਸੋਮੇ ਹਨ। ਵਿੱਤ ਕਮਿਸ਼ਨ ਦੀ ਸਲਾਹ ਅਨੁਸਾਰ ਕੇਂਦਰ ਰਾਜਾਂ ਨੂੰ ਸਿਰਫ 30 ਪ੍ਰਤੀਸ਼ਤ ਹੀ ਦਿੰਦਾ ਹੈ। ਜਿਥੋਂ ਤੱਕ ਸਨਅਤ ਦਾ ਸੁਆਲ ਹੈ ਵੱਡੀ ਸਨਅਤ ਅਤੇ ਦਰਮਿਆਨੀ ਸਨਅਤ ਤੇ ਕੇਂਦਰ ਕਾਬਜ਼ ਹੈ। ਇਸ ਤੋਂ ਇਲਾਵਾ ਜ਼ਰਾਇਤੀ ਤੇ ਸਨਅਤੀ ਚੀਜ਼ਾਂ ਦੀ ਕੀਮਤ ਨਿਰਧਾਰਤ ਕਰਨ ਦਾ ਅਧਿਕਾਰ ਵੀ ਕੇਂਦਰੀ ਸਰਕਾਰ ਦੇ ਹੱਥ ਵਿਚ ਹੀ ਹੈ। ਵਿਦੇਸ਼ੀ ਕਰਜ਼ੇ ਲੈਣ ਦੀ ਸਾਰੀ ਤਾਕਤ ਕੇਂਦਰ ਦੀ ਮੁੱਠੀ ਵਿਚ ਹੈ। ਜਿਵੇਂ ਅੰਤਰ-ਰਾਸ਼ਟਰੀ ਮੁਦਰਾ ਫੰਡ, ਸੰਸਾਰ ਬੈਂਕ, ਵਪਾਰਕ ਕਰਜ਼ੇ ਲਈ ਸਾਰੀ ਤਾਕਤ ਸਿਰਫ ਕੇਂਦਰ ਦੇ ਹੱਥਾਂ ਵਿਚ ਹੀ ਹੈ। ਰਾਜਾਂ ਨੂੰ ਕੋਈ ਅਧਿਕਾਰ ਨਹੀਂ ਕਿ ਉਹ ਆਪਣੀ ਲੋੜ ਮੁਤਾਬਕ ਦੂਜੇ ਰਾਸ਼ਟਰਾਂ ਨਾਲ ਕੋਈ ਆਰਥਿਕ ਸਬੰਧ ਸਥਾਪਤ ਕਰ ਸਕਣ।

## ਵਿਦੇਸ਼ੀ ਸੰਵਿਧਾਨ

ਜਿਥੋਂ ਤੱਕ ਦੂਜੇ ਰਾਸ਼ਟਰਾਂ ਦਾ ਸਬੰਧ ਹੈ ਇਹਨਾਂ ਵਿਚੋਂ ਇੰਗਲੈਂਡ ਰੂਸ ਅਤੇ ਅਮਰੀਕਾ ਦੇ ਸੰਵਿਧਾਨਾਂ ਨੂੰ ਭਾਰਤੀ ਸੰਵਿਧਾਨ ਦੇ ਮੁਕਾਬਲਤਨ ਨਮੂਨੇ ਵਜੋਂ ਦੇਖਣਾ ਜ਼ਰੂਰੀ ਹੈ।

ਇੰਗਲੈਂਡ ਦਾ ਸੰਵਿਧਾਨ ਪੂਰੀ ਤਰ੍ਹਾਂ ਇਕਾਤਮਕ ਹੈ। ਸਾਰੀਆਂ ਸ਼ਕਤੀਆਂ ਕੇਂਦਰੀ ਸਰਕਾਰ ਦੇ ਹੱਥ ਵਿਚ ਹਨ। ਸਥਾਨਕ ਸਰਕਾਰਾਂ ਦੇ ਹੱਥ ਵਿਚ ਸਿਰਫ ਉਹੀ ਸ਼ਕਤੀਆਂ ਹੁੰਦੀਆਂ ਹਨ ਜੋ ਕਿ ਕੇਂਦਰੀ ਸਰਕਾਰ ਵਲੋਂ ਸੌਂਪੀਆਂ ਜਾਂਦੀਆਂ ਹਨ ਅਤੇ ਜਦੋਂ ਜੀਅ ਚਾਹੇ ਕੇਂਦਰੀ ਸਰਕਾਰ ਉਹ ਸ਼ਕਤੀਆਂ ਵਾਪਸ ਲੈ ਸਕਦੀ ਹੈ। ਸੋ ਅੰਤਮ ਤੌਰ ਤੇ ਸਥਾਨਕ ਸਰਕਾਰਾਂ ਮਿਊਂਸਪੈਲਟੀਆਂ ਦੇ ਰੂਪ ਵਿਚ ਹੀ ਕੰਮ ਕਰਦੀਆਂ ਹਨ।

ਪਰ ਇੰਗਲੈਂਡ ਦੇ ਐਨ ਉਲਟ ਅਮਰੀਕਾ ਸੰਵਿਧਾਨ ਸੰਘਾਤਮਕ ਸੰਵਿਧਾਨ ਦੀ ਵਿਵਸਥਾ ਕਰਦਾ ਹੈ। ਸੰਵਿਧਾਨ ਵਿਚ ਅਨੁਛੇਦ ਪਹਿਲੇ ਦੇ ਸੈਕਸ਼ਨ ਅੱਠਵੇਂ ਰਾਹੀਂ ਕੇਂਦਰੀ ਸਰਕਾਰ ਅਤੇ ਰਾਜ ਸਰਕਾਰਾਂ ਵਿਚ ਸ਼ਕਤੀਆਂ ਦੀ ਵੰਡ ਹੈ। ਦਸਵੀਂ ਸੰਵਿਧਾਨਕ ਸੋਧ ਰਾਹੀਂ ਕੇਂਦਰੀ ਸਰਕਾਰ ਅਤੇ ਰਾਜ ਸਰਕਾਰਾਂ ਨੂੰ ਜਿਹੜੀਆਂ ਸ਼ਕਤੀਆਂ ਹਾਸਲ ਨਹੀਂ ਹਨ ਉਹ ਸਭ ਸ਼ਕਤੀਆਂ ਰਾਜਾਂ ਨੂੰ ਦੇ ਦਿਤੀਆਂ ਗਈਆਂ। ਪਰ ਭਾਰਤ ਵਿਚ ਇਸ ਤੋਂ ਉਲਟ ਵਿਵਸਥਾ ਹੈ।

ਸੰਘਾਤਮਕ ਰਾਜ ਵਿਚ ਦੋਹਰੀ ਨਾਗਰਿਕਤਾ ਦੀ ਪ੍ਰਾਪਤੀ ਜ਼ਰੂਰੀ ਸ਼ਰਤ ਹੁੰਦੀ ਹੈ। ਅਮਰੀਕੀ ਸੰਵਿਧਾਨ ਇਸ ਤੇ ਪੂਰਾ ਉਤਰਦਾ ਹੈ ਜਿਵੇਂ ਕੋਈ ਵਾਸ਼ਿੰਗਟਨ ਰਾਜ ਦਾ ਬਸ਼ਿੰਦਾ ਹੋਵੇ ਤਾਂ ਉਸ ਨੂੰ ਅਮਰੀਕੀ ਰਾਜ ਦੇ ਨਾਲ ਵਾਸ਼ਿੰਗਟਨ ਦੀ ਨਾਗਰਿਕਤਾ ਵੀ ਪ੍ਰਾਪਤ ਹੁੰਦੀ ਹੈ ਪਰ ਭਾਰਤ ਵਿਚ ਇਸ ਤਰ੍ਹਾਂ ਨਹੀਂ ਹੈ। ਇਸ ਤੋਂ ਇਲਾਵਾ ਅਮਰੀਕਾ ਵਿਚ ਇਕਾਈਆਂ ਆਪਣੇ ਸੰਵਿਧਾਨ ਆਪ ਰਖ ਸਕਦੀਆਂ ਹਨ ਭਾਵੇਂ ਕੇਂਦਰੀ ਸਰਕਾਰ ਦੀਆਂ ਕੁਝ ਸ਼ਰਤਾਂ ਹੁੰਦੀਆਂ ਹਨ ਪਰ ਸਾਨੂੰ ਇਹ ਅਧਿਕਾਰ ਵੀ ਪ੍ਰਾਪਤ ਨਹੀਂ ਹੈ।

ਅਮਰੀਕੀ ਸੰਵਿਧਾਨ ਕਠੋਰ ਵੀ ਬਹੁਤ ਜ਼ਿਆਦਾ ਹੈ। ਇਹ ਸੰਵਿਧਾਨ 1787 ਵਿਚ ਹੋਂਦ ਵਿਚ ਆਇਆ ਸੀ ਪਰ ਅਜੇ ਤੱਕ ਭਾਰਤੀ ਸੰਵਿਧਾਨ ਨਾਲੋਂ ਅੱਧੀਆਂ ਸੋਧਾਂ ਹੀ ਹੋਈਆਂ ਹਨ। ਇਹ ਗੱਲ ਕੁਝ ਹੱਦ ਤੱਕ ਠੀਕ ਹੈ ਕਿ 14ਵੀਂ ਸੰਵਿਧਾਨਕ ਸੋਧ ਰਾਹੀਂ ਰਾਜਾਂ ਦੀਆਂ ਸ਼ਕਤੀਆਂ ਨੂੰ ਸੀਮਤ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ ਪਰ ਫਿਰ ਵੀ ਇਹ ਸੰਵਿਧਾਨ ਭਾਰਤੀ ਸੰਵਿਧਾਨ ਦੇ ਮੁਕਾਬਲੇ ਰਾਜਾਂ ਨੂੰ ਬਹੁਤ ਜ਼ਿਆਦਾ ਰਿਆਇਤਾਂ ਮੁਹੱਈਆ ਕਰਦਾ ਹੈ।

ਜਿਥੋਂ ਤੱਕ ਰੂਸੀ ਸੰਘਾਤਮਕ ਢਾਂਚੇ ਦਾ ਸਬੰਧ ਹੈ ਉਹ ਦੇਸ਼ ਅੰਦਰ ਸੰਘ ਕੌਮੀਅਤਾਂ ਤੇ ਆਧਾਰਤ ਹੈ। ਵਖੋ ਵੱਖਰੀਆਂ ਕੌਮੀਅਤਾਂ ਨੂੰ ਆਤਮ ਨਿਰਣੇ ਦਾ ਅਧਿਕਾਰ ਪ੍ਰਾਪਤ ਹੈ। ਅਨੁਛੇਦ 80 ਅਨੁਸਾਰ ਗਣਰਾਜ ਨੂੰ ਦੂਜੇ ਦੇਸ਼ਾਂ ਨਾਲ ਸਬੰਧ ਕਾਇਮ ਕਰਨ ਅਤੇ ਸੰਧੀਆਂ ਕਰਨ ਦਾ ਅਧਿਕਾਰ ਹੈ। ਇਸ ਤੋਂ ਇਲਾਵਾ ਗਣਰਾਜਾਂ ਨੂੰ ਅਧਿਕਾਰ ਹੈ ਕਿ ਉਹ ਜਦੋਂ ਜੀਅ ਚਾਹੁਣ ਸੋਵੀਅਤ ਸੰਘ ਤੋਂ ਵੱਖਰੇ ਹੋ ਸਕਦੇ ਹਨ। ਇਸ ਸੰਵਿਧਾਨ ਵਿਚ ਇਕ ਅਨੋਖਾ ਤੱਤ ਇਹ ਹੈ ਕਿ ਯੂਕਰੇਨ ਅਤੇ ਬਾਇਲੂਰਸ਼ੀਆ ਸੰਯੁਕਤ ਰਾਸ਼ਟਰ ਸੰਘ ਦੇ ਆਪਣੇ ਤੌਰ ਤੇ ਮੈਂਬਰ ਹਨ।

ਇਸ ਤਰ੍ਹਾਂ ਇਹ ਸਪੱਸ਼ਟ ਹੈ ਕਿ ਇੰਗਲੈਂਡ ਦਾ ਸੰਵਿਧਾਨ ਬੇਸ਼ਕ ਇਕਾਤਮਕ ਢਾਂਚੇ ਦੀ ਵਿਵਸਥਾ ਕਰਦਾ ਹੈ ਪਰ ਅਮਰੀਕਾ ਅਤੇ ਰੂਸ ਦੇ ਸੰਵਿਧਾਨ ਸੰਘਾਤਮਕ ਢਾਂਚੇ ਦੀ ਵਿਵਸਥਾ ਕਰਦੇ ਹਨ। ਇਹਨਾਂ ਦੋਹਾਂ ਦੇਸ਼ਾਂ ਦੇ ਮੁਕਾਬਲੇ ਜੇ ਭਾਰਤੀ ਸੰਵਿਧਾਨ ਨੂੰ ਗਹੁ ਨਾਲ ਪੜ੍ਹੀਏ ਤਾਂ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਬਿਨਾਂ ਸ਼ੱਕ ਭਾਰਤੀ ਸੰਵਿਧਾਨ ਤੱਤ ਪਖੋਂ ਇਕਾਤਮਕ ਸੰਵਿਧਾਨ ਹੈ ਜੋ ਅੰਤਮ ਤੌਰ ਤੇ ਸਾਰੀਆਂ ਸ਼ਕਤੀਆਂ ਕੇਂਦਰ ਦੇ ਹੱਥ ਵਿਚ ਇਕੱਠੀਆਂ ਕਰਦਾ ਹੈ।

ਇਸ ਤਰ੍ਹਾਂ ਇਸ ਦਲੀਲ ਦੀ ਵੀ ਫੂਕ ਨਿਕਲ ਜਾਂਦੀ ਹੈ ਕਿ ਜੇ ਰਾਜਾਂ ਨੂੰ ਵਧੇਰੇ ਅਧਿਕਾਰ ਦੇ ਦਿਤੇ ਗਏ ਤਾਂ ਕੇਂਦਰ ਕਮਜ਼ੋਰ ਹੋ ਜਾਵੇਗਾ। ਪਰ ਰੂਸ ਅਤੇ ਅਮਰੀਕਾ ਦੀ ਉਦਾਹਰਣ ਸਾਡੇ ਸਾਹਮਣੇ ਹੈ ਕਿ ਉਹ ਦੇਸ਼ ਕਿਉਂ ਨਾ ਕਮਜ਼ੋਰ ਹੋਏ ਜਿਥੋਂ ਤੱਕ ਇੰਗਲੈਂਡ ਦਾ ਸਬੰਧ ਹੈ ਉਸ ਦੇਸ਼ ਆਕਾਰ ਪੱਖੋਂ ਹਿੰਦੁਸਤਾਨ ਨਾਲੋਂ ਕਈ ਗੁਣਾਂ ਛੋਟਾ ਹੈ ਅਤੇ ਛੋਟੇ ਆਕਾਰ ਵਾਲੇ ਦੇਸ਼ਾਂ ਲਈ ਇਕਾਤਮਕ ਢਾਂਚਾ ਠੀਕ ਰਹਿੰਦਾ ਹੈ ਕਿਉਂਕਿ ਇਹ ਲਗਪਗ ਸਪਸ਼ਟ ਹੀ ਹੈ ਕਿ ਅਜਿਹੇ ਦੇਸ਼ ਦੀ ਆਬਾਦੀ ਘੱਟ ਹੋਣ ਕਾਰਨ ਕੌਮੀਅਤਾਂ ਵੀ ਘਟ ਹੀ ਹੋਣਗੀਆਂ।

## ਸਰਕਾਰੀਆ ਕਮਿਸ਼ਨ ਨੂੰ

ਕੇਂਦਰ ਸਰਕਾਰ ਨੇ ਕੇਂਦਰ-ਰਾਜ ਸਬੰਧਾਂ ਦੇ ਮਸਲੇ ਨੂੰ ਹੱਲ ਕਰਨ ਲਈ ਸਰਕਾਰੀਆ ਕਮਿਸ਼ਨ ਕਾਇਮ ਕੀਤਾ ਹੋਇਆ ਹੈ। ਇਸ ਤਿੰਨ ਮੈਂਬਰੀ ਕਮਿਸ਼ਨ ਨੂੰ ਚਾਹੀਦਾ ਹੈ ਕਿ ਕੋਈ ਵੀ ਫੈਸਲਾ ਕਰਨ ਤੋਂ ਪਹਿਲਾਂ ਵੱਖੋ ਵਖਰੀਆਂ ਇਲਾਕਾਈ ਭਾਵਨਾਵਾਂ ਨੂੰ ਸਮਝਿਆ ਜਾਵੇ। ਇਲਾਕਾਈ ਭਾਵਨਾਵਾਂ ਨੂੰ ਦੁਬਾਉਣ ਦੀ ਬਜਾਏ ਉਹਨਾਂ ਪ੍ਰਤੀ ਹਾਂ-ਪੱਖੀ ਵਤੀਰਾ ਅਪਣਾਇਆ ਜਾਵੇ। ਅੱਜ ਜ਼ਰੂਰਤ ਹੈ ਕਿ ਸ਼ਕਤੀਆਂ ਦਾ ਕੇਂਦਰੀਕਰਨ ਕਰਨ ਦੀ ਬਜਾਏ ਰਾਜਾਂ ਨੂੰ ਉਹ ਅਧਿਕਾਰ ਦਿਤੇ ਜਾਣ ਜਿਨ੍ਹਾਂ ਦੀ ਵਰਤੋਂ ਨਾਲ ਰਾਜ ਦੇ ਲੋਕ ਵਿਕਾਸ ਕਰ ਸਕਦੇ ਹੋਣ। ਬਿਨਾਂ ਸ਼ੱਕ ਕੇਂਦਰੀ ਮਹੱਤਤਾ ਵਾਲੇ ਸਾਰੇ ਵਿਸ਼ੇ ਕੇਂਦਰ ਕੋਲ ਰਹਿਣੇ ਚਾਹੀਦੇ ਹਨ ਪਰ ਰਾਜ ਸੂਚੀ ਵਿਚ ਉਹ ਵਿਸ਼ੇ ਦਰਜ ਕਰਨ ਤੋਂ ਜਰਾ ਵੀ ਝਿਜਕ ਨਹੀਂ ਕਰਨੀ ਚਾਹੀਦੀ ਜਿਨ੍ਹਾਂ ਦੀ ਕੇਂਦਰੀ ਮਹੱਤਤਾ ਨਹੀਂ ਹੈ।

ਰਾਜਪਾਲ ਨੂੰ ਇਹ ਕਦਾਚਿਤ ਅਧਿਕਾਰ ਨਹੀਂ ਹੋਣਾ ਚਾਹੀਦਾ ਕਿ ਉਹ ਬਿਨਾਂ ਬਹੁਸੰਮਤੀ ਸਿਧ ਕਰਨ ਤੋਂ ਕਿਸੇ ਨੂੰ ਸਰਕਾਰ ਬਣਾਉਣ ਦਾ ਸੱਦਾ ਦੇਵੇ ਅਤੇ ਪਹਿਲੀ ਸਰਕਾਰ ਨੂੰ ਤਾਂ ਹੀ ਤੋੜਨਾ ਚਾਹੀਦਾ ਹੈ ਜੇ ਪੱਕਾ ਸਬੂਤ ਹੋਵੇ ਕਿ ਉਸ ਕੋਲ ਬਹੁ-ਸੰਮਤੀ ਨਹੀਂ ਰਹੀ। ਇਸ ਲਈ ਰਾਜਪਾਲ ਦਾ ਕੰਮ ਕਾਫੀ ਜ਼ਿਆਦਾ ਸੀਮਤ ਕਰਨਾ ਚਾਹੀਦਾ ਹੈ।

ਰਾਜ ਸਰਕਾਰ ਦੇ ਦਾਇਰੇ ਵਿਚ ਕੰਮ ਕਰਨ ਵਾਲੇ ਅਧਿਕਾਰੀ ਭਾਵੇਂ ਕੇਂਦਰ ਵਲੋਂ ਹੀ ਨਿਯੁਕਤ ਕੀਤੇ ਹੋਣ ਪਰ ਰਾਜ ਸਰਕਾਰਾਂ ਨੂੰ ਜੁਆਬਦੇਹ ਜ਼ਰੂਰ ਹੋਣੇ ਚਾਹੀਦੇ ਹਨ। ਇਸ ਤਰ੍ਹਾਂ ਇਹ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਇਲਾਕਾਈ ਭਾਵਨਾਵਾਂ ਨੂੰ ਸਮਝ ਕੇ ਦਿਤਾ ਫੈਸਲਾ ਰਾਸ਼ਟਰਾਂ ਦੇ ਵਡੇਰੇ ਹਿਤਾਂ ਵਿਚ ਹੋਵੇਗਾ।

# ਉਹ ਜੀਵਨ ਭਰ ਸੰਘਰਸ਼ ਕਰਦਾ ਰਿਹਾ...




''ਹਜ਼ਾਰੋਂ ਸਾਲ ਨਰਗਸ
ਆਪਣੀ ਬੇਨੂਰੀ ਪੇ ਰੋਤੀ ਹੈ,
ਬੜੀ ਮੁਸ਼ਕਲ ਸੇ ਹੋਤਾ ਹੈ
ਚਮਨ ਮੇਂ ਦੀਦਾਵਰ ਪੈਦਾ''

ਕੁਝ ਅਜਿਹੀ ਸਥਿਤੀ ਹੀ ਹਲਕਾ ਗੜ੍ਹਸ਼ੰਕਰ ਦੀ ਰਹੀ ਹੈ। ਜਦੋਂ ਭਾਰਤ ਦੀ ਆਜ਼ਾਦੀ ਦੀ ਸਿਲਵਰ ਜੁਬਲੀ ਮਨਾਈ ਜਾ ਰਹੀ ਸੀ ਤਾਂ ਕਾਂਗਰਸ ਦਾ ਰਾਜ ਪ੍ਰਬੰਧ ਹੁੰਦੇ ਹੋਏ ਤੇ ਇਸ ਹਲਕੇ ਤੋਂ ਕਾਂਗਰਸੀ ਵਜ਼ੀਰ ਹੁੰਦੇ ਹੋਏ ਵੀ ਇਸ ਹਲਕੇ ਵਿਚ ਨਾ ਪੂਰੀ ਰੋਸ਼ਨੀ, ਨਾ ਪੂਰਾ ਪਾਣੀ ਦਾ ਪ੍ਰਬੰਧ ਅਤੇ ਨਾ ਹੀ ਸੜਕਾਂ ਆਦਿ ਦੀ ਉਸਾਰੀ ਹੋਈ ਸੀ। 1971 ਤਕ ਇਸ ਹਲਕੇ ਦੀ ਤਰੱਕੀ ਨਾਂ ਦੇ ਬਰਾਬਰ ਹੀ ਕਹੀ ਜਾ ਸਕਦੀ ਹੈ। ਜੋ ਵੀ ਹੋਇਆ ਹੈ ਉਹ 1972 ਤੋਂ 1980 ਦੇ ਦਰਮਿਆਨ ਹੋਇਆ ਹੈ ਅਤੇ ਇਸ ਸਮੇਂ ਇਸ ਹਲਕੇ ਦੀ ਨੁਮਾਇੰਦਗੀ ਸਾਥੀ ਦਰਸ਼ਨ ਸਿੰਘ ਕੈਨੇਡੀਅਨ ਨੇ ਕੀਤੀ।

ਜਿੱਥੋਂ ਤਕ ਸਾਥੀ ਕੈਨੇਡੀਅਨ ਦੀ ਨਿਜੀ ਜ਼ਿੰਦਗੀ ਦਾ ਸਬੰਧ ਹੈ, ਇਹ ਸਾਰਾ ਜੀਵਨ ਹੀ ਇਕ ਸੰਘਰਸ਼ ਸੀ ਅਤੇ ਹੁਣ ਵੀ ਉਨ੍ਹਾਂ ਦਾ ਆਪਣਾ ਆਪ ਲੋਕ-ਸੇਵਾ ਲਈ ਹੀ ਪ੍ਰਣਾਇਆ ਹੋਇਆ ਸੀ। ਸਾਥੀ ਕੈਨੇਡੀਅਨ ਦਾ ਜਨਮ 1918 ਵਿਚ ਪਿੰਡ. ਲੰਗੇਰੀ, ਜ਼ਿਲਾ ਹੁਸ਼ਿਆਰਪੁਰ ਵਿਚ ਹੋਇਆ। ਦਸਵੀਂ ਤਕ ਵਿਦਿਆ ਪ੍ਰਾਪਤ ਕਰਨ ਤੋਂ ਬਅਦ ਘਰ ਦੀ ਗਰੀਬੀ ਕਾਰਨ 18 ਸਾਲ ਦੀ ਉਮਰ ਵਿਚ ਹੀ ਆਪ ਕੈਨੇਡਾ ਚਲੇ ਗਏ। ਉਥੇ ਜਾ ਕੇ ਉਨ੍ਹਾਂ ਦੋ ਸਾਲ ਯੂਨੀਵਰਸਿਟੀ ਦੀ ਸਿੱਖਿਆ ਪ੍ਰਾਪਤ ਕੀਤੀ ਅਤੇ ਇੱਥੇ ਹੀ ਇਨ੍ਹਾਂ ਦਾ ਝੁਕਾਅ ਮਾਰਕਸਵਾਦ-ਲੈਨਿਨਵਾਦ ਵੱਲ ਹੋਇਆ ਅਤੇ ਦ੍ਰਿੜ੍ਹ ਅਤੇ ਸੁਯੋਗ ਕਮਿਊਨਿਸਟ ਬਣ ਗਏ। ਕੈਨੇਡਾ ਵਿਚ ਰਹਿੰਦੇ ਹੋਇਆਂ ਉਨ੍ਹਾਂ ਕੌਮੀ ਆਜ਼ਾਦੀ ਦੀਆਂ ਲਹਿਰਾਂ ਖਾਸ ਕਰ ਕੇ ਹਿੰਦੁਸਤਾਨ ਦੀ ਆਜ਼ਾਦੀ ਦੀ ਲਹਿਰ ਨਾਲ ਆਪਣਾ ਨਾਤਾ ਜੋੜੀ ਰੱਖਿਆ। ਉਨ੍ਹਾਂ ਦੀਆਂ ਸਾਰੀਆਂ ਅਗਾਂਹਵਧੂ ਨੀਤੀਆਂ ਨੂੰ ਦੇਖਦੇ ਹੋਇਆਂ ਕੈਨੇਡਾ ਸਰਕਾਰ ਨੇ ਗ੍ਰਿਫਤਾਰੀ ਵਾਰੰਟ ਜਾਰੀ ਕਰ ਦਿੱਤੇ ਅਤੇ ਉਹ ਅੰਡਰਗਰਾਊਂਡ ਹੋ ਗਏ। 1940 ਵਿਚ ਜਦੋਂ ਦੂਜੀ ਵੱਡੀ ਜੰਗ ਸ਼ੁਰੂ ਹੋਈ ਤਾਂ ਸਾਥੀ ਕੈਨੇਡੀਅਨ ਸਮੇਤ 400 ਸਾਥੀਆਂ ਦੇ ਵਾਰੰਟ ਮਨਸੂਖ ਕਰ ਦਿੱਤੇ ਗਏ ਅਤੇ ਉਨ੍ਹਾਂ ਦੀ ਮੁੜ ਬਹਾਲੀ ਦਾ ਹੁਕਮ ਵੀ ਦੇ ਦਿੱਤਾ ਗਿਆ।

1941 ਤੋਂ 1948 ਦਾ ਸਮਾਂ ਉਨ੍ਹਾਂ ਨੇ ਉਥੇ ਹੀ ਮਜ਼ਦੂਰ ਜਮਾਤ ਦੀ ਜਥੇਬੰਦੀ ਅਤੇ ਕਮਿਊਨਿਸਟ ਲਹਿਰ ਨੂੰ ਸਥਾਪਤ ਕਰਨ ਲਈ ਲਾ ਦਿੱਤਾ। ਕੁਲਵਕਤੀ ਦੇ ਤੌਰ 'ਤੇ ਕੰਮ ਕਰਦਿਆਂ ਹੋਇਆਂ ਉਨ੍ਹਾਂ 30000 ਮਜ਼ਦੂਰਾਂ ਦੀ ਇਕ ਮਜ਼ਬੂਤ ਜਥੇਬੰਦੀ ਖੜ੍ਹੀ ਕਰ ਦਿੱਤੀ ਅਤੇ ਉਨ੍ਹਾਂ ਦੇ ਅਗੂ ਰਹੇ।

ਆਪਣੇ ਇਸ ਇਨਕਲਾਬੀ ਅਮਲ ਨੂੰ ਹਿੰਦੁਸਤਾਨ ਦੇ ਲੋਕਾਂ ਲਈ ਜ਼ਿਆਦਾ ਜ਼ਰੂਰੀ ਸਮਝਦੇ ਹੋਇਆਂ 1948 ਵਿਚ ਉਹ ਹਿੰਦੁਸਤਾਨ ਆ ਗਏ। ਜਦੋਂ ਉਹ ਇੱਥੇ ਪਹੁੰਚੇ ਤਾਂ ਭਾਰਤੀ ਕਮਿਊਨਿਸਟ ਪਾਰਟੀ ਨੂੰ ਗੈਰਕਾਨੂੰਨੀ ਕਰਾਰ ਕਰ ਦਿੱਤਾ ਹੋਇਆ ਸੀ ਜਿਸ ਕਰ ਕੇ ਉਨ੍ਹਾਂ ਦੇ ਵਾਰੰਟ ਜਾਰੀ ਹੋ ਗਏ। 1952 ਤਕ ਉਹ ਅੰਡਰਗਰਾਊਂਡ ਹੀ ਰਹੇ।

ਬਾਅਦ ਵਿਚ ਜਿੰਨੀਆਂ ਵੀ ਜਦੋਜਹਿਦਾਂ ਲੜੀਆਂ ਗਈਆਂ ਉਨ੍ਹਾਂ ਵਿਚ ਇਕ ਆਗੂ ਰੋਲ ਅਦਾ ਕੀਤਾ ਅਤੇ ਸ਼ਹਿਰੀ ਆਜ਼ਾਦੀਆਂ ਬਹਾਲ ਕਰਨ ਦੇ ਮਸਲੇ 'ਤੇ, ਖੁਸ਼ਹੈਸੀਅਤੀ ਟੈਕਸ ਵਾਪਸ ਲੈਣ ਦੇ ਮਸਲੇ 'ਤੇ ਅਤੇ ਜ਼ਮੀਨੀ ਸੁਧਾਰਾਂ ਆਦਿ ਦੇ ਘੋਲ ਵਿਚ ਕਈ ਵਾਰ ਜੇਲ੍ਹ ਯਾਤਰਾ ਵੀ ਕੀਤੀ। 1958 ਵਿਚ ਉਹ ਪੰਜਾਬ ਸੂਬਾ ਕੌਂਸਲ ਦੇ ਮੈਂਬਰ ਬਣੇ ਅਤੇ ਕਾਫੀ ਲੰਬਾ ਸਮਾਂ ਜ਼ਿਲਾ ਜਲੰਧਰ ਦੀ ਪਾਰਟੀ ਦੇ ਸਕੱਤਰ ਵੀ ਰਹੇ। 1968 ਤੋਂ 1971 ਤਕ ਸੂਬਾ ਪਾਰਟੀ ਦੇ ਸਕੱਤਰ ਵੀ ਰਹੇ ਅਤੇ ਹੁਣ ਫਿਰ ਕੌਮੀ ਕੌਂਸਲ ਦੇ ਮੈਂਬਰ ਵੀ। 1972 ਤੋਂ 1980 ਤਕ ਪੰਜਾਬ ਵਿਧਾਨ ਸਭਾ ਵਿਚ ਹਲਕਾ ਗੜ੍ਹਸ਼ੰਕਰ ਦੀ ਨੁਮਾਇੰਦਗੀ ਕੀਤੀ ਅਤੇ ਕਮਿਊਨਿਸਟ ਗਰੁੱਪ ਦੇ ਉਪ ਨੇਤਾ ਵੀ ਬਣੇ ਰਹੇ। ਸ. ਕੈਨੇਡੀਅਨ ਨੇ ਦੋ ਬਹੁਤ ਹੀ ਪ੍ਰਸਿੱਧ ਪੁਸਤਕਾਂ ਵੀ ਲਿਖੀਆਂ ਹਨ। 1947 ਵਿਚ ਜਦੋਂ ਹਿੰਦੁਸਤਾਨ ਆਜ਼ਾਦ ਹੋਇਆ ਤਾਂ ਉਨ੍ਹਾਂ ਨੇ ਇਕ ਕਿਤਾਬ **'Rise of Asia'** ਅਤੇ ਦੂਸਰੀ ਕਿਤਾਬ 'ਸੀ. ਆਈ. ਏ. ਦਾ ਖੰਜਰ' **(The Dagger of C.I.A.)** ਲਿਖੀ।

ਸਮੇਂ ਸਮੇਂ 'ਤੇ ਉਨ੍ਹਾਂ ਦੇ ਰਾਜਸੀ ਘਟਨਾਵਾਂ ਤੇ ਲੇਖ ਵੀ ਛਪਦੇ ਰਹੇ ਹਨ।

ਹਲਕਾ ਗੜ੍ਹਸ਼ੰਕਰ ਬਹੁਤ ਹੀ ਪਛੜਿਆ ਹੋਇਆ ਖੇਤਰ ਹੈ। ਇਸ ਦੇ ਕੁਝ ਕੁ ਭੂਗੋਲਿਕ ਕਾਰਨ ਵੀ ਹਨ। ਪਹਾੜੀ ਇਲਾਕੇ ਬੀਤ ਦੀਆਂ ਸਮੱਸਿਆਵਾਂ ਵੀ ਹਨ। ਕੰਢੀ ਦੇ ਇਲਾਕੇ ਦੀਆਂ ਸਮੱਸਿਆਵਾਂ ਵੱਖਰੀਆਂ ਹਨ। ਸਭ ਤੋਂ ਵੱਡੀ ਸਮੱਸਿਆ ਪਾਣੀ ਦੀ ਰਹੀ ਹੈ। ਇਸ ਬਾਰੇ ਸਾਥੀ ਕੈਨੇਡੀਅਨ ਨੇ ਅਸੈਂਬਲੀ ਵਿਚ ਆਵਾਜ਼ ਉਠਾਈ।

ਸਮਾਜਕ ਬੇਇਨਸਾਫੀ, ਪੁਲੀਸ ਜਬਰ ਅਤੇ ਕੁਰੱਪਟ ਅਧਿਕਾਰੀਆਂ ਵਿਰੁੱਧ ਵੀ ਲਗਾਤਾਰ ਸਾਰੀਆਂ ਮੁਹਿੰਮਾਂ ਦੀ ਅਗਵਾਈ ਕਾਮਰੇਡ ਕੈਨੇਡੀਅਨ ਨੇ ਕੀਤੀ। ਉਹ ਆਪਣੇ ਇਲਾਕੇ ਵਿਚ ਬਹੁਤ ਹਰਮਨ ਪਿਆਰੇ ਸਨ। ਉਹ ਆਪਣੇ ਪਿੱਛੇ ਵਿਧਵਾ, ਇਕ ਪੁੱਤਰ ਅਤੇ ਇਕ ਧੀ ਛੱਡ ਗਏ ਹਨ। ਦੋਵੇਂ ਵਿਆਹੇ ਹੋਏ ਹਨ।

-ਪ੍ਰੋਫੈਸਰ ਦਿਲਬਾਗ ਬਾਗੀ


THINKING OF BUYING or SELLING

(RESIDENTIAL, COMMERCIAL, FARMS & INDUSTRIAL)

L/R Lake View Realty

FREE Consultation for BUYING or SELLING
FREE Information on Financing
FREE Knowledge of your existing Mortgage
FREE EVALUATION of your property

FOR FRIENDLY & EFFICIENT SERVICE

Call

NIRMAL (NEIL) DHALIWAL

Bus: 588-9955 Res: 597-2069



I know the signs of a good neighbourhood.

If your property is currently listed with a real estate broker, please disregard this offer. It is not our intention to solicit the offerings of other real estate brokers. We are happy to work with them and cooperate fully


## ਦੋ ਗਰੁੱਪਾਂ 'ਚ ਲੜਾਈ: 4 ਮਰੇ

ਬੜੌਦਾ, (ਪੀ. ਟੀ. ਆਈ.) - ਜ਼ਿਲਾ ਬਰੋਚ ਦ ਪਿੰਡ ਜੀਤਨਗਰ ਵਿਚ ਇਕੋ ਬਰਾਦਰੀ ਦੇ ਦੋ ਗਰੁੱਪਾਂ ਵਿਚ ਲੜਾਈ ਹੋ ਜਾਣ ਨਾਲ ਚਾਰ ਵਿਅਕਤੀਆਂ ਦੀ ਮੌਤ ਹੋ ਗਈ। ਇਹ ਜਾਣਕਾਰੀ ਇਥੇ ਪੁੱਜੀਆਂ ਰਿਪੋਰਟਾਂ ਤੋਂ ਮਿਲੀ।

ਇਸੇ ਦੌਰਾਨ ਇਹ ਵੀ ਪਤਾ ਲੱਗਾ ਹੈ ਕਿ ਰਾਜ ਮਹਿਲ ਰੋਡ ਵਾਲੇ ਇਲਾਕੇ ਵਿਚ ਗੋਲੀ ਨਾਲ ਜ਼ਖਮੀ ਬੰਦੇ ਦੀ ਹਸਪਤਾਲ ਵਿਚ ਜਾ ਕੇ ਮੌਤ ਹੋ ਗਈ ਹੈ।

ਦੱਸਿਆ ਗਿਆ ਹੈ ਕਿ ਪਿਛਲੇ 24 ਘੰਟਿਆਂ ਦੌਰਾਨ ਬੜੌਦਾ ਤੇ ਬਰੋਚ ਜ਼ਿਲਿਆਂ ਵਿਚ ਲੜਾਈਆਂ ਦੌਰਾਨ 8 ਵਿਅਕਤੀਆਂ ਦੀ ਮੌਤ ਹੋਈ ਹੈ ਜਦ ਕਿ ਘੱਟੋ ਘੱਟ ਇਕ ਦਰਜਨ ਜ਼ਖਮੀ ਹੋਏ ਹਨ।

# Upheaval in Punjab : Basic Issues

Events in Punjab have shaken the entire nation. At first glance, it would appear that the army action marks the failure of the civil system amd the normal democratic political processes in resolving contentious issues. True in a sense, such an assessment mistakes the symptoms for the causes of malignancy. The explosion and the trauma in Punjab are not rooted merely in the disputes between the Akali Dal and the government nor the actions of groups of terrorists and extremists, who made these differences irreconcilable and their solution difficult to achieve. The upheaval in Punjab needs to be seen in a much broader context, national and international. The issues it has thrown open for serious consideration by the political system of the country are of more fundamental nature than merely transfer of territory, allocation of water or declaration of Amritsar as a Holy City.

Amongst political parties in our country, and a great majority of political scientists, there is inadequate awareness about the world-wide offensive now underway against the concept of independent nation-states. Countries with ancient civilisation were unable to thwart the onslaught of powerful nation-states with developed economies which came into being in the wake of industrial revolution. Tribalism in its broadest sense was the Hall mark of these societies and its social and economic ramification.

After World War II, when colonialism was forced to beat a retreat from Asia and other parts of the world, it tried to leave behind several tension points in newly independent countries in the hope that these could be activated and tensions exacerbated with a view to maintaining the global domination of former colonial powers. In order to prevent the newly independent countries from realising their full potential and emerging as strong and viable nation-states, neoimperialism relied on technique of divide and rule. Either the newly emergent nations were partitioned, e.g. Korea, China, Vietnam, India etc., or, over the years, political, economic and other steps were taken to identify points of potential tensions and exacerbate them with a view to preventing these nations from acquiring strength to challenge the global domination of former colonial powers and their neoimperialist incarnations.

In this game, the emerging nation-states became the principal targets. Given the wide disparities existing between the 'haves' and 'have-nots' in the world, the newly independent states historically became champion of redistribution of resources and power, internationally, on a more equitable basis. In order to achieve this objective, tribal, feudal and medieval societies launched a process of modernisation of economy and society and of welding their people into viable nation-states. The emergence of viable nation-states in societies endowed with rich natural resources and cultrual potential, was perceived by the neoimperialist powers as a threat to their hegemony and domination.

Majority of the newly independent countries have not yet completed even the first phase of industrial revolution and the consequent modernisation of their polity and society. Neoimperialism, therefore, embarked on a campaign to exploit in many dubious ways their medieval sociological and psychological traits in pursuit of this sinister objective largely depending on backward levels of consciousness of different segments of population in newly independent nations. Since it is not possible to obstruct forever the modernising march of history and the rise of productive forces in these countries, neoimperialism seeks to subserve its designs by preventing the emergence of national consciousness which could become the foundation of a strong nation-state.

In this wider context, India has become one of the main targets of neoimperialist designs. The hope that partition of India will give rise to two states which could be manipulated by neoimperialism and engaged in perpetual conflict within the framework of a military balance of power received a setback because of several factors. Firstly, in spite of the trauma of partition, the Indian people refused to accept the ideology of a state based on religion and decided to establish a modern secular state which would weld different religious, ethnic, linguistic and other groups in a modern nation-state. Secondly, the developmental strategy pursed by India led to the creation of a strong modern economic sector and impressive advances in the field of science and technology. The foreign policy of nonalignment placed India at the centre of the struggle for a new international economic order and liquidation of the verbiage of colonialism and racism. Thirdly, their plan to maintain a balance of power between India and Pakistan received setback when Pakistan was broken into two with the emergence of independent Bangladesh.

Notwithstanding the weaknesses which exist in the social, economic and political structure of India, particularly the fact that a large percentage of its people are still to achieve a satisfactory standard of living, neoimperialism had to reckon with the prospect of India emerging as a major economic and political factor on the international scene if it succeeded in crossing the hump during the next decade. During the cold war period, neoimperialism had hoped to impose its domination on the newly independent countries by raising the bogey of communists which, it hoped, would win for it the support of the ruling elites of these countries. But the momentum of liberation struggles and the desire to assert their independence brought about a hundred of these countries into the nonaligned movement. Repeated attempts to disrupt this movement or disorient it failed and now two-thirds of mankind is committed to the goal of a new international economic order based on equality and respect for the interests of all nations. Democratisation of international relations is perceived by neoimperialism as a major threat to its domination. In this economic and political struggle of mankind, India, which had refused to compromise its Independence, now occupies a leading place. The Indian nation-state is emerging as a beacon light of assertion of independence and by its example of achievements, it is showing the way of modernising a polity without severing its links from the historical roots of an ancient civilisation.

The Indian nation-state has, therefore, become a threat to neoimperialism's global designs. Its potentials are vast and it is on the verge of a significant take-off. it has set a model for cooperation between countries with different social systems and has emerged as a bridge between societies with diverse historical and political background. India, in the scheme of neoimperialism, must be broken and weakened, it its game is to succeed. Attempts to overwhelm it by external military aggression having failed, neoimperialism is engaged in indentifying and activating points of tension within the Indian polity. Destabilisation and balkanisation of India is its strategic goal and forces of tribalism, medievalism, regionalism, communalism and other backward, fissiparous tendencies, its allies and instruments. The Punjab events need to be placed in this broad context. In Punjab, the foundation of the Indian nation is under attack. Secularism is the corner stone of Indian polity. It is India's reply to the ideology of Pakistan.

Secularism is the guarntee of Indian unity and integrity. Without secularism, Indian democracy will become a hollow shell. Religious fundamentalism and its medieval tendency is protected, encouraged and nourished by neoimperialism internationally and reaction within the country to undermine all nation-states, to engulf them in protracted internecine violence and to force them to fritter away their energies and resources. This is being attempted all over the world; the same devious game is being played in our country.

In its essence, religious fundamentalism is neoimperialism's latest weapon to obstruct, reverse or delay the pace of human progress. This is a deadly menace in any country, but more so in a multireligious polity like ours. What has been witnessed in Punjab is not only terrorism or sporadic violence but a vicious experiment of using religious fundamentalism for unleashing irrational passion and hatred with the objective of destroying a buoyant economy, disorienting a brave people, brutalising a segment of our population known for tolerance and compassion, perverting the minds of youth who were being attracted by progressive ideas, and undermining an emerging powerful nation-state. The army action in Punjab has frustrated these designs, at least, for the time being.


United Realty Ltd.

3879 Oak Street, Vancouver, B.C. V6H 2M6



Malkit Dhami,
M.A. (Eco.)

■ BUYING
■ SELLING

Free Evaluation For Your Property Call Any Time Without Any Obligation

Bus. 736-3831 or Res. 434-8548

Pager - 687-1985 #2229

Member of Prestigious M.L.S. Medallion Club For 83-84-85-86


ਚਾਨਣੀ ਦੇ ਘੁੱਟ ਜਿਸਦੀ
ਪਿਆਸ ਨੂੰ
ਕੀਕੁਰ ਬੁਝਾਵਣ.
ਰੇਸ਼ਮੀ-ਕਾਲੇ ਹਨੇਰੇ
ਆਤਮਾ 'ਤੇ ਫੈਲ ਜਾਵਣ
ਫਿਰ ਕੋਈ ਇਹ ਚੰਨ ਚਾਹਵੇ,
ਕਾਲਖਾਂ ਤਾਈਂ ਲਿਤਾੜੇ.
ਆਪਣੀ ਕੁੱਖ ਵਿਚ
ਨਵਾਂ ਸੂਰਜ ਖਿੜਾਵੇ.

ਕੇਸਰੀ ਸੂਹੀਆਂ ਸਵੇਰਾਂ...
ਸੋਨੇ ਜਿਹੀਆਂ ਨਿੱਘੀਆਂ ਧੁੱਪਾਂ
ਤੇ ਸੰਧੂਰੀ ਤਰਲ ਸ਼ਾਮਾਂ...
ਰੇਸ਼ਮੀ ਕੂਲੇ ਹਨੇਰੇ...
ਇਸਦੀ ਬੁੱਕਲ 'ਚ ਖੇਡਣ.

ਲਹਿਰਦਾ ਰੰਗਾਂ ਦਾ ਸਾਗਰ
ਰੂਪ ਪਲ ਪਲ ਵਿਚ ਵਟਾਵੇ.

ਜੰਮ ਪਿਆ ਸੂਰਜ ਮੇਰੇ ਪੈਰਾਂ ਤਲੇ ।
ਮਰ ਗਿਆ ਜੋ ਡੁੱਬ ਸੀ ਕੱਲ ਦਿਨ ਢਲੇ ।

# ਰੱਖੋ ਲਾਜ ਹਮਾਰੀ



ਕੇ. ਐਲ. ਗਰਗ

"ਪ੍ਰਭ ਜੀ, ਰਾਖੋ ਲਾਜ ਹਮਾਰੀ... ਗਿਰਧਾਰੀ ਰਾਖੋ ਲਾਜ ਹਮਾਰੀ" ਮੀਰਾ ਬਾਈ ਦਾ ਇਹ ਭਜਨ ਸੁਣਦਿਆਂ ਹੀ ਮੈਂ ਲੱਜ ਤੇ ਸ਼ਰਮ ਨਾਲ ਪਾਣੀ ਪਾਣੀ ਹੋ ਜਾਂਦਾ ਹਾਂ। ਪਰ ਭਾਰਤੀ ਸ਼ਿਸ਼ਟਾਚਾਰ ਅਨੁਸਾਰ ਸ਼ਰਮ ਆਉਂਦਿਆਂ ਹੀ ਮੇਰੇ ਤੇ ਦੇਸ਼ ਭਗਤੀ ਤੇ ਦੇਸ਼ ਸੇਵਾ ਦਾ ਜਜ਼ਬਾ ਭਾਰੂ ਹੋਣ ਲੱਗਦਾ ਹੈ। ਮੈਂ ਹੱਦੋਂ ਵੱਧ ਜਜ਼ਬਾਤੀ ਹੋਣਾ ਸ਼ੁਰੂ ਕਰ ਦਿੰਦਾ ਹਾਂ ਅਤੇ ਦੇਸ਼ ਤੇ ਦੇਸ਼ ਦੇ ਲੋਕਾਂ ਦੀ, ਜਿਨ੍ਹਾਂ ਨੂੰ ਮਹਾਤਮਾ ਗਾਂਧੀ ਜਨਤਾ ਕਿਹਾ ਕਰਦੇ ਸਨ, ਲੱਜ ਬਚਾਉਣ ਲਈ ਜਾਨ ਦੀ ਬਾਜ਼ੀ ਤਕ ਲਾਉਣ ਲਈ ਤਿਆਰ ਹੋ ਜਾਂਦਾ ਹਾਂ।

ਮੇਰਾ ਵੱਡਾ ਮੁੰਡਾ ਪੜ੍ਹ ਲਿਖ ਕੇ ਨੌਕਰੀ ਦੇ ਯੋਗ ਹੋ ਗਿਆ ਹੈ। ਬੜਾ ਹੀ ਦਰਸ਼ਨੀ ਜਵਾਨ ਨਿਕਲਿਆ ਹੈ। ਉਹਨੂੰ ਨੌਕਰੀ ਅਤੇ ਛੋਕਰੀ ਦੋਵੇਂ ਚਾਹੀਦੀਆਂ ਹਨ। ਛੋਕਰੀ ਦਾ ਪ੍ਰਬੰਧ ਵੀ ਨੌਕਰੀ ਨਾਲ ਜੁੜਿਆ ਹੋਇਆ ਹੈ ਅਫਸਰ ਨੌਕਰੀ ਦੇਣ ਦਾ ਵਾਅਦਾ ਕਰਦਾ ਹੈ ਪਰ ਨਾਲ ਹੀ ਹੌਲੀ ਦੇਣੇ ਆਖ ਵੀ ਦਿੰਦਾ ਹੈ।

"ਕੀ ਕਰੀਏ ਜੀ, ਉਤਲੇ ਨਹੀਂ ਮੰਨਦੇ। ਸਾਡੇ ਤੋਂ ਉਤੇ ਵੀ ਬੈਠੇ ਐ- ਹਿੱਸਾ ਪੱਤੀ ਨਾ ਪੁਚਾਈਏ ਤਾਂ ਚਮੜੀ ਖਿੱਚਣ ਤਕ ਜਾਂਦੇ ਐ... ਹੀਂ ਹੀਂ... ਹਮੇਸ਼ਾ ਜਾਨ ਤੰਦੀ 'ਚ ਫਸੀ ਰਹਿੰਦੇ ਐ... ਆਪਣੇ ਤੋਂ ਵੱਡਿਆਂ ਨੂੰ ਖਾਲੀ ਹੱਥ ਮਿਲਦਿਆਂ ਬੜੀ ਹੀ ਸ਼ਰਮਸਾਰੀ ਮਹਿਸੂਸ ਹੁੰਦੀ ਹੈ। ਸਾਡੀ ਲੱਜ ਹਮੇਸ਼ਾ ਉਤਲਿਆਂ ਹੱਥ ਰਹਿੰਦੀ ਐ। ਇਹੋ ਜਿਹੀ ਤਾਣੀ 'ਚ ਉਲਝਿਆ ਬੰਦਾ ਕੀ ਕਰੇ ਤੇ ਕੀ ਨਾ ਕਰੇ... ਉਤਲਿਆਂ ਤੋਂ ਲੱਜ ਤਾਂ ਬਚਾਉਣੀ ਹੀ ਹੋਈ... ਹੀਂ ਹੀਂ...।"

ਅਸੀਂ ਤਾਂ ਹੁਣ ਤਕ ਭਗਵਾਨ ਕ੍ਰਿਸ਼ਨ ਨੂੰ ਹੀ ਉਤਲਾ ਸਮਝਦੇ ਰਹੇ ਜੋ ਦ੍ਰੋਪਦੀ ਦੀ ਲਾਜ ਬਚਾਉਣ ਲਈ ਮਿੰਟਾਂ ਸਕਿੰਟਾਂ 'ਚ ਬਹੁੜ ਪਿਆ ਸੀ ਜੋ ਧੰਨੇ ਦੀ ਇੱਟ 'ਚੋਂ ਪੈਦਾ ਹੋ ਗਿਆ ਸੀ। ਇਹ ਉਤਲਿਆਂ ਦੀ ਹੋਰ ਨਵੀਂ ਵਰਾਇਟੀ ਕਿਹੜੀ ਪੈਦਾ ਹੋ ਗਈ? ਸਾਡੀ ਸਮਝ ਨੂੰ ਚੋਰ ਲੈ ਗਏ ਲੱਗਦੇ ਸਨ ਪਰ ਫਿਰ ਵੀ ਕਿਸੇ ਦੇਸ਼ਵਾਸੀ ਦੀ ਲੱਜ ਨੂੰ ਖਤਰਾ ਹੈ, ਸੁਣਦਿਆਂ ਹੀ ਸਾਡਾ ਦੇਸ਼ ਪ੍ਰੇਮ ਤੇ ਮਨੁੱਖੀ ਮੋਹ ਵਾਲਾ ਜਜ਼ਬਾ ਅੰਗੜਾਈਆਂ ਲੈਣ ਲੱਗਦਾ ਹੈ। ਮੈਂ ਦੇਸ਼ ਦੇ ਉਸ ਪਿਆਰੇ ਤੇ ਹਰਮਨ ਪਿਆਰੇ ਅਫਸਰ ਦੀ ਲੱਜ ਬਚਾਉਣ ਲਈ ਜਾਨ ਦੀ ਬਾਜ਼ੀ ਤਕ ਲਾਉਣ ਲਈ ਤਿਆਰ ਹੋ ਜਾਂਦਾ ਹਾਂ। ਪਿੰਡ ਵਾਲੀ ਬਜ਼ੁਰਗਾਂ ਦੀ ਜੱਦੀ ਜ਼ਮੀਨ ਮੇਰੇ ਲਈ ਤੁੱਛ ਹੋ ਜਾਂਦੀ ਹੈ। ਫੌਰਨ ਵੇਚ ਕੇ ਅਫਸਰ ਦੀ ਤਲੀ 'ਤੇ ਲਿਆ ਧਰਦਾ ਹਾਂ। ਇੰਨੀ ਜਲਦੀ ਤਾਂ ਹਨੂੰਮਾਨ ਜੀ ਵੀ ਤਲੀ 'ਤੇ ਸੰਜੀਵਨੀ ਬੂਟੀ ਨਹੀਂ ਲਿਆਏ ਹੋਣਗੇ। ਇਹ ਅਫਸਰ ਲਈ ਸੰਜੀਵਨੀ ਬੂਟੀ ਦਾ ਹੀ ਕੰਮ ਕਰਦੀ ਹੈ। ਹੁਣ ਉਸ ਨੂੰ ਆਪਣੇ ਤੋਂ ਉਤਲਿਆਂ ਨੂੰ ਮਿਲਣ 'ਚ ਭੋਰਾ ਵੀ ਸ਼ਰਮ ਮਹਿਸੂਸ ਨਹੀਂ ਹੁੰਦੀ। ਹੁਣ ਤਾਂ ਜੇ ਉਹ ਚਾਹੇ ਤੇ ਅਕਲਮੰਦ ਅਫਸਰ ਹੋਵੇ ਤਾਂ ਢੀਠਾਂ ਵਾਂਗ ਵੀ ਮਿਲ ਸਕਦਾ ਹੈ। ਉਸ ਦੀ ਲੱਜ ਬਚ ਗਈ ਹੈ। ਜ਼ਮੀਨ ਸੁਹਰੀ ਤਾਂ ਬੇਜਾਨ ਚੀਜ਼ ਹੈ। ਮਨੁੱਖੀ ਲੱਜ ਸਾਹਵੇਂ ਬਿਲਕੁਲ ਤੁੱਛ ਹੈ। ਮੈਨੂੰ ਆਪਣੀ ਮਨੁੱਖੀ ਸੇਵਾ 'ਤੇ ਮਾਣ ਹੋਣ ਲੱਗਦਾ ਹੈ।

ਟੈਕਸ ਚੋਰ ਵਪਾਰੀਆਂ 'ਤੇ ਕਾਲੇ ਧਨ ਦੀ ਤਲਾਸ਼ ਲਈ ਛਾਪੇ ਪੈ ਰਹੇ ਹਨ। ਵਿਚਾਰੇ ਵਪਾਰੀ ਮਾਇਆ ਦੀ ਸਾਂਭ ਲਈ ਤਰਲੇ ਕਰਦੇ ਫਿਰਦੇ ਹਨ। ਸਭ ਦੀ ਲੱਜ ਖਤਰੇ 'ਚ ਹੈ। ਮੇਰਾ ਇਕ ਬਹੁਤ ਹੀ ਕਰੀਬੀ ਰਿਸ਼ਤੇਦਾਰ ਅਸਲੀ ਨੋਟਾਂ ਦਾ ਝੋਲਾ ਲਈ ਹਨੇਰੇ ਹਨੇਰੇ ਮੇਰੇ ਕੋਲ ਅੱਪੜਦਾ ਹੈ। ਸੱਸੀ ਵਿਚਾਰੀ ਉਹਦੇ ਮੁਕਾਬਲੇ 'ਚ ਤੱਤੇ ਥਲਾਂ ਨੂੰ ਸਹਿਜੇ ਹੀ ਪਾਰ ਕਰ ਗਈ ਹੋਵੇਗੀ। ਇਸ ਤੋਂ ਪਹਿਲਾਂ ਉਹਦੇ ਕਦੀ ਦਰਸ਼ਨ ਨਹੀਂ ਹੋਏ ਸਨ। ਸ਼ਾਇਦ ਉਹਦੀ ਰਿਸ਼ਤਾ ਸੂਚੀ 'ਚ ਸਾਡਾ ਨਾਂ ਨਵਾਂ ਹੀ ਸ਼ਾਮਲ ਕੀਤਾ ਗਿਆ ਹੋਵੇ। ਅੜੀ ਥੁੜੀ 'ਚ ਰਿਸ਼ਤੇਦਾਰ ਨਾ ਕੰਮ ਆਵੇਗਾ ਤਾਂ ਭਲਾ ਕੌਣ ਆਵੇਗਾ। ਅੜੀ ਥੁੜੀ ਵੇਲੇ ਤਾਂ ਦੂਰ ਦਾ ਰਿਸ਼ਤੇਦਾਰ ਵੀ ਕਿੰਨਾਂ ਕਰੀਬੀ ਕਰੀਬੀ ਲੱਗਣ ਲੱਗ ਪੈਂਦਾ ਹੈ।

"ਮੈਂਖਿਆ ਜ਼ਰਾ ਜਾ ਕੇ ਮਿਲ ਵੀ ਆਈਏ। ਤੁਹਾਡੀ ਭਰਜਾਈ ਤਾਂ ਤੁਹਾਨੂੰ ਰੋਜ਼ ਯਾਦ ਕਰਦੀ ਐ ਸੁਬ੍ਹਾ ਸ਼ਾਮ, ਪਰ ਸਹੁਰਾ ਵਖਤ ਕਿਹੜਾ ਮਿਲਦੈ। ਇੰਨੇ ਨੇੜੇ ਦੇ ਰਿਸ਼ਤੇਦਾਰਾਂ ਨੂੰ ਵੀ ਨੀ ਮਿਲ ਹੁੰਦਾ। ਅਹਿ ਝੋਲਾ ਜ਼ਰਾ ਮਹੀਨਾ ਦੋ ਮਹੀਨੇ ਸਾਂਭ ਲਓ। ਐਵੀਂ ਸਰਕਾਰ ਪਿੱਛੇ ਪਈ ਰਹਿੰਦੀ ਐ। ਬੱਸ ਐਤਕੀਂ ਲੱਜ ਰੱਖ ਲਓ।" ਉਹ ਰਿਸ਼ਤੇਦਾਰ ਝੋਲਾ ਸਾਡੀ ਪਤਨੀ ਦੇ ਦਾਜ ਵਾਲੇ ਸੰਦੂਕ 'ਚ ਰਖਾ ਸਾਡੇ ਬਰਖੁਰਦਾਰ ਨੂੰ ਦੋ ਰੁਪਏ ਸ਼ਗਨ ਦੇ ਕੇ ਅਹੁ ਗਿਆ ਅਹੁ ਗਿਆ।

ਰਿਸ਼ਤੇਦਾਰ ਹੈ। ਕਦੀ ਦੂਰ ਸੀ ਚਲੋ ਨੇੜੇ ਹੋ ਗਿਐ। ਕੱਲ੍ਹ ਨੂੰ ਏਦੂੰ ਵੀ ਨੇੜੇ ਹੋ ਜਾਏਗਾ। ਉਹਦੀ ਲੱਜ ਰੱਖਣੀ ਮੇਰਾ ਪਹਿਲਾ ਪਰਮ ਕਰਤੱਵ ਹੈ। "ਮੁਸੀਬਤ ਵੇਲੇ ਤਾਂ ਸੱਤ ਬਿਗਾਨੇ ਦੀ ਮਦਦ ਕਰ ਦੇਈਦੀ ਐ। ਉਹ ਤਾਂ ਫਿਰ ਆਪਣਾ ਰਿਸ਼ਤੇਦਾਰ ਐ। ਨਾਲੇ ਹੁਣ ਤਾਂ ਆਪਣੇ ਨਿਆਣਿਆਂ ਨੂੰ ਦੋ ਰੁਪਏ ਸ਼ਗਨ ਵੀ ਦੇ ਗਿਆ ਹੈ।

ਮੇਰੀ ਬੀਵੀ ਮੇਰੇ ਨਾਲੋਂ ਜ਼ਿਆਦਾ ਦੁਨੀਆਦਾਰ ਹੈ। ਮੈਂ ਉਹਦੀ ਨਸੀਹਤ ਪੱਲੇ ਬੰਨ੍ਹ ਲੈਂਦਾ ਹਾਂ ਤੇ ਰਿਸ਼ਤੇਦਾਰ ਨੂੰ ਸ਼ਰਮਿੰਦਾ ਹੋਣ ਤੋਂ ਬਚਾਉਣ ਬਾਰੇ ਸੋਚਣ ਲਗਦਾ ਹਾਂ।

ਮੈਂ ਜਦ ਵੀ ਘਰ ਵਾਲੀ ਲਈ ਸੌਦਾ ਸੁਲਫ ਖਰੀਦਣ ਬਾਜ਼ਾਰ ਜਾਂਦਾ ਹਾਂ ਤਾਂ ਹਰ ਵਾਰੀ ਕੀਮਤਾਂ ਪਹਿਲਾਂ ਨਾਲੋਂ ਚੜ੍ਹੀਆਂ ਹੋਈਆਂ ਹੁੰਦੀਆਂ ਹਨ। ਹਰ ਵਾਰ ਜਾਣੂੰ ਦੁਕਾਨਦਾਰ ਆਖ ਦਿੰਦਾ ਹੈ," ਸਾਨੂੰ ਤਾਂ ਬਾਊ ਜੀ ਹੁਣ ਸ਼ਰਮ ਈ ਬਾਹਲੀ ਆਉਣ ਲੱਗ ਪਈ ਐ ਆਪਣੇ ਗਾਹਕਾਂ ਤੋਂ। ਹਰ ਵਾਰੀ ਵੱਧ ਰੇਟ ਦੱਸਦਿਆਂ ਸ਼ਰਮ ਜਿਹੀ ਆਉਣ ਲੱਗ ਪੈਂਦੀ ਹੈ। ਪਰ ਫੇਰ ਸੋਚੀਦੈ ਸਾਡਾ ਇਸ 'ਚ ਕੀ ਦੋਸ਼ ਐ। ਸਾਡਾ ਕਿਹੜਾ ਚਿੱਤ ਕਰਦੈ ਗਾਹਕ ਨੂੰ ਪ੍ਰੇਸ਼ਾਨ ਕਰਨ ਨੂੰ। ਗਾਹਕ ਤਾਂ ਰੱਬ ਦਾ ਰੂਪ ਹੁੰਦਾ ਹੈ ਜੀ।"

ਮੈਂ ਘਟੀਆ ਗਾਹਕ ਨਹੀਂ ਜੋ ਆਪਣੇ ਪਿਆਰੇ ਦੁਕਾਨਦਾਰ ਨੂੰ ਸ਼ਰਮਸਾਰ ਹੋਣ ਦਾ ਮੌਕਾ ਦਿਆਂ। ਮੈਂ ਉਹਦੇ ਲਈ ਰੱਬ ਈ ਬਣਿਆ ਰਹਿਣਾ ਚਾਹੁੰਦਾ ਹਾਂ। ਉਹਦੇ ਲਈ ਭਾਵੇਂ ਮੈਨੂੰ ਆਪਣੀ ਜੇਬ ਦੀ ਕੁਰਬਾਨੀ ਵੀ ਕਿਉਂ ਨਾ ਕਰਨੀ ਪਵੇ। ਮੈਂ ਆਪਣੇ ਮੁੜ੍ਹਕੇ ਦੀ ਨੇਕ ਕਮਾਈ ਦੀ ਹੱਸ ਹੱਸ ਕੁਰਬਾਨੀ ਕਰਦਾ ਹਾਂ ਤਾਂ ਕਿ ਮੇਰਾ ਭਗਤ ਦੁਕਾਨਦਾਰ ਸ਼ਰਮਿੰਦਾ ਹੋਣ ਤੋਂ ਵਾਲ ਵਾਲ ਬਚ ਸਕੇ। ਇਸ ਮਾਮਲੇ 'ਚ ਮੈਂ ਆਪਣੀ ਪਿਆਰੀ ਘਰ ਵਾਲੀ ਤਕਦੀ ਵੀ ਗੱਲ ਸੁਣਨ ਲਈ ਤਿਆਰ ਨਹੀਂ। ਭਗਤ ਤੇ ਪ੍ਰਭੂ ਦਾ ਰਿਸ਼ਤਾ ਅਟੁੱਟ ਹੁੰਦੈ। ਪ੍ਰਭੂ ਨੇ ਤਾਂ ਦੋਵੇਂ ਹੱਥੀਂ ਮਾਲ ਲੁਟਾ ਕੇ ਵੀ ਭਗਤ ਦੀ ਲੱਜ ਰੱਖਣੀ ਹੁੰਦੀ ਐ।

ਹਰ ਸਾਲ ਰੱਖੜੀ ਦੇ ਦਿਨ ਭੈਣ ਦਾ ਖਤ ਆਉਂਦਾ ਹੈ। ਖਤ ਦੀ ਵਾਰਤਾ ਹਰ ਵਰ੍ਹੇ ਇਕੋ ਜਿਹੀ ਹੀ ਹੁੰਦੀ ਹੈ। ਮੈਂ ਰੱਖੜੀ ਦੀ ਲੱਜ ਹਰ ਵਰ੍ਹੇ ਰੱਖਦਾ ਹਾਂ ਬਚਨ ਦਿੰਦਾ ਹਾਂ। ਖਤ ਕੁਝ ਇਸ ਤਰ੍ਹਾਂ ਦੇ ਹੁੰਦੇ ਹਨ, "ਭਰਾ, ਪਿਛਲੀ ਵਾਰੀ ਤੂੰ ਮੇਰੀ ਸੱਸ ਲਈ ਸਾੜ੍ਹੀ ਨਹੀਂ ਭੇਜੀ। ਉਹ ਸਾਰਾ ਵਰ੍ਹਾ ਤੇਰੀ ਦਾੜ੍ਹੀ ਬਾਰੇ ਹੀ ਗੱਲਾਂ ਕਰਦੀ ਰਹੀ। ਪਿਛਲੀ ਵਾਰੀ ਤੂੰ ਪੰਜ ਸੌ ਇਕ ਰੁਪਏ ਹੀ ਭੇਜੇ ਸਨ। ਗੁਆਂਢੀਆਂ ਦੀ ਬਹੂ ਦੇ ਭਰਾ ਨੇ ਫਰਿਜ ਭੇਜਿਆ ਹੈ। ਪਰਲੇ ਗੁਆਂਢੀਆਂ ਦੀ ਬਹੂ ਦੇ ਵੀਰ ਨੇ ਰੰਗਦਾਰ ਟੈਲੀਵਿਜ਼ਨ ਘੱਲਿਆ ਹੈ। ਭਰਾ, ਮੈਨੂੰ ਵੀ ਤੂੰ ਇਹੋ ਜਿਹੀਆਂ ਹੀ ਚੀਜ਼ਾਂ ਘੱਲਿਆ ਕਰ। ਅੱਜ ਕੱਲ੍ਹ ਤਾਂ ਇਨ੍ਹਾਂ ਦਾ ਰਿਵਾਜ ਵੀ ਐ। ਹੁਣ ਤੇਰੀ ਛੋਟੀ ਭੈਣ ਦੀ ਲੱਜ ਤੇਰੇ ਹੀ ਹੱਥ ਹੈ। ਆਸ ਏ ਤੂੰ ਰੱਖੜੀ ਦੇ ਪਵਿੱਤਰ ਧਾਗਿਆਂ ਦੀ ਲੱਜ ਜ਼ਰੂਰ ਰਖੇਂਗਾ। ਵੀਰ, ਹੁਣ ਮੈਨੂੰ ਸਟੋਵ ਤੋਂ ਬਹੁਤ ਡਰ ਲੱਗਣ ਲੱਗ ਪਿਆ ਹੈ।"

ਸਾਰੇ ਬੰਦਿਆਂ ਦੀ ਲੱਜ ਰੱਖਦਿਆਂ ਰੱਖਦਿਆਂ ਮੇਰੀ ਆਪਣੀ ਲੱਜ ਖਤਰੇ 'ਚ ਪੈ ਗਈ ਹੈ। ਹੁਣ ਭੈਣ ਦੇ ਖਤ ਤੋਂ ਵੀ ਮੈਨੂੰ ਨਮੋਸ਼ੀ ਹੋਣ ਲੱਗ ਪਈ ਹੈ। ਆਸ ਹੈ ਤੁਸੀਂ ਮੇਰੇ ਦੇਸ਼ ਭਗਤੀ, ਦੇਸ਼ ਪ੍ਰੇਮ ਤੇ ਮਨੁੱਖੀ ਪ੍ਰੇਮ ਦੇ ਜਜ਼ਬੇ 'ਤੇ ਸ਼ੱਕ ਨਹੀਂ ਕਰੋਗੇ। ਇਹ ਸਾਰੇ ਜਜ਼ਬੇ ਹੋਣ ਦੇ ਬਾਵਜੂਦ ਮੀਰਾ ਬਾਈ ਦਾ ਭਜਨ ਸੁਣਦਿਆਂ ਹੀ ਮੈਂ ਸ਼ਰਮ ਨਾਲ ਪਾਣੀ ਪਾਣੀ ਹੋਣ ਲੱਗਦਾ ਹਾਂ।

## ਨੇਕ ਸ਼ਹਿਰੀ

ਮੰਤਰੀ ਨੇ ਤਲਵਾਰ ਸਿੰਘ ਨੂੰ ਘੁੱਟ ਕੇ ਜੱਫੀ ਪਾ ਲਈ। ਸਾਰਾ ਪੰਡਾਲ ਤਾਲੀਆਂ ਨਾਲ ਗੂੰਜ ਉਠਿਆ। ਪ੍ਰਾਂਤ ਦਾ ਸਾਰਾ ਮੰਤਰੀ ਮੰਡਲ ਅਤੇ ਉੱਚ ਅਧਿਕਾਰੀ ਹੈਰਾਨ ਰਹਿ ਗਏ। ਮੰਤਰੀ ਨੇ ਡਾਕੂ ਤਲਵਾਰ ਸਿੰਘ ਦੇ ਆਤਮ ਸਮਰਪਨ ਵੇਲੇ, ਉਸ ਦੇ ਗਲ ਵਿਚ ਘਾਟੀ ਦੇ ਜੰਗਲੀ ਫੁੱਲਾਂ ਦਾ ਹਾਰ ਪਾਉਣਾ ਸੀ। ਪ੍ਰੈਸ ਕੈਮਰਿਆਂ ਅਤੇ ਟੀ ਵੀ ਕੈਮਰਿਆ ਨੇ ਤਸਵੀਰਾਂ ਲਈਆਂ ਸਨ। ਪਰ ਮੰਤਰੀ ਨੇ ਤਾ ਹੱਥ ਮਿਲਾਣ ਦੀ ਥਾਂ ਘੁੱਟ ਕੇ ਜੱਫੀ ਪਾ ਲਈ। ਤਲਵਾਰ ਸਿੰਘ ਨੇ ਪਤਾ ਨਹੀਂ ਮੰਤਰੀ ਦੇ ਕੰਨ ਵਿਚ ਕੀ ਕਿਹਾ—ਦੋਵੇਂ ਹਸਦੇ ਹਸਦੇ ਮੰਚ ਉੱਤੇ ਸੋਫਿਆਂ ਦੀ ਲਾਈਨ ਵਿਚ ਵਿਚਾਲੇ ਦੀਆ ਦੋ ਖਾਲੀ ਸੀਟਾਂ ਉੱਤੇ ਜਾ ਬੈਠੇ।

ਭੁਬਲ ਘਾਟੀ ਦੇ ਮੁੱਖ ਨਗਰ ਵਿਖੇ ਅੱਜ ਮੇਲੇ ਵਰਗੀ ਚਹਿਲ ਪਹਿਲ ਸੀ। ਬਹੁਤ ਵੱਡਾ ਸਮਾਗਮ ਹੋ ਰਿਹਾ ਸੀ। ਸਾਰੇ ਪ੍ਰਾਂਤ ਵਿਚੋਂ ਦੂਰ ਦੂਰ ਤੋਂ ਬੱਸਾ, ਟਰੱਕਾਂ ਤੇ ਸਪੈਸ਼ਲ ਰੇਲ ਗੱਡੀਆਂ ਰਾਹੀਂ ਲੋਕ ਢੋਏ ਸਨ। ਭਿਆਨਕ ਡਾਕੂ ਤਲਵਾਰ ਸਿੰਘ ਹਥਿਆਰ ਸੁੱਟ ਕੇ 'ਦੇਸ਼ ਸੇਵਾ' ਵਲ ਮੁੜ ਰਿਹਾ ਸੀ। ਜਿਸ ਡਾਕੂ ਦੇ ਨਾਮ ਤੋਂ ਹੀ ਆਮ ਲੋਕ ਕੰਬ ਜਾਂਦੇ ਸਨ, ਉਸ ਨੂੰ ਆਤਮ ਸਮਰਪਣ ਕਰਦਿਆਂ ਉਹ ਅੱਖੀਂ ਵੇਖਣਾ ਚਾਹੁੰਦੇ ਸਨ। ਨਾਲੇ ਮੁਫਤ ਦੀ ਸੈਰ ਸੀ।

ਧੂੰਆਂਧਾਰ ਭਾਸ਼ਨ ਹੋ ਰਹੇ ਸਨ-ਸਮਾਜਵਾਦ, ਲਾਅ ਐਂਡ ਆਰਡਰ, ਵੀਹ ਨੁਕਾਤੀ ਪ੍ਰੋਗਰਾਮ, ਦੱਸ ਸਾਲਾਂ ਬਾਅਦ ਬੇਕਾਰੀ ਦੂਰ, ਗਰੀਬੀ ਰੇਖਾ ਤੋਂ ਉੱਪਰ ਚੁਕੇ ਜਾ ਰਹੇ ਲੋਕ, ਪਾਕਿਸਤਾਨ ਤੋਂ ਹਮਲੇ ਦਾ ਡਰ-ਕੌਮੀ ਏਕਤਾ-ਦੇਸ਼ ਦੀ ਅਖੰਡਤਾ ਆਦਿ।

ਮੰਤਰੀ ਅਤੇ ਤਲਵਾਰ ਸਿੰਘ ਦੋਵੇਂ ਹੌਲੀ ਹੌਲੀ ਕੁਝ ਗੱਲਾਂ ਕਰ ਰਹੇ ਸਨ। ਮੰਚ ਦੇ ਨੇੜੇ ਬੈਠਾ ਇਕ ਪੱਤਰਕਾਰ ਉਨ੍ਹਾਂ ਦੀਆਂ ਗੱਲਾਂ ਨੂੰ ਸੁਣਨ ਦਾ ਯਤਨ ਕਰ ਰਿਹਾ ਸੀ-ਕੋਈ ਕੋਈ ਗੱਲ ਉਸ ਦੇ ਕੰਨੀਂ ਪੈਂਦੀ ਤਾਂ ਉਹ ਨੋਟ ਕਰ ਲੈਂਦਾ-

—ਸਾਲੇ ਆਪ ਤਾਂ ਪਿਉ ਦੇ ਪੈਸਿਆਂ ਨਾਲ ਰਣਜੀਤ ਲਈ ਤੇ ਮੈਨੂੰ-ਤੇ ਮੈਨੂੰ ਮਾੜੀ ਮੋਟੀ ਕੋਈ ਨੌਕਰੀ ਵੀ ਨਾ ਦਵਾਈ।

—ਤੇਰੇ ਕਰਕੇ ਮੈਨੂੰ ਵੀ ਤੇਰੇ ਨਾਲ ਹੀ ਕਾਲਜ ਵਿਚੋਂ ਕੱਢ ਦਿਤਾ ਗਿਆ। ਕੁੜੀ ਨੂੰ ਤੂੰ ਹੀ ਛੇੜਿਆ ਸੀ।

ਬਾਕੀ ਪੰਨਾ 28 ਉੱਤੇ


# Business Financial Planning



**Taking Care of Your Family and Business**






**Recruiting and Retaining Key Employees**






**Affordable Retirement Packages for You and Your Employees**




**Find Out More About The Plan(s) That Interest You Call Your Financial Planner and Complete Brokerage Service:**



**Sudesh Kalia**

**Bus: (604) 685-9335**

**Res: (604) 254-5837**

ASSURING BRIGHT FINANCIAL FUTURES

NORTH AMERICAN LIFE

#320 - 815 W. Hastings Street
VANCOUVER, B.C. V6C 2W1

# ਮਨੁੱਖ ਤੇ ਕੇਵਲ ਮਨੁੱਖ

ਸ. ਸ. ਸਹੋਤਾ

ਮਾਰਚ 1944 ਦਾ ਜ਼ਿਕਰ ਹੈ ਜਦੋਂ ਮੈਂ ਭਾਰਤੀ ਫੌਜ ਦੇ ਇਕ ਯੂਨਿਟ ਨਾਲ ਪੱਛਮੀ ਬੰਗਾਲ ਦੇ ਜ਼ਿਲਾ ਹੈਡਕੁਆਰਟਰ ਮਿਦਨਾਪੁਰ ਦੇ ਕੋਲ ਪਿਆਰ-ਡੋਬਾ ਨਿਯੁਕਤ ਸਾਂ। ਦੂਜਾ ਵਿਸ਼ਵ ਯੁੱਧ ਅਜੇ ਚੱਲ ਰਿਹਾ ਸੀ ਅਤੇ ਭਾਰਤੀ ਨੌਜਵਾਨਾਂ ਦੇ ਮਨਾਂ ਵਿਚ ਦੇਸ਼ ਨੂੰ ਸੁਤੰਤਰ ਕਰਾਉਣ ਦਾ ਜਜ਼ਬਾ ਠਾਠਾਂ ਮਾਰਦਾ ਸੀ। ਅਸੀਂ ਫੌਜੀ ਕਾਨੂੰਨ ਦੀ ਕਠੋਰਤਾ ਦੀ ਪ੍ਰਵਾਹ ਨਾ ਕਰਦੇ ਹੋਏ ਵੱਡੇ ਤੋਂ ਵੱਡਾ ਖਤਰਾ ਮੁੱਲ ਲੈਣ ਲਈ ਤਿਆਰ ਰਹਿੰਦੇ ਸਾਂ। ਕੁਝ ਬੰਗਾਲੀ ਨੌਜਵਾਨਾਂ ਨਾਲ ਮਿਲ ਕੇ ਅਸੀਂ ਇਨਕਲਾਬੀ ਸਰਗਰਮੀਆਂ ਦੀ ਵਿਉਂਤਬੰਦੀ ਵਿਚ ਲੱਗੇ ਹੋਏ ਸਾਂ ਕਿ ਇਸ ਦਾ ਸਰਕਾਰ ਦੇ ਖੁਫੀਆ ਵਿਭਾਗ ਨੂੰ ਪਤਾ ਲੱਗ ਗਿਆ। ਮੈਨੂੰ ਫੌਜੀ ਅਧਿਕਾਰੀਆਂ ਨੇ ਗ੍ਰਿਫਤਾਰ ਕਰ ਲਿਆ ਅਤੇ ਕੋਰਟ ਮਾਰਸ਼ਲ ਕਰਨ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ। ਮੈਨੂੰ ਗੈਰ-ਸਰਕਾਰੀ ਤੌਰ 'ਤੇ ਇਸ ਗੱਲ ਦਾ ਪਤਾ ਲੱਗ ਗਿਆ ਸੀ ਕਿ ਕੋਰਟ ਮਾਰਸ਼ਲ ਦੁਆਰਾ ਇਕ ਦੋ ਦਿਨਾਂ ਵਿਚ ਹੀ ਮੈਨੂੰ ਕਈ ਸਾਲਾਂ ਦੀ ਸਖਤ ਕੈਦ ਦੀ ਸਜ਼ਾ ਸੁਣਾ ਦਿੱਤੀ ਜਾਵੇਗੀ ਅਤੇ ਨੌਕਰੀ 'ਚੋਂ ਕੱਢ ਦੇਣਾ ਤਾਂ ਲਾਜ਼ਮੀ ਸੀ। ਮੇਰੇ ਮਨ ਨੇ ਉਛਾਲਾ ਖਾਧਾ ਕਿ ਮੈਂ ਇਨ੍ਹਾਂ ਅਤਿਆਚਾਰੀ ਅਧਿਕਾਰੀਆਂ ਕੋਲੋਂ ਸਜ਼ਾ ਨਹੀਂ ਖਾਵਾਂਗਾ। ਜਿਸ ਯੂਨਿਟ ਨਾਲ ਮੈਂ ਲੱਗਾ ਹੋਇਆ ਸਾਂ, ਉਹ ਨੇਪਾਲ ਤੋਂ ਅੰਗਰੇਜ਼ਾਂ ਦੀ ਸਹਾਇਤਾ ਲਈ ਆਈ ਹੋਈ ਇਕ ਗੋਰਖਾ ਯੂਨਿਟ ਸੀ। ਮੇਰੇ ਉਤੇ ਨੇਪਾਲੀ ਗੋਰਖਿਆਂ ਦਾ ਪਹਿਰਾ ਸੀ। ਮੈਂ ਪਹਿਰੇਦਾਰਾਂ ਨੂੰ ਕੋਈ ਅੱਜ ਪੱਜ ਪਾ ਕੇ ਦਿਨ ਦਿਹਾੜੇ ਉਨ੍ਹਾਂ ਦੀ ਹਿਰਾਸਤ ਵਿਚੋਂ ਜੰਗਲ ਵਲ ਭੱਜ ਪਿਆ। ਗੋਰਖਾ ਪਹਿਰੇਦਾਰ ਥੋੜ੍ਹੀ ਦੂਰ ਮੇਰੇ ਮਗਰ ਭੱਜਾ ਪਰ ਮੈਂ ਅਜੇ 21-22 ਸਾਲਾਂ ਦਾ ਮੁੱਛ ਫੁਟ ਗੱਭਰੂ ਸਾਂ ਅਤੇ ਗੋਰਖਾ ਅਧੇੜ ਉਮਰ ਦਾ ਤੇ ਕੁਝ ਭਾਰੇ ਸਰੀਰ ਵਾਲਾ ਹਵਾਲਦਾਰ ਸੀ। ਮੈਂ ਚੰਦ ਮਿੰਟਾਂ ਵਿਚ ਹੀ ਉਸ ਤੋਂ ਦੂਰ ਨਿਕਲ ਗਿਆ। ਹੁਣ ਮੈਨੂੰ ਇਸ ਗੱਲ ਦਾ ਭਲੀ-ਭਾਂਤ ਗਿਆਨ ਸੀ ਕਿ ਜੇ ਮੈਂ ਹੁਣ ਫੜਿਆ ਗਿਆ ਤਾਂ ਇਨ੍ਹਾਂ ਨੇ ਮੈਨੂੰ ਗ੍ਰਿਫਤਾਰ ਨਹੀਂ ਕਰਨਾ ਸਗੋਂ ਮੈਨੂੰ ਗੋਲੀ ਮਾਰ ਦੇਣੀ ਹੈ। ਇਸ ਲਈ ਉਸ ਪਹਿਰੇਦਾਰ ਦੇ ਮੁੜ ਪਲਟਨ ਵਿਚ ਪੁੱਜਣ ਤਕ ਜਿੰਨੀ ਵਿੱਥ ਮੈਂ ਪਾ ਸਕਾਂ ਓਨੀ ਹੀ ਚੰਗੀ ਹੈ ਕਿਉਂਕਿ ਹੋਰ 10-20 ਮਿੰਟਾਂ ਤਕ ਜਦੋਂ ਇਹ ਗੋਰਖਾ ਉਨ੍ਹਾਂ ਨੂੰ ਸੂਚਨਾ ਦੇਵੇਗਾ ਕਿ ਉਸ ਕੋਲੋਂ ਕੈਦੀ ਦੌੜ ਗਿਆ ਤਾਂ ਉਸੇ ਵੇਲੇ ਪੂਰੀ ਪਲਟਨ ਮੇਰੀ ਤਲਾਸ਼ ਵਿਚ ਨਿਕਲ ਪਵੇਗੀ। ਇਸ ਲਈ ਮੈਂ ਹਫਿਆ ਦਫਿਆ ਜਿੰਨਾ ਦੌੜ ਸਕਦਾ ਸੀ ਉਨਾ ਦੌੜਦਾ ਰਿਹਾ ਅਤੇ ਕਦੀ ਦਮ ਲੈ ਕੇ ਕਦੀ ਕਿਸੇ ਛਪੜੀ ਵਿਚੋਂ ਪਾਣੀ ਪੀ ਕੇ ਪਲੋ-ਪਲੀ ਵਿਚ ਮੈਂ ਕਾਫੀ ਫਾਸਲਾ ਨਿਬੇੜ ਲਿਆ।

ਇਹ ਘਟਨਾ ਮਿਦਨਾਪੁਰ ਸ਼ਹਿਰ ਦੀ ਹੈ। ਸੜਕ ਛੱਡ ਕੇ ਜੰਗਲੀ ਅਤੇ ਪੇਂਡੂ ਇਲਾਕੇ ਵਿਚ ਮੈਂ ਵਾਹੋ-ਦਾਹੀ ਦੌੜਿਆ ਜਾ ਰਿਹਾ ਸੀ ਅਤੇ ਮੈਨੂੰ ਪਤਾ ਨਹੀਂ ਸੀ ਕਿ ਮੈਂ ਕਿਸ ਪਾਸੇ ਜਾ ਰਿਹਾ ਹਾਂ ਅਤੇ ਅੱਗੋਂ ਕਿਹੜਾ ਸ਼ਹਿਰ ਤੇ ਕਿਹੜਾ ਪਿੰਡ ਆਵੇਗਾ। ਇਕ ਪਿੰਡ ਤੋਂ ਬਾਹਰ ਇਕ ਛੋਟੀ ਜਿਹੀ ਚਾਹ ਪਾਣੀ ਦੀ ਦੁਕਾਨ ਵਿਚ ਬੈਠ ਕੇ ਮੈਂ ਪੀਣ ਲਈ ਪਾਣੀ ਮੰਗਿਆ। ਦੁਕਾਨਦਾਰ ਨੇ ਮੈਨੂੰ ਪੁੱਛਿਆ ਕੀ ਖਾਓਗੇ। ਮੈਂ ਉਤਰ ਦਿੱਤਾ ਕੁਝ ਨਹੀਂ। ਪਰ ਦੁਕਾਨਦਾਰ ਨੇ ਮੈਨੂੰ ਨਿਢਾਲ ਹੋਇਆ ਦੇਖ ਕੇ ਪਾਣੀ ਦੇਣ ਤੋਂ ਪਹਿਲਾਂ ਗੁੜ ਦੀ ਇਕ ਰੋੜੀ ਦਿੱਤੀ ਅਤੇ ਆਖਿਆ ਕਿ ਪਾਣੀ ਪੀਣ ਤੋਂ ਪਹਿਲਾਂ ਇਹ ਗੁੜ ਖਾ ਲਓ, ਤੁਹਾਡਾ ਥਕੇਵਾਂ ਉਤਰ ਜਾਵੇਗਾ। ਮੈਂ ਗੁੜ ਖਾ ਕੇ ਪਾਣੀ ਪੀਤੀ ਅਤੇ ਉਠ ਕੇ ਆਪਣੀ ਉਸ ਮੰਜ਼ਲ ਵਲ ਤੁਰ ਪਿਆ ਜਿਸ ਦਾ ਮੈਨੂੰ ਪਤਾ ਨਹੀਂ ਸੀ ਕਿ ਕਿਥੇ ਹੈ।

ਮੈਂ ਬਗੈਰ ਸੋਚੇ ਤੁਰਦਾ ਗਿਆ, ਤੁਰਦਾ ਗਿਆ। ਤਦ ਨੂੰ ਸਾਹਮਣੇ ਇਕ ਪਿੰਡ ਆ ਗਿਆ। ਮੈਂ ਉਸ ਪਿੰਡ ਵਿਚ ਵੜ ਗਿਆ। ਇਸ ਗੱਲ ਦਾ ਮੈਨੂੰ ਅਨੁਭਵ ਸੀ ਕਿ ਨੇਪਾਲ ਰੈਜਮੈਂਟ ਦੇ ਜਵਾਨ ਛੇਤੀ ਹੀ ਮੇਰੇ ਪਿੱਛੇ ਪਹੁੰਚ ਜਾਣਗੇ। ਬੱਸ ਫੇਰ ਮੇਰੀ ਖੈਰ ਨਹੀਂ।

ਮੈਂ ਇਸ ਪਿੰਡ ਦੇ ਇਕ ਚੌਕ ਵਿਚ ਇਕ ਦਰਖਤ ਦੀ ਛਾਵੇਂ ਸਾਹ ਲੈਣ ਲਈ ਬੈਠ ਗਿਆ। ਇੰਨੇ ਚਿਰ ਨੂੰ 22-23 ਸਾਲਾਂ ਦਾ ਇਕ ਬੰਗਾਲੀ ਨੌਜਵਾਨ ਮੇਰੇ ਵੱਲ ਆਇਆ ਅਤੇ ਮੈਨੂੰ ਪ੍ਰੇਸ਼ਾਨ ਦੇਖ ਕੇ ਪੁੱਛਣ ਲੱਗਾ ਕਿ ਤੁਸੀਂ ਕਿਥੋਂ ਆਏ ਅਤੇ ਕੌਣ ਹੋ। ਮੈਂ ਉਸ ਨੂੰ ਗੋਲ-ਮੋਲ ਜਵਾਬ ਦੇ ਕੇ ਟਾਲਣ ਦਾ ਯਤਨ ਕਰ ਰਿਹਾ ਸੀ ਪਰ ਉਹ ਸੁਭਾਵਿਕ ਹੀ ਇਹ ਜਾਣ ਗਿਆ ਸੀ ਕਿ ਇਹ ਇਕ ਫੌਜੀ ਕੱਪੜਿਆਂ ਵਾਲਾ ਪੰਜਾਬੀ ਸਿੱਖ ਨੌਜਵਾਨ ਇਸ ਤਰ੍ਹਾਂ ਡਿੱਗੀ ਢੱਠੀ ਹਾਲਤ ਵਿਚ ਇਥੇ ਕਿਵੇਂ ਆ ਸਕਦਾ ਹੈ। ਇਸ ਦੇ ਪਿੱਛੇ ਕੋਈ ਖਾਸ ਗੱਲ ਹੈ। ਮੈਂ ਵੀ ਵਧੇਰੇ ਚਿਰ ਤਕ ਅਸਲੀ ਕਹਾਣੀ ਨੂੰ ਛੁਪਾਉਣ ਦਾ ਯਤਨ ਨਾ ਕੀਤਾ ਅਤੇ ਇਕ ਮਨਚਲੇ ਪੰਜਾਬੀ ਵਾਂਗੂ ਫਟਾ ਫਟ ਸਾਰੀ ਗੱਲ ਉਸ ਨੂੰ ਦੱਸ ਦਿੱਤੀ। ਉਸ ਨੌਜਵਾਨ ਨੇ ਆਖਿਆ ਕਿ ਮੈਂ ਤੁਹਾਡੀ ਕੀ ਸਹਾਇਤਾ ਕਰ ਸਕਦਾ ਹਾਂ। ਇਸ ਪਿੰਡ ਦੀ ਵਧੇਰੇ ਵਸੋਂ ਮੁਸਲਮਾਨਾਂ ਦੀ ਸੀ ਅਤੇ ਇਹ ਨੌਜਵਾਨ ਉਥੋਂ ਦੇ ਨੰਬਰਦਾਰ ਦਾ ਪੁੱਤਰ ਸੀ। ਇਹ ਦੱਸਣ ਤੋਂ ਪਹਿਲਾਂ ਅੱਗੋਂ ਕੀ ਹੋਇਆ ਮੈਂ ਪਾਠਕਾਂ ਨੂੰ ਉਸ ਸਮੇਂ ਦਾ ਪਿਛੋਕੜ ਦੱਸਣਾ ਜ਼ਰੂਰੀ ਚਾਹੁੰਦਾ ਹਾਂ।

1940-43 ਵਿਚ ਬੰਗਾਲ ਵਿਚ ਇਕ ਭਿਆਨਕ ਕਾਲ ਪਿਆ ਸੀ ਜਿਸ ਵਿਚ ਕੋਈ 40 ਲੱਖ ਬੰਗਾਲੀ ਅੰਨ ਦੇ ਦਾਣੇ ਨੂੰ ਤਰਸਦੇ ਅਤੇ ਅੱਡੀਆਂ ਰਗੜਦੇ ਹੋਏ ਮੌਤ ਦਾ ਸ਼ਿਕਾਰ ਹੋ ਗਏ ਸਨ। ਆਮ ਚਰਚਾ ਇਹ ਸੀ ਸਮੁੱਚੇ ਤੌਰ 'ਤੇ ਬੰਗਾਲ ਦੇ ਲੋਕ ਅੰਗਰੇਜ਼ਾਂ ਦੇ ਵਿਰੁਧ ਸਨ, ਇਸ ਲਈ ਉਨ੍ਹਾਂ ਨੂੰ ਬਰਤਾਨੀਆ ਸਰਕਾਰ ਵਿਰੋਧੀ ਕਾਰਵਾਈਆਂ ਦੀ ਸਜ਼ਾ ਦੇਣ ਲਈ ਸਰਕਾਰੀ ਗੋਦਾਮਾਂ ਵਿਚ ਲੱਖਾਂ ਟਨ ਪਿਆ ਅਨਾਜ ਉਨ੍ਹਾਂ ਤਕ ਜਾਣ ਬੁੱਝ ਕੇ ਨਹੀਂ ਪਹੁੰਚ ਰਿਹਾ। ਇਸ ਕਰ ਕੇ ਕਾਲ ਪੈਣ ਦੀ ਜ਼ਿੰਮੇਵਾਰੀ ਅੰਗਰੇਜ਼ ਸਰਕਾਰ ਉਤੇ ਹੈ। ਬੰਗਾਲ ਦੇ ਇਨ੍ਹਾਂ ਪਿੰਡਾਂ ਵਿਚ ਗਰੀਬੀ ਇੰਨਾ ਘਿਣਾਉਣਾ ਰੂਪ ਧਾਰਨ ਕਰ ਚੁੱਕੀ ਸੀ ਕਿ ਹੋਰ ਤਾਂ ਹੋਰ ਜੋ ਮਰਦੇ ਸਨ, ਉਨ੍ਹਾਂ ਨੂੰ ਦਫਨ ਕਰਨ ਲਈ ਕਫਨ ਤਕ ਨਹੀਂ ਮਿਲਦਾ ਸੀ ਅਤੇ ਹਿੰਦੂ ਮੁਰਦਿਆਂ ਦਾ ਦਾਹ-ਸੰਸਕਾਰ ਕਰਨ ਲਈ ਲੱਕੜ ਵੀ ਨਹੀਂ ਮਿਲਦੀ ਸੀ। ਪਿੰਡਾਂ ਅਤੇ ਸ਼ਹਿਰਾਂ ਤੋਂ ਬਾਹਰ ਬੰਗਾਲੀਆਂ ਦੀਆਂ ਲਾਸ਼ਾਂ ਨੂੰ ਕਾਂ ਕੁੱਤੇ ਖਾਂਦੇ ਨਜ਼ਰ ਆਉਂਦੇ ਸਨ।

ਜਿਸ ਪਿੰਡ ਵਿਚ ਮੈਂ ਹੁਣ ਬੈਠਾ ਸਾਂ, ਉਹ ਵੀ ਇਸੇ ਕਿਸਮ ਦਾ ਇਕ ਪਿੰਡ ਸੀ। ਪਿੰਡ ਦੇ ਨੰਬਰਦਾਰ ਦੇ ਪੁੱਤਰ ਉਸ ਮੁੰਡੇ ਨੇ ਆਪਣੇ ਕੁਝ ਹੋਰ ਸਿਆਣੇ ਬੰਦਿਆਂ ਨੂੰ ਇਕੱਠੇ ਕਰ ਕੇ ਮੇਰੀ ਸਹਾਇਤਾ ਕਰਨ ਲਈ ਵਿਉਂਤ ਬਣਾਈ ਅਤੇ ਆਖਿਆ ਕਿ ਤੁਸੀਂ ਹੁਣ ਆਪਣਾ ਭੇਸ ਬਦਲ ਲਵੋ ਅਤੇ ਇਸ ਪਿੰਡ ਵਿਚੋਂ ਛੇਤੀ ਤੋਂ ਛੇਤੀ ਨਿਕਲ ਜਾਵੋ ਕਿਉਂਕਿ ਤੁਹਾਡੀ ਤਲਾਸ਼ ਵਿਚ ਨਿਕਲੀ ਹੋਈ ਫੌਜ ਕਿਸੇ ਸਮੇਂ ਵੀ ਇਥੇ ਪੁੱਜ ਸਕਦੀ ਹੈ। ਮੈਂ ਉਨ੍ਹਾਂ ਦਾ ਮਸ਼ਵਰਾ ਕਬੂਲ ਕਰ ਲਿਆ ਅਤੇ ਆਖਿਆ ਕਿ ਮੈਨੂੰ ਕੁਝ ਪੈਸੇ ਇਕੱਠੇ ਕਰ ਦਿਓ ਅਤੇ ਬੰਗਾਲੀ ਪਹਿਰਾਵੇ ਵਾਲੇ ਕੱਪੜੇ ਦਿਉ ਤਾਂ ਜੋ ਮੈਂ ਆਪਣਾ ਭੇਸ ਬਦਲ ਲਵਾਂ।

ਇਸ ਵਿਚ ਸ਼ੱਕ ਨਹੀਂ ਕਿ ਉਹ ਤਨੋਂ ਮਨੋਂ ਮੇਰੀ ਸਹਾਇਤਾ ਕਰਨਾ ਚਾਹੁੰਦੇ ਸਨ ਅਤੇ ਲਗਭਗ ਉਹ ਸਾਰੇ ਮੁਸਲਮਾਨ ਸਨ। ਉਨ੍ਹਾਂ ਨੇ ਮੈਥੋਂ ਕੁਝ ਪਰੇ ਜਾ ਕੇ ਆਪਸ ਵਿਚ ਸਲਾਹ ਮਸ਼ਵਰਾ ਕੀਤਾ। ਥੋੜ੍ਹੀ ਦੇਰ ਬਾਅਦ ਉਨ੍ਹਾਂ ਨੇ ਇਕ ਲੁੰਗੀ ਅਤੇ ਇਕ ਪੁਰਾਣਾ ਬੰਗਾਲੀ ਕੁੜਤਾ ਦਿੱਤਾ। ਇਸ ਤੋਂ ਇਲਾਵਾ ਉਨ੍ਹਾਂ ਨੇ ਮੈਨੂੰ 12 ਆਨਿਆਂ ਦੇ ਪੈਸੇ ਨਕਦੀ ਦੇ ਰੂਪ ਵਿਚ ਦਿੱਤੇ ਜੋ ਉਨ੍ਹਾਂ ਨੇ ਬੜੀ ਮੁਸ਼ਕਲ ਨਾਲ ਇਕੱਠੇ ਕੀਤੇ ਸਨ। ਇਸ ਤੋਂ ਇਸ ਗੱਲ ਦਾ ਅਨੁਮਾਨ ਲਗਾਉਣਾ ਮੁਸ਼ਕਲ ਨਹੀਂ ਹੋਵੇਗਾ ਕਿ ਬੰਗਾਲ ਵਿਚ ਪਏ ਇਸ ਭਿਆਨਕ ਕਾਲ ਦੇ ਪਿੱਛੇ ਕਿੰਨੀ ਅੰਤਾਂ ਦੀ ਗਰੀਬੀ ਕਿਸ ਹੱਦ ਤਕ ਡੂੰਘੀ ਚਲੀ ਗਈ ਸੀ। ਇਹ ਚੀਜ਼ਾਂ ਲੈ ਕੇ ਉਹ ਮੁਸਲਮਾਨ ਨੌਜਵਾਨ ਅਤੇ ਹੋਰ ਤਿੰਨ ਚਾਰ ਮੁਸਲਮਾਨ ਬਜ਼ੁਰਗ ਮੈਨੂੰ ਪਿੰਡੋਂ ਬਾਹਰ ਇਕ ਲੁਕਵੀਂ ਜਿਹੀ ਥਾਂ ਵਿਚ ਲੈ ਗਏ ਜਿਥੇ ਮੈਂ ਆਪਣਾ ਭੇਸ ਬਦਲਿਆ। ਉਨ੍ਹਾਂ ਮੁਸਲਮਾਨ ਬਜ਼ੁਰਗਾਂ ਨੇ ਮੈਨੂੰ ਵਿਦਾ ਕਰਦੇ ਹੋਏ ਘੁੱਟ ਕੇ ਜੱਫੀ ਵਿਚ ਲਿਆ ਕਿ ਪੁੱਤਰ ਇਸ ਸੰਕਟ ਪਿੱਛੋਂ ਤੂੰ ਸਾਨੂੰ ਆਪਣੀ ਹਾਲਤ ਬਾਰੇ ਚਿੱਠੀ ਜ਼ਰੂਰ ਲਿਖਣੀ ਤਾਂ ਜੋ ਸਾਨੂੰ ਪਤਾ ਲੱਗ ਜਾਵੇ ਕਿ ਤੇਰੇ ਉਤੇ ਕੀ ਬੀਤੀ ਹੈ। ਇਨ੍ਹਾਂ ਮੁਸਲਮਾਨ ਬਜ਼ੁਰਗਾਂ ਵਿਚ ਇਕ ਅਬਦੁੱਲਾ ਰਹਿਮਾਨ ਸੀ। ਉਨ੍ਹਾਂ ਨੇ ਇਕ ਛੋਟੇ ਜਿਹੇ ਕਾਗਜ਼ ਦੇ ਪੁਰਜ਼ੇ ਉਤੇ ਆਪਣਾ ਸਾਰਾ ਸਿਰਨਾਵਾਂ ਲਿਖਿਆ ਸੀ। ਪਰ ਮੈਂ ਉਨ੍ਹਾਂ ਨੂੰ ਚਿੱਠੀ ਨਾ ਲਿਖ ਸਕਿਆ। ਇਸ ਗੱਲ ਦਾ ਅਫਸੋਸ ਹੁਣ ਤਕ ਮੇਰੇ ਹਿਰਦੇ ਵਿਚ ਲੁਕਿਆ ਪਿਆ ਹੈ। ਅੱਜ ਕੱਲ ਜਦੋਂ ਹਿੰਦੂ-ਮੁਸਲਮਾਨ ਜਾਂ ਹਿੰਦੂ-ਸਿੱਖਾਂ ਵਿਚਕਾਰ ਨਫਰਤ ਦੀਆਂ ਖਬਰਾਂ ਸੁਣਦਾ ਹਾਂ ਤਾਂ ਮੇਰੇ ਮਨ ਵਿਚ ਇਕ ਹੂਕ ਪੈਦਾ ਹੁੰਦੀ ਹੈ ਕਿ ਕਿਥੇ ਗਿਆ ਉਹ ਸਮਾਂ ਜਦੋਂ ਉਨ੍ਹਾਂ ਮੁਸਲਮਾਨ ਬਜ਼ੁਰਗਾਂ ਦੇ ਮਨ ਵਿਚ ਇਕ ਕੌਮੀ ਅਤੇ ਮਨੁੱਖੀ ਪਿਆਰ ਦਾ ਸਮੁੰਦਰ ਠਾਠਾਂ ਮਾਰ ਰਿਹਾ ਸੀ ਅਤੇ ਜਿਸ ਵਿਚ ਉਨ੍ਹਾਂ ਦੇ ਮਨ ਵਿਚ ਇਕ ਪਲ ਵਿਚ ਇਹ ਖਿਆਲ ਪੈਦਾ ਨਹੀਂ ਸੀ ਕਿ ਉਹ ਕਿਸੇ ਹਿੰਦੂ ਜਾਂ ਸਿੱਖ ਦੀ ਸਹਾਇਤਾ ਕਰ ਰਹੇ ਸਨ ਅਤੇ ਨਾ ਹੀ ਮੇਰੇ ਮਨ ਵਿਚ ਇਹ ਖਿਆਲ ਪੈਦਾ ਹੋਇਆ ਸੀ ਕਿ ਮੈਂ ਆਪਣੇ ਆਪ ਨੂੰ ਮੁਸਲਮਾਨਾਂ ਦੇ ਸਪੁਰਦ ਕੀਤਾ ਹੈ।




## ਜਗਦੀਸ਼ ਸਿੰਘ ਨੋਟਰੀ ਪਬਲਿਕ

(ਬੀ. ਏ. ਐਲ. ਐਲ. ਬੀ. (ਪੰਜਾਬ ਯੂਨੀਵਰਸਿਟੀ) ਅਤੇ

## ਇਮੀਗਰੇਸ਼ਨ ਸਲਾਹਕਾਰ

ਜਿਨ੍ਹਾਂ ਦੇ ਦਫਤਰ ਵਿਚ ਨੋਟਰੀ ਪਬਲਿਕ ਦੇ ਆਮ ਕੰਮ ਕੀਤੇ ਜਾਂਦੇ ਹਨ ਜਿਵੇਂ ਕਿ:—

- ਘਰ ਜਾਂ ਜ਼ਮੀਨ ਖ੍ਰੀਦਣ, ਵੇਚਣ ਲਈ ਜਾਂ ਮੌਰਗੇਜ਼ ਲੈਣ, ਦੇਣ ਜਾਂ ਕੈਂਸਲ ਕਰਨੀ ਆਦਿ ਦੇ ਕਾਗਜ਼ਾਤ ਤਿਆਰ ਕਰਨੇ ਅਤੇ ਰਜਿਸਟਰੀ ਕਰਵਾਉਣੀ
- ਵਸੀਅਤ, ਮੁਖਤਿਆਰਨਾਮੇ, ਐਫੀਡੈਵਿਟ, ਡੈਕਲਾਰੇਸ਼ਨ, ਐਗਰੀਮੈਂਟ, ਬਾਹਰੋਂ ਆਏ ਰਿਸ਼ਤੇਦਾਰਾਂ ਲਈ "ਰਾਹਦਾਰੀ"
- ਪਾਸਪੋਰਟ ਨਾਂ ਦੀ ਤਬਦੀਲੀ

## ਅਤੇ ਇਮੀਗਰੇਸ਼ਨ

ਦੇ ਆਮ ਮਸਲੇ ਤੇ ਇਮੀਗਰੇਸ਼ਨ ਅਪੀਲ ਬੋਰਡ ਦੇ ਕੇਸ ਲੜਨ ਲਈ ਜਾਣਕਾਰੀ ਤੇ ਯੋਗ ਸਹਾਇਤਾ



ਜਗਦੀਸ਼ ਸਿੰਘ B.A.LL.B. (Pb.U.)
(ਸਾਬਕਾ ਐਡਵੋਕੇਟ ਪੰਜਾਬ ਹਾਈਕੋਰਟ)

#201 - 2001 East 36th Ave. [at victoria]
Vancouver. B.C. V5P 1C9

Off. 324-6727
Res. 324-4160





## TRAVEL SAVERS

| | |
|---|---|
| RENO BALLY GRAND — 2 NITES FROM $229 | 5 NITES FROM $299 |
| SAN FRANCISCO — AIR ONLY FROM $215 | AIR & 2 NITES HOTEL $269 |
| SAN JOSE — AIR ONLY FROM $179 | VEGAS — HACIENDA OCT. 31 4 NITES $289; AIR ONLY 7 NITES OCT 25 & 30 $229 |
| SAN DIEGO — AIR ONLY FROM $269 | DISNEYLAND — ANAHEIM HILTON 3 NITES FROM $299 & SHARING, SAVE $120 PER PERSON |
| HAWAII — AIR ONLY FROM $329 $569 7 NITES HOTEL & AIR | LOS ANGELES — AIR ONLY FROM $229 |
| FRANKFURT — AIR ONLY FROM $359 ONE WAY SEATTLE US $ | LONDON — AIR ONLY FROM $688 |
| AMSTERDAM — AIR ONLY FROM $250 ONE WAY SEATTLE US $ | |

Save on Special Fares

### X-Mass Special

Authorised Agent for:
Air Canada, Western, Wardair, Easter, P.W., C.P. Holidays for the major Air Lines

Special Fare To
India, Pakistan, Sri Lanka, Fiji
for the major City

• ALL AIRFARE PRICES ARE PER PERSON
• ALL HOTEL PACKAGES ARE BASED ON PER PERSON DOUBLE OCCUPANCY UNLESS OTHERWISE SPECIFIED
• ALL PRICES SUBJECT TO CHANGE

VISA MasterCard

IATA

SHARMA TRAVELS INC.
4275 Fraser St. (27th Ave.) Vancouver, B.C. V5V 4G1
(604) 877-1387 or 877-1388



## NORTH AMERICAN LIFE ASSURANCE COMPANY

NORTH AMERICAN LIFE



- Life Insurance
- Mortgage Insurance
- Children's educational Plans
- RRSP

Malkiat Mutti
representative
320, 815 West Hastings St.
Vancouver, B.C. V6C 2W1

Bus. 685-9335
Res. 522-7167



# ਫ਼ਿਲਮ-ਲੋਕ



## ਉੱਚਾ ਦਰ ਬਾਬੇ ਨਾਨਕ ਦਾ

ਮੌਸਮ ਵਿਚ ਜ਼ਰਾ ਕੁ ਤਬਦੀਲੀ ਆਉਣ ਦੇ ਨਾਲ, ਹਰ ਸਾਲ ਵਾਂਗ ਪੰਜਾਬੀ ਫਿਲਮਾਂ ਦੀ ਆਊਟਡੋਰ ਸ਼ੂਟਿੰਗ ਦਾ ਕੰਮ ਸ਼ੁਰੂ ਹੋ ਗਿਆ ਹੈ। ਨਿਰਦੇਸ਼ਕ ਕੇ. ਪੱਪੂ ਪੰਜਾਬੀ ਫਿਲਮ "ਉਚਾ ਦਰ ਬਾਬੇ ਨਾਨਕ ਦਾ" ਦੀ ਸ਼ੂਟਿੰਗ ਲਈ ਅੱਜ ਕੱਲ੍ਹ ਯੂਨਿਟ ਸਮੇਤ ਉਤਰਿਆ ਹੋਇਆ ਹੈ। ਕੁੱਲੂ, ਮਨਾਲੀ, ਮਨੀਕਰਣ ਖੇਤਰ ਵਿਚ ਕੁਝ ਦਿਨਾਂ ਦਾ ਕੰਮ ਨਿਪਟਾਉਣ ਉਪਰੰਤ ਰੋਪੜ ਬੋਟ ਕਲੱਬ ਵਿਚ ਪ੍ਰੀਤੀ ਸਪਰੂ ਅਤੇ ਸੰਧੂਰਾਜ ਉਪਰ ਗੀਤ ਫਿਲਮਾਇਆ ਗਿਆ। ਇਹ ਗੀਤ "ਛਣਕਾਟਾ ਵੰਗਾਂ ਦਾ" ਸ਼ਬੀਰ ਕੁਮਾਰ ਅਤੇ ਸਰਬਜੀਤ ਕੋਕੇਵਾਲੀ ਦੀਆਂ ਆਵਾਜ਼ਾਂ 'ਚ ਰਿਕਾਰਡ ਕੀਤਾ ਗਿਆ ਸੀ। ਰੋਪੜ ਤੋਂ ਬਾਅਦ 10 ਦਿਨ ਦੀ ਸ਼ੂਟਿੰਗ ਬੁਢਲਾਡਾ ਦੇ ਆਸਪਾਸ ਕੀਤੀ ਜਾ ਰਹੀ ਹੈ ਤੇ ਇਸ ਪਿੱਛੋਂ ਨੈਣੀਤਾਲ ਨੂੰ ਯੂਨਿਟ ਰਵਾਨਾ ਹੋਵੇਗਾ।

ਕੇ. ਪੱਪੂ ਨੇ ਦੱਸਿਆ ਕਿ ਫਿਲਮ ਦੀ ਕਹਾਣੀ ਵਿਸ਼ਵਾਸ 'ਤੇ ਆਧਾਰਤ ਹੈ। ਕੁਲਭੂਸ਼ਨ ਖਰਬੰਦਾ ਅਤੇ ਤਨੂਜਾ ਦੇ ਔਲਾਦ ਨਹੀਂ ਹੁੰਦੀ। ਉਹ ਸੁੱਖ ਸੁੱਖਦੇ ਹਨ ਤਾਂ ਉਨ੍ਹਾਂ ਦੇ ਘਰ ਦੋ ਪੁੱਤ ਹੋ ਜਾਂਦੇ ਹਨ। ਵੱਡਾ ਪੁੱਤ ਗੁਰਦਾਸ ਮਾਨ ਤੇ ਛੋਟਾ ਪੁੱਤ ਹੈ ਸੰਧੂਰਾਜ। ਅੱਗੇ ਜਾ ਕੇ ਇਹ ਛੋਟਾ ਪੁੱਤ ਜਦੋਂ ਸ਼ਹਿਰ ਵਿਚ ਕਾਲਜ ਪੜ੍ਹਨੇ ਪੈ ਜਾਂਦਾ ਹੈ ਤਾਂ ਉਥੇ ਗੁਰਬਚਨ ਤੇ ਸੁਰਿੰਦਰ ਛਿੰਦੇ ਹੋਰਾਂ ਨਾਲ ਉਹਦੀ ਖੜਕ ਪੈਂਦੀ ਹੈ।

ਮਲਟੀ-ਸਟਾਰ ਹਿੰਦੀ ਫਿਲਮ "ਮੁਹੱਬਤ ਕੀ ਕਸਮ" ਨਾਲ ਕੇ. ਪੱਪੂ ਦੀ ਡਾਇਰੈਕਸ਼ਨ ਦੀਆਂ ਧੁੰਮਾਂ ਪੈ ਗਈਆਂ ਹਨ। ਉਹਦੀ ਫਿਲਮ "ਮੇਰਾ ਮੁਕੱਦਰ" ਵੀ ਤੇਜ਼ੀ ਨਾਲ ਅੱਗੇ ਵਧ ਰਹੀ ਹੈ। "ਸਰਪੰਚ", "ਲੰਬੜਦਾਰਨੀ" ਦੇ ਸਮਿਆਂ 'ਚ ਕੇ. ਪੱਪੂ ਵਰਿੰਦਰ ਨਾਲ ਕੰਮ ਕਰਦਾ ਹੁੰਦਾ ਸੀ।

"ਜਿਗਰੀ ਯਾਰ" ਤੇ "ਨਿੰਮੋ" ਵੇਲੇ ਉਹ ਕਾਫੀ ਕੱਦ ਕੱਢ ਆਇਆ ਸੀ। "ਉਚਾ ਦਰ ਬਾਬੇ ਨਾਨਕ ਦਾ" ਤੋਂ ਇਲਾਵਾ ਕੇ. ਪੱਪੂ ਇਕ ਹੋਰ ਪੰਜਾਬੀ ਫਿਲਮ "ਜੱਟ ਪੰਜਾਬ ਦਾ" ਨੂੰ ਵੀ ਡਾਇਰੈਕਟ ਕਰੇਗਾ ਜਿਸ ਦੀ ਆਊਟਡੋਰ ਸ਼ੂਟਿੰਗ ਅਕਤੂਬਰ ਦੇ ਪਹਿਲੇ ਹਫਤੇ ਸ਼ੁਰੂ ਹੋ ਰਹੀ ਹੈ।

ਪ੍ਰੀਤੀ ਸਪਰੂ ਇਸ ਤੋਂ ਪਹਿਲਾਂ ਵੀ ਪੰਜਾਬੀ ਦਰਸ਼ਕਾਂ ਅੱਗੇ ਆਪਣੀ ਅਭਿਨੈ-ਕਲਾ ਦੇ ਜੌਹਰ ਵਿਖਾ ਚੁੱਕੀ ਹੈ। "ਨਿੰਮੋ" ਵਿਚਲੇ ਉਹਦੇ ਨਾਚਾਂ ਨੇ ਪੁਰਾਣੀ "ਭੰਗੜਾ" ਫਿਲਮ ਵਿਚਲੇ ਨਿਸ਼ੀ ਦੇ ਨਾਚਾਂ ਨੂੰ ਮੁੜ ਤਾਜ਼ਿਆਂ ਕਰ ਦਿੱਤਾ ਸੀ। "ਜਿਗਰੀ ਯਾਰ" ਵਿਚ ਵੀ ਪ੍ਰੀਤੀ ਸਪਰੂ ਨੂੰ ਲੋਕਾਂ ਨੇ ਸਲਾਹਿਆ ਸੀ। ਭਾਵੇਂ ਟਾਈਟਲ ਤੋਂ "ਉਚਾ ਦਰ ਬਾਬੇ ਨਾਨਕ ਦਾ" ਧਾਰਮਿਕ ਫਿਲਮ ਲਗਦੀ ਹੈ ਪਰ ਸਮੁੱਚੇ ਨਿਭਾਅ 'ਚ ਇਹ ਇਕ ਸਮਾਜਿਕ ਫਿਲਮ ਅਖਵਾਏਗੀ। ਫਿਲਮ ਦੀ ਕਾਸਟ ਵਿਚ ਪਹਿਲਾਂ ਸਤੀਸ਼ ਕੌਲ ਸ਼ਾਮਲ ਸੀ ਪਰ ਹੁਣ "ਆਊਟ" ਹੋ ਗਿਆ ਹੈ। ਫਿਲਮ ਦੀ ਕਹਾਣੀ ਕੇ. ਪੱਪੂ ਨੇ ਖੁਦ ਲਿਖੀ ਹੈ, ਉਂਜ ਫਿਕਰਿਆਂ ਦੀ ਹੇਰਫੇਰ 'ਚ ਅਮਰੀਕ ਗਿੱਲ ਉਹਦੇ ਨਾਲ ਹੱਥ ਵਟਾ ਰਿਹਾ ਹੈ।



ਪੰਜਾਬੀ ਫਿਲਮ "ਉਚਾ ਦਰ ਬਾਬੇ ਨਾਨਕ ਦਾ" ਦਾ ਡਾਇਰੈਕਟਰ ਕੇ. ਪੱਪੂ (ਖੱਬੇ), ਪ੍ਰੀਤੀ ਸਪਰੂ ਅਤੇ ਸੰਧੂਰਾਜ।

## ਇਕ ਸੀ ਵਿਮੀ

ਤੇਜ਼ੀ ਨਾਲ ਦੌੜਦੇ ਸਮੇਂ ਦੀ ਧੂੜ ਵਿਚ ਵਿਮੀ ਦਾ ਨਾਂ ਹੋਰ ਅਨੇਕਾਂ ਨਾਵਾਂ ਨਾਲ ਦਬ ਗਿਆ ਹੈ। ਫਿਲਮੀ ਅੰਬਰ 'ਤੇ ਵਿਮੀ ਨੇ ਕਿਸੇ ਸਮੇਂ ਆਤਿਸ਼ਬਾਜ਼ੀ ਵਾਂਗ ਰੰਗ-ਬਿਰੰਗੀ ਰੌਸ਼ਨੀ ਕੀਤੀ ਜਿਸ ਨਾਲ ਵੱਡੇ ਵੱਡੇ ਫਿਲਮੀ - ਪੈਗੰਬਰਾਂ ਦੀਆਂ ਅੱਖਾਂ ਚੁੰਧਿਆ ਗਈਆਂ, ਪਰ ਥੋੜ੍ਹੇ ਸਮੇਂ ਬਾਅਦ ਹੀ ਉਸ ਦਾ ਕੈਰੀਅਰ ਸੁਆਹ ਬਣ ਗਿਆ।

ਜਿਹੜੇ ਲੋਕਾਂ ਨੇ ਹਿੰਦੀ ਫਿਲਮ "ਹਮਰਾਜ਼" ਦੇਖੀ ਸੀ, ਉਹ ਸਾਰੇ ਵਿਮੀ ਦੀ ਗੱਲ ਕਰਦਿਆਂ ਜਾਂ ਵਿਮੀ ਬਾਰੇ ਗੱਲ ਸੁਣਦਿਆਂ ਇਕ ਲੰਮਾ ਹਾਉਕਾ ਲੈਂਦੇ ਨੇ ਤੇ ਫੇਰ ਅਕਸਰ ਇਹ ਕਹਿੰਦੇ ਨੇ, "ਸੁਣਿਐ, ਵਿਮੀ ਨੇ ਖੁਦਕਸ਼ੀ ਕਰ ਲਈ ਸੀ, ਵਿਚਾਰੀ ਬੜੀ ਪਿਆਰੀ ਕਲਾਕਾਰ ਸੀ...।"

ਵਿਮੀ ਨੂੰ ਫਿਲਮਾਂ ਵਿਚ ਲਿਆਉਣ ਵਾਲਾ ਸ਼ਖਸ ਬੀ. ਆਰ. ਚੋਪੜਾ ਸੀ। ਚੋਪੜਾ ਦੀ ਵਿਮੀ ਨਾਲ ਪਹਿਲੀ ਮੁਲਾਕਾਤ ਸੰਗੀਤਕਾਰ ਰਵੀ ਦੇ ਲੜਕੇ ਦੇ ਜਨਮ ਦਿਨ 'ਤੇ ਮਨਾਏ ਇਕ ਵਿਸ਼ਾਲ ਸਮਾਰੋਹ 'ਚ ਹੋਈ ਸੀ। ਚੋਪੜਾ ਦੀ ਘੋਖਵੀਂ ਨਜ਼ਰ ਜਦੋਂ ਵਿਮੀ 'ਤੇ ਪਈ ਤਾਂ ਅਟਕ ਗਈ।

ਫੇਰ ਜਿਸ ਪਾਸੇ ਵੀ ਵਿਮੀ ਜਾਂਦੀ, ਚੋਪੜਾ ਦੀ ਨਜ਼ਰ ਉਹਦਾ ਪਿੱਛਾ ਕਰਦੀ। ਅਖੀਰ, ਚੋਪੜਾ ਨੇ ਦਿਲ ਦੀ ਗੱਲ ਵਿਮੀ ਨੂੰ ਕਹਿ ਸੁਣਾਈ ਕਿ ਉਹ ਉਸ ਦੀ ਸੁੰਦਰਤਾ ਤੇ ਚਾਲ-ਢਾਲ ਤੋਂ ਇਕ ਦਮ ਪ੍ਰਭਾਵਤ ਹੈ ਅਤੇ ਫਿਲਮ 'ਚ ਲੈਣਾ ਚਾਹੁੰਦਾ ਹੈ। ਵਿਮੀ ਸੋਚੀਂ ਪੈ ਗਈ। ਉਸ ਨੇ "ਹਾਂ" ਵੀ ਨਾ ਕੀਤੀ, "ਨਾਂਹ" ਵੀ ਨਾ ਕਹੀ।

ਕੁਝ ਦਿਨ ਮਨ ਨਾਲ ਘੁਲਦੀ ਰਹੀ। ਉਹਦੇ ਘਰ ਦੇ ਬਹੁਤ ਸਰਦੇ - ਪੁਜਦੇ ਸਨ ਤੇ ਨਹੀਂ ਸਨ ਚਾਹੁੰਦੇ ਕਿ ਧੀ "ਐਹੋ ਜਿਹੇ" ਫੀਲਡ ਵਿਚ ਜਾਵੇ।

ਆਖਰ, ਵਿਮੀ ਨੇ ਘਰਦਿਆਂ ਦੀ ਇੱਛਾ ਦੇ ਉਲਟ ਫਿਲਮਾਂ 'ਚ ਜਾਣ ਦਾ ਫੈਸਲਾ ਕਰ ਲਿਆ ਤੇ ਚੋਪੜਾ ਨੂੰ "ਹਾਂ" ਕਰ ਦਿੱਤੀ। ਪਹਿਲੀ ਹੀ ਫਿਲਮ (ਹਮਰਾਜ਼) ਵਿਚ ਵਿਮੀ ਨੂੰ ਸਤਿਕਾਰਤ ਤੇ ਸਥਾਪਤ ਐਕਟਰਾਂ ਰਾਜ ਕੁਮਾਰ, ਸੁਨੀਲ ਦੱਤ, ਬਲਰਾਜ ਸਾਹਨੀ ਨਾਲ ਕੰਮ ਕਰਨ ਦਾ ਮੌਕਾ ਮਿਲਿਆ। ਫਿਲਮ ਦੀ ਰਿਕਾਰਡ-ਤੋੜ ਸਫਲਤਾ ਨੇ ਵਿਮੀ ਨੂੰ ਪਹਿਲੀ ਕਤਾਰ ਦੀਆਂ ਅਭਿਨੇਤਰੀਆਂ 'ਚ ਲਿਆ ਖੜ੍ਹਾਇਆ।

ਪਰ ਸਮੇਂ ਦੀ "ਨਜ਼ਾਕਤ" ਦੇਖੋ ਕਿ ਵਿਮੀ ਦੀ ਸ਼ਾਦੀ ਇਕ ਵੱਡੇ ਸਨਅਤਕਾਰ ਨਾਲ ਹੋ ਗਈ ਜਿਸ ਨੇ ਵਿਮੀ ਦੇ ਫਿਲਮੀ ਕੈਰੀਅਰ ਦੀ ਵਾਗਡੋਰ ਆਪਣੇ ਅਨਜਾਣ ਹੱਥਾਂ 'ਚ ਲੈ ਲਈ। ਬਿਨਾਂ ਆਸਾ-ਪਾਸਾ ਦੇਖਿਆਂ ਤੇ ਸੋਚਿਆਂ - ਸਮਝਿਆਂ ਵਿਮੀ ਨੇ ਕੁਝ ਫਿਲਮਾਂ ਸਾਈਨ ਕੀਤੀਆਂ ਜੋ ਇਕ ਇਕ ਕਰਕੇ ਫਲਾਪ ਹੁੰਦੀਆਂ ਗਈਆਂ।

ਇਉਂ ਵਿਮੀ ਛੇਤੀ ਹੀ ਫਿਲਮੀ ਦੁਨੀਆਂ 'ਚ ਫਿੱਕੀ ਪੈ ਗਈ। ਇਸ ਦੇ ਨਾਲ ਹੀ ਪਤੀ ਨੂੰ ਉਹ ਚੰਗੀ ਲੱਗਣੋਂ ਹਟ ਗਈ। ਉਨ੍ਹਾਂ ਦੇ ਵਿਚਕਾਰ ਦਰਾਰ ਪੈਦਾ ਹੋ ਗਈ ਜੋ ਵਧਦੀ ਹੀ ਗਈ ਤੇ ਇਕ ਦਿਨ ਐਸਾ ਆਇਆ ਕਿ ਉਹ ਦੂਰ ਦੂਰ ਜਾ ਖੜ੍ਹੇ।

ਪਰ ਵਿਮੀ ਦੀ ਹੋਣੀ ਉਸ ਨੂੰ ਧੱਕ ਕੇ ਅਗਾਂਹ ਲੈ ਗਈ ਤੇ ਇਕ ਦਿਨ ਸਾਰੇ ਸੁੰਨ ਹੋ ਗਏ ਜਦੋਂ ਪਤਾ ਲਗਾ ਕਿ ਵਿਮੀ ਸਦਾ ਦੀ ਨੀਂਦੇ ਸੌਂ ਗਈ...।



ਅਭਿਨੇਤਰੀ ਵਿਮੀ, ਜਿਸ ਦੇ ਹੁਸਨ ਦੀ ਤਾਰੀਫ ਲਈ ਵਿਸ਼ੇਸ਼ਣ ਮੁੱਕ ਜਾਂਦੇ ਸਨ।


# MINT AUTO BODY LTD.

5590 Lane Street, Burnaby, B.C. V5H 2H5

- Complete Professional Auto Body Repairs and Refinishing on all makes and models
- I.C.B.C. claims handled promptly
- Complete framework
- UNI - BODY repairs
- All work conditionally guaranteed
- Free estimates
- Courtesy cars



ਕਾਰਾਂ, ਵੈਨਾਂ ਅਤੇ ਪਿਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਉ

For further information call:

**Phone: 433-1207** Bhupinder(Bob) Sihota

ਸਰੀ-ਡੈਲਟਾ ਦੀ ਪੰਜਾਬੀ ਮਾਰਕਿਟ ਵਿਚ ਸਰਤਾਜ ਕੱਪੜਿਆਂ ਦਾ ਸਟੋਰ

# ਜੈਸੀ ਫੈਬਰਿਕਸ

ਜੈਸੀ ਫੈਬਰਿਕਸ 'ਤੇ ਇੰਡੀਆ ਤੋਂ ਨਵੇਂ ਨਵੇਂ ਡੀਜ਼ਾਈਨਾਂ ਵਿਚ ਕਢਾਈ ਵਾਲੇ ਸੂਟ, ਦੁਪੱਟਿਆਂ ਦੀ ਵੱਡੀ ਸ਼ਿਪਮੈਂਟ ਪਹੁੰਚ ਗਈ ਹੈ ਜੋ ਕਾਫੀ ਵੱਡੀ ਸਲੈਕਸ਼ਨ ਵਿਚ ਹਨ



ਜਾਪਾਨ ਤੋਂ ਵੀ ਕਾਫੀ ਵੱਡੀ ਮਿਕਦਾਰ ਵਿਚ ਕੱਪੜਾ ਪਹੁੰਚ ਗਿਆ ਹੈ, ਜਿਸ ਵਿਚ ਤੁਹਾਨੂੰ ਕਰੇਪ-ਡਸ਼ੀਨ ਵਿਚ ਪ੍ਰਿੰਟਿਡ ਤੇ ਸਿਲਕ ਪ੍ਰਿੰਟ ਦੇ ਸੂਟ ਵੱਖਰੇ ਵੱਖਰੇ ਤੁਹਾਡੀ ਮਨਪਸੰਦ ਦੇ ਰੰਗਾਂ ਵਿਚ ਮਿਲ ਸਕਦੇ ਹਨ।

**ਵਧੀਆ ਕੁਆਲਿਟੀ ਵਾਜਬ ਕੀਮਤਾਂ ਤੇ ਵੱਡੀ ਸਲੈਕਸ਼ਨ ਲਈ ਜ਼ਰੂਰ ਜੈਸੀ ਫੈਬਰਿਕਸ ਸਟੋਰ ਵਿਚ ਆ ਕੇ ਦੇਖੋ !**



# JESSIE FABRICS

9329, 120th. ST. (Scott Rd.) DELTA-SURREY, B.C.

**PH. (604) 585-3656**



## ਸਰੀ ਵਿਚ ਤੁਹਾਡੀ ਕਮਿਉਨਿਟੀ ਦਾ ਸਭ ਤੋਂ ਮਸ਼ਹੂਰ ਸਟੋਰ
## ਗਿੱਲ-ਫੋਰਡ-ਫਰਨੀਚਰ




ਕ ਡ ਕਢ ਸੇਲ ਵਿਚ
ਬਾਕੀਆਂ ਨਾਲੋਂ ਪਹਿਲਾਂ ਆਓ!

# ਲਓ ਜੀ! ਸ਼ੁਰੂ ਹੋ ਗਈ ਗਿਲਫੋਰਡ ਫਰਨੀਚਰ ਦੀ ਨਵੀਂ

# ਕੰਡੇ ਕੱਢ ਸੇਲ!

ਜੋ ਕਿ ਲੱਗ ਗਈ ਹੈ, ਜਿਸ ਵਿਚ ਹਰ ਤਰ੍ਹਾਂ ਦੇ ਫਰਨੀਚਰ ਦੀਆਂ ਕੀਮਤਾਂ ਦੇ ਕੰਡੇ ਕੱਢ ਦਿਤੇ ਜਾਣਗੇ। ਬੀ. ਸੀ. ਦੇ ਕੋਨੇ ਕੋਨੇ ਵਿਚ ਫਰਨੀਚਰ ਡਲਿਵਰ ਕੀਤਾ ਜਾਵੇਗਾ।



## ਕੰਡੇ ਕੱਢ ਸੇਲ ਵਿਚ

ਡੇਕੋਰੈਸਟ ਦੇ ਸੋਫਾ ਸੈਟਾਂ ਦੀਆਂ ਗੱਡੀਆਂ ਲੱਦ ਕੇ ਪਹੁੰਚ ਗਈਆਂ ਹਨ। ਹਰ ਇਕ ਤਰ੍ਹਾਂ ਦੇ ਫਰਨੀਚਰ ਦੇ ਨਾਲ ਨਾਲ ਡੇਕੋਰੈਸਟ ਦੇ ਸੋਫਾ ਸੈਟ ਦੀਆਂ ਕੀਮਤਾਂ ਵਾਲੇ ਕੰਡੇ ਕੱਢ ਦਿਤੇ ਜਾਣਗੇ।

**Something New!**
Ask About Our GILLFORD FURNITUREMART CREDIT CARD SERVICE APPLY TODAY.

# GILL-FORD FURNITUREMART

"Better Quality Furnishing at Discount Prices"

13442 - 108th Avenue, Surrey

VISA MasterCard

Financing Available O.A.C.

HOURS: Mon.-Fri. 10-9. Sat. Sun. & Holidays 10-6.

**588-4461**